ਪੁਲਾੜ ਯਾਤਰੀਆਂ ਦੀ ਵਾਪਸੀ ਬਹੁਤ ਸਾਰੇ ਲੋਕਾਂ ਵਿੱਚ ਉਤਸ਼ਾਹ ਲੈ ਕੇ ਆਈ ਹੈ, ਅਤੇ ਇਹ ਮਿਸ਼ਨ



ਚੀਨ ਦੇ ਪੁਲਾੜ ਕਾਰਜਾਂ ਲਈ ਇੱਕ ਨਵਾਂ ਮੌਕਾ ਪ੍ਰਦਾਨ ਕੀਤਾ ਹੈ। ਉਹਨਾਂ ਦੇ ਉਤਸ਼ਾਹ ਅਤੇ ਸਫਲਤਾ ਨੇ ਨਵੀਆਂ ਉਮੀਦਾਂ ਨੂੰ ਵੀ ਜਨਮ ਦਿੱਤਾ ਹੈ।

ਧਰਤੀ 'ਤੇ ਵਾਪਸੀ ਦੇ ਬਾਅਦ, ਪੁਲਾੜ ਯਾਤਰੀਆਂ ਨੂੰ ਚੀਨੀ ਪੁਲਾੜ ਏਜੰਸੀ ਦੇ ਪ੍ਰਬੰਧਕਾਂ ਵੱਲੋਂ ਸੰਬੋਧਿਤ ਕੀਤਾ ਗਿਆ ਅਤੇ ਉਨ੍ਹਾਂ ਦੇ ਸੰਵੇਦਨਾਵਾਂ ਨੂੰ ਸਹਾਰਾ ਦਿੱਤਾ ਗਿਆ। ਇਸ ਮਿਸ਼ਨ ਦੀ ਸਫਲਤਾ ਨੇ ਪੂਰੀ ਦੁਨੀਆ ਵਿੱਚ ਚੀਨ ਦੇ ਪੁਲਾੜ ਵਿਗਿਆਨ ਵਿੱਚ ਮਜ਼ਬੂਤੀ ਦਾ ਪ੍ਰਤੀਕ ਬਣਾਇਆ ਹੈ।

ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਇਹ ਮਿਸ਼ਨ ਅੱਗੇ ਆਉਣ ਵਾਲੇ ਸਮੇਂ ਵਿੱਚ ਹੋਰ ਮਿਸ਼ਨਾਂ ਦਾ ਆਸਰਾ ਬਣੇਗਾ ਅਤੇ ਪੁਲਾੜ ਯਾਤਰੀਆਂ ਦੀਆਂ ਸਫਲਤਾਵਾਂ ਨੂੰ ਲਗਾਤਾਰ ਅੱਗੇ ਵਧਾਇਆ ਜਾਵੇਗਾ।

Diamond
Sweets & Restaurant
3 LOCATIONS
» SURREY
#102-15933 Fraser Hwy, Surrey, BC
604-593-5566
» LANGLEY
#102-7228 192 St. Langley, BC
604-372-4949
» DELTA
#160-8047 120St. Delta, BC
604-5917277
Specialised in all kinds of Indian Sweets & Foods
We do Catering for all Occasions
Open 7 days a Week
10:00am to 10:00pm


ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ

REPAIR & SERVICES
ਸੰਪਰਕ ਕਰੋ
604-773-7258 (ਸਰੀ)

### ਸਿੱਖ ਨਸਲਕੁਸ਼ੀ ਦੇ 40ਵੇਂ ਵਰ੍ਹੇ 'ਤੇ ਵਿਸ਼ੇਸ਼

# ਸਿੱਖ ਕੌਮ ਵੱਲੋਂ ਨਸਲਕੁਸ਼ੀ-1984 ਖਿਲਾਫ਼ ਖ਼ੂਨਦਾਨ ਦਾ 26 ਸਾਲਾਂ ਦਾ ਸਫ਼ਰ

ਲੇਖਕ : ਡਾ. ਗੁਰਵਿੰਦਰ ਸਿੰਘ
ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ.)
ਐਬਸਫੋਰਡ, ਕੈਨੇਡਾ।




ਸਿੱਖ ਨਸਲਕੁਸ਼ੀ 1984 ਦੇ ਦੁਖਾਂਤ ਨੂੰ ਯਾਦ ਕਰਦਿਆਂ ਕੈਨੇਡਾ ਵਿਚ ਸਿੱਖਾਂ ਵੱਲੋਂ ਖ਼ੂਨਦਾਨ ਲਹਿਰ ਰਾਹੀਂ ਇਤਿਹਾਸਕ ਸੇਵਾ 26ਵੇਂ ਵਰ੍ਹੇ ਦੀਆਂ ਬਰੂਹਾਂ 'ਤੇ ਪਹੁੰਚ ਚੁੱਕੀ ਹੈ। ਅੱਜ ਬੇਹੱਦ ਫਖ਼ਰ ਵਾਲੀ ਗੱਲ ਹੈ ਕਿ ਕੈਨੇਡਾ ਦੇ ਕੋਨੇ-ਕੋਨੇ 'ਚ ਇਨੀਂ-ਦਿਨੀਂ ਮਾਨਵਵਾਦ ਨੂੰ ਸਮਰਪਿਤ ਮਹਾਨ ਮੁਹਿੰਮ 'ਸਿੱਖ ਕੌਮ ਵੱਲੋਂ ਖ਼ੂਨਦਾਨ' ਜ਼ੋਰਾਂ 'ਤੇ ਹੈ। ਦੇਸ਼ ਦੇ ਹਰੇਕ ਵੱਡੇ ਸ਼ਹਿਰ 'ਚ ਸੈਂਕੜੇ ਸਿੱਖ ਇਸਤਰੀਆਂ ਅਤੇ ਆਦਮੀ ਖ਼ੂਨਦਾਨ ਕਰਕੇ ਲੋਕਾਂ ਦੀਆਂ ਜਾਨਾਂ ਬਚਾ ਰਹੇ ਹਨ। ਇਸ ਮੁਹਿੰਮ ਨਾਲ ਕੈਨੇਡਾ ਦੀ ਧਰਤੀ 'ਤੇ ਹੁਣ ਤੱਕ ਖ਼ੂਨਦਾਨ ਰਾਹੀਂ 2 ਲੱਖ ਤੋਂ ਵੱਧ ਜਾਨਾਂ ਬਚਾਈਆਂ ਜਾ ਚੁੱਕੀਆਂ ਹਨ! ਕੈਨੇਡੀਅਨ ਬਲੱਡ ਸਰਵਿਸਜ਼ ਵਲੋਂ ਇਸ ਕਾਰਜ ਨੂੰ 'ਦੇਸ਼ 'ਚ ਸਭ ਤੋਂ ਵੱਡੀ ਖ਼ੂਨਦਾਨ ਲਹਿਰ' ਕਰਾਰ ਦਿੰਦਿਆਂ ਸਨਮਾਨਿਤ ਕੀਤਾ ਗਿਆ ਹੈ। ਦਰਅਸਲ ਕੈਨੇਡਾ ਭਰ 'ਚ ਇਹ ਉਪਰਾਲਾ 1999 'ਚ ਅਰੰਭ ਹੋਇਆ ਸੀ ਅਤੇ 31 ਅਕਤੂਬਰ 202 ਤੱਕ, 2 ਲੱਖ ਤੋਂ ਵੱਧ ਜਾਨਾਂ ਸਿੱਖ ਕੌਮ ਵਲੋਂ ਕੀਤੇ ਖ਼ੂਨਦਾਨ ਰਾਹੀਂ ਬਚਾਈਆਂ ਜਾ ਚੁੱਕੀਆਂ ਹਨ। ਵੈਨਕੂਵਰ, ਟਰਾਂਟੋ, ਮਾਂਟਰੀਅਲ, ਐਡਮਿੰਟਨ, ਕੈਲਗਰੀ, ਵਿਨੀਪੈੱਗ, ਸਰੀ, ਐਬਸਫੋਰਡ, ਕਲੋਨਾ, ਕੈਮਲੂਪਸ, ਵਿਲੀਅਮਸ ਲੇਕ, ਸਸਕੈਚਵਿਨ, ਵਿਕਟੋਰੀਆ ਅਤੇ ਕੈਨੇਡਾ ਦੀ ਰਾਜਧਾਨੀ ਔਟਵਾ ਤੱਕ ਇਸ ਲਹਿਰ 'ਚ ਲੋਕਾਂ ਨੇ ਬੇਮਿਸਾਲ ਉਤਸ਼ਾਹ ਵਿਖਾਇਆ ਹੈ।

ਸੰਸਾਰ ਪੱਧਰ 'ਤੇ ਕੌਮੀ ਅਕਸ ਮਹਾਨ ਰੂਪ 'ਚ ਉਜਾਗਰ ਕਰਨ ਲਈ ਜਿਥੇ ਇਹ ਉਪਰਾਲਾ ਇਤਿਹਾਸਕ ਹੈ, ਉਥੇ 40 ਸਾਲ ਪਹਿਲਾਂ ਹੋਈ ਸਿੱਖ ਨਸਲਕੁਸ਼ੀ ਦੀ ਪੀੜਾ ਨੂੰ ਵੀ ਸੰਸਾਰ ਸਾਹਮਣੇ ਰੱਖਣ ਦਾ ਬਿਹਤਰੀਨ ਤਰੀਕਾ ਹੈ। ਖ਼ੂਨ ਡੋਲ੍ਹ ਕੇ ਅਤੇ ਜਾਨਾਂ ਲੈ ਕੇ ਜ਼ੁਲਮ ਕਰਨ ਵਾਲਿਆਂ ਦੀ ਕੋਹਝੀ ਅਸਲੀਅਤ ਦੁਨੀਆ ਅੱਗੇ ਰੱਖਣ ਦਾ ਇਸ ਤੋਂ ਬਿਹਤਰੀਨ ਢੰਗ ਕੀ ਹੋ ਸਕਦਾ ਹੈ ਕਿ ਨਸਲਕੁਸ਼ੀ ਦੀ ਪੀੜ੍ਹਤ ਸਿੱਖ ਕੌਮ ਨਾਲ ਸਬੰਧਤ ਲੋਕ, ਅੱਜ ਵੀ ਜਦੋ-ਜਹਿਦ ਕਰਦੇ ਖ਼ੂਨਦਾਨ ਦੇ ਕੇ ਲੱਖਾਂ ਜਾਨਾਂ ਬਚਾ ਰਹੇ ਹਨ।

ਬ੍ਰਿਟਿਸ਼ ਕੋਲੰਬੀਆ ਸਰਕਾਰ ਵੱਲੋਂ ਦੌਰਾਨ 'ਨਵੰਬਰ ਮਹੀਨੇ ਨੂੰ ਸਿੱਖ ਖ਼ੂਨਦਾਨ ਲਹਿਰ' ਵਜੋਂ ਮਾਨਤਾ ਦਿੱਤੀ ਗਈ, ਜੋ ਕਿ ਇਤਿਹਾਸਕ ਕਾਰਜ ਹੈ, ਪਰ ਅਫਸੋਸ ਦੀ ਗੱਲ ਹੈ ਕਿ ਇੰਡੀਅਨ ਸਟੇਟ ਦੇ ਪ੍ਰਭਾਵ ਕਾਰਨ ਇੱਥੇ ਇਸ ਗੱਲ ਦੀ ਘਾਟ ਜ਼ਰੂਰ ਮਹਿਸੂਸ ਹੋਈ ਹੈ ਕਿ ਇਸ ਖ਼ੂਨਦਾਨ ਮੁਹਿੰਮ ਦਾ ਅਸਲ ਕਾਰਨ, ਜੋ ਕਿ ਸਿੱਖ ਨਸਲਕੁਸ਼ੀ ਦਾ ਦੁਖਾਂਤ ਹੈ, ਉਸ ਬਾਰੇ ਸਰਕਾਰੀ ਐਲਾਨਨਾਮੇ 'ਚ ਖਾਮੋਸ਼ੀ ਹੈ। ਇਹ ਸਿੱਖ ਨਸਲਕੁਸ਼ੀ ਦੀ ਪੀੜ੍ਹਤ ਸਮੁੱਚੀ ਸਿੱਖ ਕੌਮ ਲਈ ਰੜਕਦਾ ਹੈ। ਨਵੰਬਰ ਚੌਰਾਸੀ ਦੇ ਸਿੱਖ ਕਤਲੇਆਮ ਦੇ ਦੁਖਾਂਤ ਨੂੰ ਸੰਸਾਰ ਸਾਹਮਣੇ ਉਜਾਗਰ ਕਰਨ ਲਈ ਹੀ ਸਿੱਖ ਕੌਮ ਵੱਲੋਂ ਖ਼ੂਨਦਾਨ ਮੁਹਿੰਮ ਸ਼ੁਰੂ ਕੀਤੀ ਗਈ ਸੀ ਅਤੇ ਇਸੇ ਕਰਕੇ ਹੀ ਲੱਖਾਂ ਜਾਨਾਂ ਬਚਾਈਆਂ ਗਈਆਂ ਹਨ।

ਕੈਨੇਡੀਅਨ ਲੋਕ ਜਦੋਂ ਦੇਸ਼ 'ਚ ਥਾਂ-ਥਾਂ 'ਤੇ ਲੱਗੇ ਖ਼ੂਨਦਾਨ ਕੈਂਪਾਂ 'ਚ ਸਿੱਖਾਂ ਦੇ ਵਲੰਟੀਅਰ ਪਰਿਵਾਰਾਂ, ਯੂਨੀਵਰਸਿਟੀ 'ਚ ਪੜ੍ਹਦੇ ਨੌਜਵਾਨ ਲੜਕੇ-ਲੜਕੀਆਂ ਅਤੇ ਬੁੱਧੀਜੀਵੀਆਂ ਤੋਂ ਏਨੇ ਵੱਡੇ ਹੁੰਗਾਰੇ ਦਾ ਕਾਰਨ ਪੁਛਦੇ ਹਨ, ਤਾਂ ਸਭ ਨੂੰ ਇੱਕੋ ਹੀ ਜਵਾਬ ਮਿਲਦਾ ਹੈ ਕਿ 'ਸਰਬੱਤ ਦਾ ਭਲਾ' ਮੰਗਣ ਵਾਲੀ ਕੌਮ ਖ਼ੂਨ ਲੈਣ 'ਚ ਨਹੀਂ, ਖ਼ੂਨ ਦੇਣ 'ਚ ਵਿਸ਼ਵਾਸ ਰੱਖਦੀ ਹੈ। ਇਸ ਲਹਿਰ ਨੇ ਕੈਨੇਡਾ ਭਰ ਦੇ ਮੀਡੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ, ਜਿਸ ਦੌਰਾਨ ਸਿੱਖਾਂ ਨੇ ਵੱਡੀ ਗਿਣਤੀ 'ਚ ਖ਼ੂਨਦਾਨ ਕਰਦਿਆਂ ਨਾ ਸਿਰਫ਼ ਜਾਨਾਂ ਹੀ ਬਚਾਈਆਂ ਹਨ, ਸਗੋਂ ਭਾਈ ਘਨ੍ਹਈਆ ਅਤੇ ਭਗਤ ਪੂਰਨ ਸਿੰਘ ਦੇ ਮਾਨਵੀ ਸੇਵਾ ਦੇ ਸੁਨੇਹੇ ਨੂੰ ਹੋਰਨਾਂ ਕੌਮਾਂ ਤੱਕ ਵੀ ਪਹੁੰਚਾਇਆ ਹੈ।

ਅਜਿਹੀਆਂ ਅਨੇਕਾਂ ਮਿਸਾਲਾਂ ਹਨ, ਜਿਨ੍ਹਾਂ ਦੌਰਾਨ ਜਿੱਥੇ ਵੀ ਮਨੁੱਖਤਾ ਨੂੰ ਖ਼ੂਨ ਦੀ ਲੋੜ ਪਈ, ਤਾਂ ਸਿੱਖ ਕੌਮ ਨੇ ਸਭ ਤੋਂ ਅੱਗੇ ਹੋ ਕੇ ਹੱਦਾਂ-ਸਰਹੱਦਾਂ, ਰੰਗ-ਨਸਲ, ਜਾਤ- ਫ਼ਿਰਕੇ ਨੂੰ ਇਕ ਪਾਸੇ ਰੱਖਦਿਆਂ ਖ਼ੂਨਦਾਨ ਦੀ ਲਹਿਰ ਚਲਾਉਂਦਿਆਂ ਹੋਇਆਂ ਅਣਗਿਣਤ ਜਾਨਾਂ ਬਚਾਈਆਂ। ਕੈਨੇਡਾ ਦੇ ਕਈ ਹਾਈਵੇਅ ਅਤੇ ਰਾਸ਼ਟਰੀ ਮਾਰਗਾਂ 'ਤੇ ਨਵੰਬਰ ਮਹੀਨੇ ਖ਼ੂਨਦਾਨ ਕਰਕੇ ਜਾਨਾਂ ਬਚਾਉਣ ਦਾ ਸੁਨੇਹਾ ਦੇਣ ਦੀ ਪਿਰਤ ਕਾਫ਼ੀ ਸਮੇਂ ਤੋਂ ਜਾਰੀ ਹੈ। ਇਸ ਉਪਰਾਲੇ ਦਾ ਜ਼ਿਕਰ ਕੈਨੇਡਾ ਦੀ ਪਾਰਲੀਮੈਂਟ ਤੋਂ ਲੈ ਕੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਤੱਕ, ਮਨੁੱਖੀ ਹੱਕਾਂ ਨਾਲ ਜੁੜੇ ਲੋਕਾਂ ਦੇ ਪ੍ਰਤੀਨਿਧ ਅਕਸਰ ਕਰਦੇ ਹਨ।

ਅੱਜ ਇਹ ਅਤਕਥਨੀ ਨਹੀਂ ਕਿ ਕੈਨੇਡਾ ਤੋਂ ਅਰੰਭ ਹੋਏ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਸੰਤਾਪ ਨੂੰ ਕੌਮਾਂਤਰੀ ਮੰਚ ਤੇ ਮਹਾਂ-ਦੁਖਾਂਤ ਦੇ ਰੂਪ ਵਿੱਚ ਪੇਸ਼ ਕਰਨ ਵਾਲੀ ਖ਼ੂਨਦਾਨ ਲਹਿਰ ਅਸਟ੍ਰੇਲੀਆ, ਅਮਰੀਕਾ, ਫਰਾਂਸ, ਇੰਗਲੈਂਡ ਅਤੇ ਦੁਨੀਆ ਦੇ ਕਰੀਬ 122 ਦੇਸ਼ਾਂ 'ਚ ਫੈਲ ਚੁੱਕੀ ਹੈ। ਉਹ ਦਿਨ ਦੂਰ ਨਹੀਂ ਜਦੋਂ ਯੂਨਾਇਟਡ ਨੇਸ਼ਨ 'ਚ ਮਨੁੱਖੀ ਅਧਿਕਾਰਾਂ ਲਈ ਸਮਰਪਿਤ ਕਾਰਜਾਂ ਦੀ ਸੂਚੀ 'ਚ ਸਿੱਖ ਕੌਮ ਦੀ ਖ਼ੂਨਦਾਨ ਲਹਿਰ ਦਾ ਜ਼ਿਕਰਯੋਗ ਥਾਂ ਹੋਵੇਗਾ। ਸਯੁੰਕਤ ਰਾਸ਼ਟਰ 'ਚ ਜਦੋਂ ਕਿਤੇ ਮਾਨਵਵਾਦੀ ਸੇਵਾ ਦੇ ਮਹਾਨ ਕਾਰਜ ਦੀ ਗੱਲ ਤੁਰੇਗੀ, ਉਦੋਂ ਹੀ ਨਵੰਬਰ ਉਨੀ ਸੌ ਚੁਰਾਸੀ ਵਿੱਚ ਭਾਰਤ ਅੰਦਰ ਹਜ਼ਾਰਾਂ ਬੇਕਸੂਰ ਸਿੱਖਾਂ ਦੇ ਲਹੂ ਡੋਲਣ ਵਾਲਿਆਂ ਨੂੰ ਲਾਹਣਤਾਂ ਵੀ ਪਾਈਆਂ ਜਾਣਗੀਆਂ ਅਤੇ 40 ਸਾਲਾਂ ਮਗਰੋਂ ਵੀ ਕਾਤਲਾਂ ਨੂੰ ਸਜ਼ਾਵਾਂ ਨਾ ਦੇਣ ਲਈ ਭਾਰਤ ਦੀਆਂ ਹੁਣ ਤੱਕ ਦੀਆਂ ਸਰਕਾਰਾਂ ਨੂੰ ਸ਼ਰਮਸਾਰ ਹੋਣਾ ਪਵੇਗਾ। ਸਿਤਮਜ਼ਰੀਫੀ ਦੀ ਇਸ ਤੋਂ ਵੱਡੀ ਮਿਸਾਲ ਕੀ ਹੋਵੇਗੀ ਕਿ ਹਜ਼ਾਰਾਂ ਬੇਕਸੂਰ ਸਿੱਖਾਂ ਦੇ ਕਤਲੇਆਮ ਦੀ ਕਾਂਗਰਸ ਆਗੂ ਤੇ ਦੇਸ਼ ਦਾ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੱਡੇ ਦਰਖਤ ਦੇ ਡਿਗਣ 'ਤੇ ਧਰਤੀ ਕੰਬਣ ਨਾਲ ਤੁਲਣਾ ਕਰ ਰਿਹਾ ਹੋਵੇ।

ਦੂਜੇ ਪਾਸੇ ਦੇਸ਼ ਦੀ ਫਿਰਕੂ ਜਥੇਬੰਦੀ ਆਰਐਸਐਸ ਦਾ ਵੱਡਾ ਆਗੂ ਨਾਨਾ ਜੀ ਦੇਸ਼ਮੁੱਖ ਸਿੱਖ ਕਤਲੇਆਮ ਦੇ ਦੋਸ਼ ਸਿੱਖਾਂ ਦੇ ਹੀ ਸਿਰ ਮੜਦਾ ਹੋਇਆ ਸਿੱਖ ਕੌਮ ਨੂੰ 'ਸਬਕ ਲੈਣ' ਦੀ ਨਸੀਹਤ ਦੇ ਰਿਹਾ ਹੋਵੇ ਅਤੇ ਅਜਿਹੀ ਨਸਲਕੁਸ਼ੀ ਨੂੰ ਆਪਣੀ ਸੌੜੀ ਸੋਚ ਅਧੀਨ ਜਾਇਜ਼ ਠਹਿਰਾ ਰਿਹਾ ਹੋਵੇ। ਜੇਕਰ ਅਜਿਹੇ ਲੋਕ 'ਭਾਰਤ ਰਤਨ' ਵਰਗੇ ਦੇਸ਼ ਦੇ ਸਭ ਤੋਂ ਵੱਡੇ ਅਖੌਤੀ ਪੁਰਸਕਾਰਾਂ ਨਾਲ ਸਨਮਾਨੇ ਜਾਂਦੇ ਹਨ, ਤਾਂ ਫਿਰ ਸਭ ਤੋਂ ਵੱਧ ਫਾਂਸੀ ਚੜ੍ਹਨ ਵਾਲੇ, ਕਾਲੇਪਾਣੀ ਦੀਆਂ ਸਜ਼ਾ ਕੱਟਣ ਵਾਲੇ, ਉਮਰ ਕੈਦਾਂ ਭੋਗਣ ਵਾਲੇ ਅਤੇ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦ ਸਿੱਖ ਅਤੇ ਸੱਚੇ ਸੁੱਚੇ ਸੂਰਬੀਰ ਤਾਂ 'ਦੇਸ਼ ਧਰੋਹੀ' ਹੀ ਕਹੇ ਜਾ ਸਕਦੇ ਹਨ। ਅਫ਼ਸੋਸ ਇਸ ਗੱਲ ਦਾ ਹੈ ਕਿ ਇਸ ਹਮਾਮ 'ਚ ਸਾਰੇ ਹੀ ਨੰਗੇ ਹਨ।

ਜੇਕਰ ਕਾਂਗਰਸ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ, ਤਾਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਹਲਾਸ਼ੇਰੀ ਦਿੱਤੀ। ਜੇ ਕਾਂਗਰਸ ਦੇ ਰਾਜ 'ਚ ਸਿੱਖ ਕਤਲੇਆਮ ਹੋਇਆ, ਤਾਂ ਭਾਜਪਾ ਦੇ ਰਾਜ 'ਚ ਮੁਸਲਿਮ ਵਿਰੋਧੀ ਕਤਲੇਆਮ ਹੋਇਆ। ਕੈਨੇਡਾ ਦੀ ਧਰਤੀ 'ਤੇ ਖ਼ੂਨਦਾਨ ਦੀ ਮੁਹਿੰਮ ਚਲਾਉਣ ਵਾਲੀ ਮਹਾਨ ਵਿਚਾਰਧਾਰਾ ਉਕਤ ਸਾਰੇ ਦੋਸ਼ੀਆਂ ਨੂੰ ਸਜ਼ਾਵਾਂ ਲਈ ਦ੍ਰਿੜ ਹੈ। ਇੱਕ ਦਿਨ ਜ਼ਰੂਰ ਆਵੇਗਾ, ਜਦੋਂ ਕੌਮਾਂਤਰੀ ਭਾਈਚਾਰਾ ਇਨਸਾਫ਼ ਲਈ 'ਹਾਅ ਦਾ ਨਾਅਰਾ' ਮਾਰੇਗਾ। ਅੱਜ ਲੋੜ ਇਸ ਗੱਲ ਦੀ ਹੈ ਕਿ ਕੌਮ ਦੇ ਚਿੰਤਕ ਅਤੇ ਵਿਦਵਾਨ ਆਪਣਾ ਫਰਜ਼ ਪਛਾਣਦੇ ਹੋਏ ਮਹਾਨ ਉਪਰਾਲਿਆਂ ਨੂੰ ਉਤਸ਼ਾਹਿਤ ਕਰਨ ਅਤੇ ਸਥਾਪਤੀ ਦੀ ਧੱਕੇਸ਼ਾਹੀ ਖਿਲਾਫ਼ ਲਿਖਣ। ਸਿੱਖ ਕੌਮ ਦੇ ਅਕਸ ਨੂੰ ਜੇਕਰ ਸਾਡਾ ਮੀਡੀਆ ਦੁਨੀਆ ਸਾਹਮਣੇ ਸਹੀ ਰੂਪ ਵਿੱਚ ਪੇਸ਼ ਕਰੇਗਾ, ਤਾਂ ਕੌਮ ਦੀ ਪਨੀਰੀ ਇਸ ਪਾਸੇ ਵੱਲ ਹੋਰ ਵੀ ਰੁਚਿਤ ਹੋਵੇਗੀ। ਅਜਿਹੇ ਮੌਕੇ 'ਤੇ ਸਹਿਣ ਸ਼ਕਤੀ, ਪਰਉਪਕਾਰ ਅਤੇ ਮਾਨਵੀ ਹੱਕਾਂ ਪ੍ਰਤੀ ਚੇਤਨਾ ਮੂਲ ਸਰੋਕਾਰ ਬਣ ਕੇ ਕੌਮ ਦੀ ਸਰਬੱਤ ਦੇ ਭਲੇ ਦੀ ਅਰਦਾਸ ਮਨਜ਼ੂਰ ਕਰਵਾਉਣਗੇ।

ਜਦੋਂ ਸੰਸਾਰ ਭਰ ਵਿੱਚ ਸਿੱਖ ਕੌਮ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਚੌਥੀ ਸ਼ਤਾਬਦੀ ਦਾ ਪੁਰਬ ਮਨਾਉਂਦਿਆਂ, ਜ਼ੁਲਮ ਖਿਲਾਫ ਗੁਰੂ ਸਾਹਿਬ ਵੱਲੋਂ ਉਠਾਈ ਆਵਾਜ਼ ਅਤਿ ਧਾਰਮਿਕ ਆਜ਼ਾਦੀ ਲਈ ਦਿੱਤੀ ਸ਼ਹਾਦਤ ਨੂੰ ਮਾਨਵਵਾਦ ਅਤੇ ਸਰਬੱਤ ਦੇ ਭਲੇ ਦਾ ਮੈਨੀਫੈਸਟੋ ਬਣਾ ਰਹੀ ਹੈ, ਉਦੋਂ ਸਾਰਿਆਂ ਨੂੰ ਮਿਲ ਕੇ ਭਾਰਤੀ ਹੁਕਮਰਾਨਾਂ ਦੇ ਹਿਟਲਰਸ਼ਾਹੀ ਅਤੇ ਨਾਜ਼ੀਵਾਦੀ ਹਿੰਦੂਤਵੀ ਏਜੰਡੇ ਖ਼ਿਲਾਫ਼ ਲੜਨ ਦੀ ਲੋੜ ਹੈ।

ਸਿੱਖ ਨਸਲਕੁਸ਼ੀ ਖ਼ਿਲਾਫ਼ ਖ਼ੂਨਦਾਨ ਮੁਹਿੰਮ ਕੇਵਲ ਸਿੱਖਾਂ ਲਈ ਇਨਸਾਫ਼ ਦੀ ਮੁਦਈ ਨਹੀਂ, ਬਲਕਿ ਦੇਸ਼ ਅੰਦਰ ਹੋਰਨਾਂ ਘੱਟ ਗਿਣਤੀਆਂ, ਮੂਲ ਵਾਸੀਆਂ, ਦੱਬੇ ਕੁਚਲੇ ਲੋਕਾਂ ਅਤੇ ਸਰਕਾਰੀ ਜਬਰ ਦਾ ਸ਼ਿਕਾਰ ਬਣ ਰਹੇ ਭਾਈਚਾਰਿਆਂ ਨਾਲ ਖੜ੍ਹਨ ਲਈ ਵੀ ਦ੍ਰਿੜ੍ਹ ਇਰਾਦੇ ਦੀ ਅਲੰਬਰਦਾਰ ਹੈ। ਇੱਥੋਂ ਤੱਕ ਕਿ ਸੰਸਾਰ ਦੇ ਕਿਸੇ ਵੀ ਕੋਨੇ 'ਚ ਹੋ ਰਹੇ ਜਬਰ-ਜ਼ੁਲਮ ਖਿਲਾਫ਼ ਸਿੱਖ ਕੌਮ ਵਲੋਂ ਆਵਾਜ਼ ਬੁਲੰਦ ਕਰਨਾ ਇਸ ਮੁਹਿੰਮ ਦਾ ਕੇਂਦਰ-ਬਿੰਦੂ ਹੈ। ਸਿੱਖ ਕੌਮ ਵੱਲੋਂ ਬੀਤੇ ਸਾਲ ਨਵੰਬਰ ਮਹੀਨੇ ਦੌਰਾਨ ਕੈਨੇਡਾ ਭਰ ਵਿਚ ਅਨੇਕ ਥਾਵਾਂ 'ਤੇ ਖ਼ੂਨਦਾਨ ਮੁਹਿੰਮ ਵਿੱਚ ਭਾਰੀ ਸਹਿਯੋਗ ਕਾਰਨ ਹੀ, ਸਰੀ ਸਿਟੀ ਕੌਂਸਲ ਅਤੇ ਸਾਬਕਾ ਮੇਅਰ ਵੱਲੋਂ ਬੀਤੇ ਵਰ੍ਹੇ ਨਵੰਬਰ ਮਹੀਨੇ ਨੂੰ ਸਿੱਖ ਨਸਲਕੁਸ਼ੀ ਖ਼ਿਲਾਫ਼ ਖ਼ੂਨਦਾਨ ਮੁਹਿੰਮ ਦੇ ਯਾਦਗਾਰੀ ਮਹੀਨੇ ਵਜੋਂ ਐਲਾਨਿਆ ਗਿਆ, ਜਦਕਿ ਕੈਨੇਡੀਅਨ ਬਲੱਡ ਸਰਵਿਸਜ਼ ਵੱਲੋਂ ਸਿੱਖ ਕੌਮ ਦੀ ਇਸ ਖ਼ੂਨਦਾਨ ਮੁਹਿੰਮ ਨੂੰ ਦੇਸ਼ ਦੀ ਸਭ ਤੋਂ ਵੱਡੀ ਮੁਹਿੰਮ ਵਜੋਂ ਸਨਮਾਨਿਆ ਗਿਆ।

ਆਓ, ਇਨਸਾਨੀਅਤ ਦਾ ਘਾਣ ਕਰਨ ਵਾਲੀਆਂ ਸਰਕਾਰਾਂ ਅਤੇ ਨਸਲਕੁਸ਼ੀ ਦੇ ਦੋਸ਼ੀਆਂ ਖਿਲਾਫ਼, ਸਿੱਖ ਕੌਮ ਵੱਲੋਂ ਆਰੰਭੀ ਖ਼ੂਨਦਾਨ ਮੁਹਿੰਮ ਦਾ ਹਿੱਸਾ ਬਣੀਏ ਅਤੇ ਸੰਸਾਰ ਵਿੱਚ 'ਨਾ ਡਰੋ ਨਾ ਡਰਾਓ' ਅਤੇ 'ਜੀਓ ਅਤੇ ਜਿਓਣ ਦਿਓ' ਦੇ ਮਹਾਨ ਸੰਕਲਪ ਦੇ ਧਾਰਨੀ ਹੋ ਕੇ, ਮਨੁੱਖੀ ਹੱਕਾਂ ਸਮੇਤ 'ਸਰਬੱਤ' ਦੇ ਹੱਕਾਂ ਦੇ ਪਹਿਰੇਦਾਰ ਬਣੀਏ। ਇਹ ਨਸਲਕੁਸ਼ੀ ਕਿਉਂ ਅਤੇ ਕਿਵੇਂ ਹੈ, ਇਸ ਬਾਰੇ ਕਾਵਿਕ ਸ਼ਬਦਾਂ ਨਾਲ ਵਿਸ਼ਾ ਸਮੇਟਦੇ ਹਾਂ;

## "ਨਸਲਕੁਸ਼ੀ"

ਜਦ ਸੱਤਾ ਦੇ ਸਿੰਘਾਸਣ ਉੱਪਰ
ਆ ਬੈਠਣ ਆਦਮਖ਼ੋਰ
ਦਹਾੜਨ ਲਹੂ ਪਿਆਸੇ ਮੁਕੱਦਮ
ਆਦਮ-ਬੋ ਕਰ ਰਹੀ ਹੋਵੇ ਜਨੂੰਨੀ ਭੀੜ
ਸਭ ਸ਼ੈਤਾਨ ਟੁੱਟ ਪੈਣ ਬੇਗੁਨਾਹਾਂ 'ਤੇ
ਖੇਡਣ ਲਾਚਾਰ ਅਤੇ ਬੇਵੱਸਾਂ ਦੀ
ਖ਼ੂਨ ਦੀ ਹੋਲੀ
ਅਤੇ ਧਰਤ ਭਾਰਤ ਦੀ
ਥਾਂ-ਥਾਂ ਹੋ ਜਾਏ ਲਹੂ-ਲੁਹਾਣ....
ਹੋਰ ਕਿਸਨੂੰ ਆਖੋਗੇ ਨਸਲਕੁਸ਼ੀ?

ਜਦ ਰੱਖਿਅਕ ਹੀ ਬਣ ਜਾਣ ਭੱਖਿਅਕ
ਘੜਨ ਸਾਜਿਸ਼ ਖੁਰਾ-ਖੋਜ ਮਿਟਾਉਣ ਦੀ
ਕਰਨ ਜਨੂੰਨੀਆਂ ਦੀ ਪੁਸ਼ਤ-ਪਨਾਹੀ
ਦੇਣ ਖੁੱਲ੍ਹ ਮੌਤ ਦੇ ਤਾਂਡਵ ਦੀ
ਦਿਸੇ ਜਿਥੇ ਵੀ 'ਖਾਸ' ਨਸਲ ਦਾ ਸ਼ਖਸ
ਜਿਉਂਦੇ-ਜੀ ਸਾੜਨ ਸ਼ਰੇ-ਬਾਜ਼ਾਰ
ਨਾ ਬਖ਼ਸ਼ਣ ਉਸਦਾ ਘਰ ਪਰਿਵਾਰ...
ਹੋਰ ਕਿਸਨੂੰ ਆਖੋਗੇ ਨਸਲਕੁਸ਼ੀ?

ਜਦ ਸਰਕਾਰੀ ਅੱਤਵਾਦ ਦਾ ਹੋਵੇ ਨੰਗਾ-ਨਾਚ
ਆਕਾਸ਼ ਨੂੰ ਛੂਹ ਜਾਣ ਜਨੂੰਨੀ ਨਾਹਰਿਆਂ ਦੇ ਭਾਂਬੜ
'ਮਖੌਟਾਧਾਰੀ ਨਕਲਚੀ' ਪਾਵੇ ਬਲਦੀ 'ਤੇ ਤੇਲ
ਤੇ ਚੀਖ- ਚੀਖ ਆਖੇ 'ਖ਼ੂਨ ਦਾ ਬਦਲਾ ਖ਼ੂਨ'
ਇੱਕ- ਦੋ ਨਹੀਂ ਸੈਂਕੜੇ -ਹਜ਼ਾਰਾਂ ਦਾ ਖ਼ੂਨ
ਬੁੱਢੀ ਮਾਂ ਦਾ ਖ਼ੂਨ
ਬਿਰਧ ਬਾਪ ਦਾ ਖ਼ੂਨ
ਜਵਾਨ ਪੁੱਤ ਦਾ ਖ਼ੂਨ
ਮੁਟਿਆਰ ਧੀ ਦਾ ਖ਼ੂਨ
ਅਣਜੰਮੇ ਜੀਅ ਦਾ ਖ਼ੂਨ....
'ਇਕੋ ਸ਼ਕਲ' ਦਾ ਖ਼ੂਨ,
'ਇਕੋ ਨਸਲ' ਦਾ ਖ਼ੂਨ...
ਦੱਸੋ ਹੋਰ ਕਿਸਨੂੰ ਆਖੋਗੇ ਨਸਲਕੁਸ਼ੀ?

ਜਦ ਨਿਸ਼ਾਨਾ ਬਣੇ 'ਇੱਕ ਹੀ ਕੌਮ'
ਅਰਥਹੀਣ ਹੋ ਜਾਏ ਇਹ ਤਰਕ ਕਿ
ਕਿਹੜੀ ਹੈ ਉਸਦੀ ਸਿਆਸੀ ਜਮਾਤ?
ਕਿਹੜੀ ਹੈ ਉਸਦੀ ਵਿਚਾਰਧਾਰਾ?
ਕਿਹੜਾ ਹੈ ਉਸਦਾ ਵਪਾਰ-ਕਾਰੋਬਾਰ?
ਕੀ ਉਹ ਹੈ ਆਸਤਿਕ ਜਾਂ ਨਾਸਤਿਕ?
ਕੀ ਉਹ ਹੈ ਅਕਾਲੀ ਜਾਂ ਕਾਂਗਰਸੀ?
ਕੀ ਉਹ ਹੈ ਸੱਜੇਪੱਖੀ ਜਾਂ ਖੱਬੇਪੱਖੀ?
ਕੀ ਉਹ ਹੈ ਕਲੀਨਸ਼ੇਵ ਜਾਂ ਅੰਮ੍ਰਿਤਧਾਰੀ?
ਕੀ ਉਹ ਹੈ ਮਿਸ਼ਨਰੀ ਜਾਂ ਟਕਸਾਲੀ?
ਕੀ ਉਹ ਹੈ ਫੰਡਮੈਂਟਲਿਸਟ ਜਾਂ ਮਾਡਰੇਟ?
ਉਹ ਹੋਏ ਚਾਹੇ ਕਿਸੇ ਵੀ ਸ਼ਕਲ-ਸੂਰਤ 'ਚ
ਉਸ ਦੀ ਹੋਂਦ ਮਿਟਾਉਣ ਲਈ ਬੱਸ ਏਨਾ ਹੀ ਕਾਫੀ
ਕਿ ਉਹ ਹੈ ਸਰਬੱਤ ਦਾ ਭਲਾ ਮੰਗਣ ਵਾਲਾ 'ਸਿੱਖ'
ਉਸ ਦੀ ਅਲਖ ਮੁਕਾਉਣ ਲਈ ਬੱਸ ਏਨਾ ਹੀ ਬਹੁਤ ਕਿ
ਉਹ ਹੈ ਪੰਜਾਬ ਦਾ ਜਾਇਆ, ਗੁਰਮੁੱਖੀ ਦਾ ਪੁੱਤਰ
ਉਸ ਦੇ ਕਤਲ ਲਈ ਬੱਸ ਏਨੀ ਪਛਾਣ ਹੀ ਬਹੁਤ ਕਿ
ਉਸਨੇ ਹੱਥ 'ਚ ਪਹਿਨਿਆ ਹੈ 'ਕੜਾ'...
ਹੋਰ ਕਿਸਨੂੰ ਆਖੋਗੇ ਨਸਲਕੁਸ਼ੀ?

ਜਦ ਇੱਕ ਨਸਲ 'ਤੇ ਆ ਝਪਟਣ ਸਾਰੇ ਸ਼ੈਤਾਨ'
ਹੋਏ ਸਭ ਦਾ ਇਕ ਨਿਸ਼ਾਨਾ ਇਕ ਐਲਾਨ
ਹੈ ਮਿਟਾਉਣਾ ਸਿੱਖ ਕੌਮ ਦਾ ਨਾਮੋ-ਨਿਸ਼ਾਨ
ਇਕ ਕਹੇ 'ਜਦ ਡਿੱਗੇ ਵੱਡਾ ਰੁੱਖ,
ਤਾਂ ਕੰਬਦੀ ਹੈ ਧਰਤੀ'
ਦੂਜਾ ਕਹੇ 'ਪੀੜਤ ਖ਼ੁਦ ਹੀ ਹੈ ਦੋਸ਼ੀ
ਤੇ ਪੀੜਤ ਲਈ ਹੈ 'ਸਬਕ' ਵੱਡਾ ਰੁੱਖ ਡੇਗਣ ਦਾ
ਜਦ ਬਘਿਆੜਾਂ ਦੀ ਇੱਕ ਢਾਣੀ ਵਲੋਂ
ਲਹੂ ਪਿਆਸਾ ਭਿਅੰਕਰ ਰਾਜੀਵ
ਐਲਾਨ ਦਿੱਤਾ ਜਾਏ 'ਭਾਰਤ ਰਤਨ'
ਤੇ ਬਘਿਆੜਾਂ ਦੀ ਦੂਜੀ ਢਾਣੀ ਵਲੋਂ
ਕੱਟੜਪੰਥੀ ਨਾਨਾ ਦੇਸ਼ਮੁਖ
ਐਲਾਨ ਦਿੱਤਾ ਜਾਏ 'ਭਾਰਤ ਰਤਨ'
ਤੇ ਜਿਹੜੇ ਚੜ੍ਹ ਗਏ ਫਾਂਸੀਆਂ,
ਭੇਜੇ ਗਏ ਕਾਲੇਪਾਣੀਆਂ ਨੂੰ,
ਉਡਾਏ ਗਏ ਤੋਪਾਂ ਸਾਹਵੇਂ,
ਡੱਕੇ ਗਏ ਜੇਲ੍ਹਾਂ ਦੀਆਂ ਸਲਾਖਾਂ ਪਿਛੇ,
ਸ਼ਹੀਦ ਹੋਏ ਹੱਦਾ-ਸਰਹੱਦਾਂ ਦੀ ਰਾਖੀ ਕਰਦਿਆਂ,
ਉਨ੍ਹਾਂ ਨੂੰ ਮਿਲੇ ਇਹ 'ਇਨਾਮ'..
ਨਸਲਕੁਸ਼ੀ! ਨਸਲਕੁਸ਼ੀ!! ਨਸਲਕੁਸ਼ੀ!!!

**ਸਫ਼ਾ 1 ਦਾ ਬਾਕੀ**

ਨੂੰ 'ਸਿੱਖ ਖੂਨਦਾਨ ਲਹਿਰ' ਦੇ ਤੌਰ 'ਤੇ ਮੰਨਤਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਇਹ ਮੁਹਿੰਮ ਹੁਣ ਅੰਤਰਰਾਸ਼ਟਰੀ ਪੱਧਰ ਤੇ ਵੀ ਫੈਲ ਚੁੱਕੀ ਹੈ ਅਤੇ ਅਮਰੀਕਾ, ਅਸਟ੍ਰੇਲੀਆ, ਇੰਗਲੈਂਡ ਅਤੇ ਹੋਰ ਕਈ ਮੁਲਕਾਂ ਵਿੱਚ ਸਿੱਖਾਂ ਵੱਲੋਂ ਇਨਸਾਫ਼ ਲਈ ਖੂਨਦਾਨ ਕੀਤੇ ਜਾ ਰਹੇ ਹਨ। ਖੂਨਦਾਨ ਮੁਹਿੰਮ ਦੀ ਸਮੇਂ ਸਾਰਣੀ ਹੇਠ ਲਿਖੇ ਅਨੁਸਾਰ ਹੈ:-

### ਅਲਬਰਟਾ

**ਐਡਮੰਟਨ**

ਤਰੀਕ: ਸ਼ੁਕਰਵਾਰ, 1 ਨਵੰਬਰ 2024
ਵਕਤ: ਦੁਪਹਿਰ 3:00 ਵਜੇ ਤੋਂ ਸ਼ਾਮ 8:00 ਵਜੇ ਤਕ
ਜਗ੍ਹਾ: ਰਿਡਜਵੁਡ ਕਮਿਊਨਿਟੀ ਹਾਲ
3705 ਮਿਲਵੁਡਸ ਰੋਡ ਈ. ਐਨ ਡਬਲਿਊ, ਐਡਮੰਟਨ

**ਕੈਲਗਰੀ**

ਤਰੀਕਾਂ: ਸ਼ਨੀਵਾਰ, 2 ਨਵੰਬਰ ਅਤੇ ਸ਼ਨੀਵਾਰ, 16 ਨਵੰਬਰ 2024
ਵਕਤ: ਸਵੇਰੇ 9:00 ਵਜੇ ਤੋਂ ਦੁਪਹਿਰ 3:00 ਵਜੇ ਤਕ
ਜਗ੍ਹਾ: ਰੌਇਲ ਹੋਟਲ
2828, 23 ਸਟਰੀਟ ਐਨਈ, ਕੈਲਗਰੀ

### ਬ੍ਰਿਟਿਸ਼ ਕੋਲੰਬੀਆ

**ਐਬਟਸਫੋਰਡ**

ਤਰੀਕਾਂ: ਸ਼ੁਕਰਵਾਰ, 1 ਨਵੰਬਰ ਅਤੇ ਸ਼ਨੀਵਾਰ, 2 ਨਵੰਬਰ 2024
ਵਕਤ: ਸਵੇਰੇ 10:00 ਵਜੇ ਤੋਂ ਸ਼ਾਮ 4:45 ਵਜੇ ਤਕ
ਜਗ੍ਹਾ: ਇਮਾਨੂਅਲ ਮੈਨੋਨਾਈਟ ਚਰਚ
3471 ਕਲੀਅਰਬ੍ਰੁਕ ਰੋਡ, ਐਬਟਸਫੋਰਡ

**ਸਰੀ**

ਤਰੀਕਾਂ: ਸ਼ੁਕਰਵਾਰ, 8 ਨਵੰਬਰ ਅਤੇ ਸ਼ਨੀਵਾਰ, 9 ਨਵੰਬਰ 2024
ਵਕਤ: ਸਵੇਰੇ 10:00 ਵਜੇ ਤੋਂ ਸ਼ਾਮ 4:45 ਵਜੇ ਤਕ
ਜਗ੍ਹਾ: ਪ੍ਰਿੰਸਸ ਮਾਰਗਰੇਟ ਸਕੂਲ
12870, 72 ਐਵਨਿਊ, ਸਰੀ

**ਵੈਨਕੂਵਰ**

ਤਰੀਕ: ਸ਼ਨੀਵਾਰ, 23 ਨਵੰਬਰ 2024
ਵਕਤ: ਸਵੇਰੇ 8:00 ਵਜੇ ਤੋਂ ਦੁਪਹਿਰ 3:00 ਵਜੇ ਤਕ
ਜਗ੍ਹਾ: ਕੈਨੇਡੀਅਨ ਬਲੱਡ ਸਰਵਿਸਿਜ਼ ਡੋਨਰ ਸੈਂਟਰ
4750 ਓਕ ਸਟਰੀਟ, ਵੈਨਕੂਵਰ

### ਮੈਨਿਟੋਬਾ

**ਵਿਨੀਪੈਗ**

ਤਰੀਕਾਂ: ਨਵੰਬਰ 2024 ਦੌਰਾਨ
ਜਗ੍ਹਾ: ਵਿਨੀਪੈਗ ਡੋਨਰ ਸੈਂਟਰ
777 ਵਿਲੀਅਮ ਐਵੇਨਿਊ, ਵਿਨੀਪੈਗ

### ਓਨਟਾਰੀਓ

**ਬਰੈਂਪਟਨ**

ਤਰੀਕਾਂ: ਸ਼ਨੀਵਾਰ, 2 ਨਵੰਬਰ ਅਤੇ ਐਤਵਾਰ, 3 ਨਵੰਬਰ 2024
ਵਕਤ: ਸਵੇਰੇ 10:00 ਵਜੇ ਤੋਂ ਸ਼ਾਮ 4:00 ਵਜੇ ਤਕ
ਜਗ੍ਹਾ: ਖਾਲਸਾ ਸਕੂਲ
69 ਮੈਨਲੈਂਡ ਸਟਰੀਟ, ਬਰੈਂਪਟਨ

**ਗੁਏਲਫ਼**

ਤਰੀਕ: ਸ਼ਨੀਵਾਰ, 30 ਨਵੰਬਰ 2024
ਵਕਤ: ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਤਕ
ਜਗ੍ਹਾ: ਗੁਏਲਫ਼ ਡੋਨਰ ਸੈਂਟਰ
130 ਸਿਲਵਰਕਰੀਕ ਪਾਰਕਵੇ ਐਨ, ਗੁਏਲਫ਼

# ਕੈਨੇਡਾ ਖ਼ਿਲਾਫ਼ ਗੈਂਗਸਟਰਾਂ ਨੂੰ ਵਰਤ ਰਹੀਆਂ ਭਾਰਤੀ ਏਜੰਸੀਆਂ

**ਖਾਸ ਰਿਪੋਰਟ**

ਮੀਡੀਆ ਰਿਪੋਰਟਾਂ ਅਨੁਸਾਰ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਸਹਾਇਕ ਕਮਿਸ਼ਨਰ ਬ੍ਰਿਗੇਟ ਗੌਬਿਨ ਨੇ ਦੋਸ਼ ਲਾਇਆ ਸੀ ਕਿ ਭਾਰਤੀ ਖੁਫੀਆ ਏਜੰਸੀਆਂ ਜੁਰਮ ਨੂੰ ਅੰਜਾਮ ਦੇਣ ਲਈ ਸੰਗਠਿਤ ਅਪਰਾਧੀ ਤੱਤਾਂ ਦੀ ਵਰਤੋਂ ਕਰ ਰਹੀਆਂ ਹਨ ਤੇ ਖ਼ਾਸ ਤੌਰ 'ਤੇ ਬਿਸ਼ਨੋਈ ਗੈਂਗ ਇਸ ਲਈ ਜ਼ਿੰਮੇਵਾਰ ਹੈ।ਬਿਸ਼ਨੋਈ ਗੈਂਗ ਭਾਰਤ ਦੇ ਏਜੰਟਾਂ ਨਾਲ ਜੁੜਿਆ ਹੋਇਆ ਹੈ।

ਭਾਰਤੀ ਅਧਿਕਾਰੀਆਂ ਨੇ ਦੋਸ਼ਾਂ ਨੂੰ ਰੱਦ ਕਰਦਿਆਂ , ਕੈਨੇਡਾ 'ਤੇ ਖਾੜਕੂਆਂ ਨੂੰ ਸ਼ਰਨ ਦੇਣ ਦਾ ਦੋਸ਼ ਲਗਾਇਆ ਹੈ। ਭਾਰਤ ਦੇ ਇਹ ਵੀ ਦੋਸ਼ ਹਨ ਕਿ ਲਿਬਰਲ ਸਰਕਾਰ ਸਿੱਖ ਭਾਈਚਾਰੇ ਦੇ ਮੈਂਬਰਾਂ ਤੋਂ ਵੋਟਾਂ ਹਾਸਿਲ ਕਰਨ ਦੇ ਚੱਕਰ ਵਿੱਚ ਹਨ । ਲੰਘੇ ਹਫ਼ਤੇ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਬਿਸ਼ਨੋਈ ਸਮੂਹ ਦੇ ਮੈਂਬਰਾਂ ਸਮੇਤ ਗੈਂਗਸਟਰਾਂ ਦੀ ਹਵਾਲਗੀ ਦੀਆਂ 26 ਬੇਨਤੀਆਂ ਬਕਾਇਆ ਹਨ ਅਤੇ ਭਾਰਤ ਇਹਨਾਂ ਦੀ ਵਾਪਸੀ ਕਰਵਾ ਮੁਕੱਦਮਾ ਚਲਾਉਣਾ ਚਾਹੁੰਦਾ ਹੈ । ਭਾਰਤੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੈਨੇਡਾ ਨੇ ਭਾਰਤ ਸਰਕਾਰ ਦੀਆਂ ਬੇਨਤੀਆਂ ਨੂੰ ਅਣਡਿੱਠ ਕੀਤਾ ਹੈ।ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, ਇਹ ਸ਼ਬਦਾਂ ਵਿਚ ਇਕ ਵਿਰੋਧਾਭਾਸ ਹੈ, ਜਿਸ ਨੂੰ ਅਸੀਂ ਨਹੀਂ ਸਮਝਦੇ । ਕੈਨੇਡਾ ਭਾਰਤ ਦੇ ਸਰਕਾਰੀ ਏਜੰਟਾਂ ਨੂੰ ਉਨ੍ਹਾਂ ਹੀ ਗੈਂਗਸਟਰਾਂ ਨਾਲ ਜੋੜ ਰਿਹਾ ਹੈ, ਜਿਨ੍ਹਾਂ ਦੀ ਭਾਰਤ ਹਵਾਲਗੀ ਚਾਹੁੰਦਾ ਹੈ।

ਇਸ ਤੋਂ ਪਹਿਲਾਂ ਵਾਸ਼ਿੰਗਟਨ ਪੋਸਟ ਵਿੱਚ ਇੱਕ ਖ਼ਬਰ ਛਪੀ ਸੀ ਜਿਸ ਵਿੱਚ ਪਿਛਲੇ ਸਾਲ ਇੱਕ ਸਿੱਖ ਵੱਖਵਾਦੀ ਭਾਈ ਹਰਦੀਪ ਸਿੰਘ ਨਿਝਰ ਦੇ ਕਤਲ ਦਾ ਜ਼ਿਕਰ ਕੀਤਾ ਗਿਆ ਸੀ। ਰਿਪੋਰਟ ਵਿੱਚ ਦੋਸ਼ ਲਾਇਆ ਗਿਆ ਸੀ ਕਿ ਭਾਰਤ ਸਰਕਾਰ ਅਜਿਹੇ ਆਪਰੇਸ਼ਨਾਂ ਲਈ ਲਾਰੈਂਸ ਬਿਸ਼ਨੋਈ ਦੀ ਵਰਤੋਂ ਕਰ ਰਹੀ ਹੈ।

ਕੈਨੇਡਾ ਤੇ ਭਾਰਤ ਵਿਚਾਲੇ ਚੱਲ ਰਹੇ ਤਣਾਅ ਦਰਮਿਆਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਨਵੇਂ ਦੋਸ਼ਾਂ ਨੇ ਤਣਾਅ ਨੂੰ ਹੋਰ ਵਧਾ ਦਿੱਤਾ ਹੈ। ਹੁਣ ਉਨ੍ਹਾਂ ਕਿਹਾ ਕਿ ਭਾਰਤ ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਅਤੇ ਸਿੱਖ ਕਾਰਕੁੰਨਾਂ 'ਤੇ ਹਮਲੇ ਕਰਨ ਲਈ ਲਾਰੈਂਸ ਬਿਸ਼ਨੋਈ ਦੇ ਗਿਰੋਹ ਦੀ ਮਦਦ ਲੈ ਰਿਹਾ ਹੈ।

ਇਸ ਦੌਰਾਨ ਅਮਰੀਕੀ ਅਖਬਾਰ ਵਾਸ਼ਿੰਗਟਨ ਪੋਸਟ ਦੀ ਇੱਕ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਸੀ ਕਿ ਪਿਛਲੇ ਮਹੀਨੇ ਭਾਰਤ ਤੇ ਕੈਨੇਡਾ ਵਿਚਾਲੇ ਗੁਪਤ ਮੀਟਿੰਗ ਹੋਈ ਸੀ। ਭਾਰਤੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਪਿਛਲੇ ਹਫ਼ਤੇ ਸਿੰਗਾਪੁਰ ਵਿੱਚ ਸਨ, ਜਿੱਥੇ ਉਨ੍ਹਾਂ ਨੇ ਕੈਨੇਡੀਅਨ ਅਧਿਕਾਰੀਆਂ ਨਾਲ ਗੁਪਤ ਮੀਟਿੰਗ ਕੀਤੀ ਸੀ। ਇਸ ਮੀਟਿੰਗ ਵਿੱਚ ਕੈਨੇਡੀਅਨ ਅਧਿਕਾਰੀਆਂ ਨੇ ਲਾਰੈਂਸ ਬਿਸ਼ਨੋਈ ਗੈਂਗ ਬਾਰੇ ਗੱਲ ਕੀਤੀ ਸੀ।ਇਸ ਦੌਰਾਨ ਕੈਨੇਡੀਅਨ ਸਰਕਾਰ ਨੇ ਭਾਰਤ 'ਤੇ ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੇ ਕਤਲ ਅਤੇ ਹੋਰ ਖਾਲਿਸਤਾਨੀ ਨੇਤਾਵਾਂ 'ਤੇ ਹਮਲੇ ਦੇ ਦੋਸ਼ ਲਗਾਏ ਸਨ । ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਦੇ ਇਸ਼ਾਰੇ 'ਤੇ ਲਾਰੈਂਸ ਬਿਸ਼ਨੋਈ ਤੇ ਉਸ ਦੇ ਸਾਥੀ ਕੈਨੇਡਾ 'ਚ ਇਹ ਸਭ ਕੁਝ ਕਰ ਰਹੇ ਹਨ।

ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅਜੀਤ ਡੋਭਾਲ ਨਾਲ ਹੋਈ ਮੀਟਿੰਗ ਵਿੱਚ ਕੈਨੇਡਾ ਸਰਕਾਰ ਨੇ ਲਾਰੈਂਸ ਬਿਸ਼ਨੋਈ ਦੀ ਸ਼ਮੂਲੀਅਤ 'ਤੇ ਜ਼ੋਰ ਦਿੱਤਾ ਸੀ। ਇੱਕ ਕੈਨੇਡੀਅਨ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਗਿਆ ਕਿ ਮੀਟਿੰਗ ਦੌਰਾਨ ਅਜੀਤ ਡੋਵਾਲ ਨੇ ਪਹਿਲਾਂ ਇੰਝ ਜਤਾਇਆ ਜਿਵੇਂ ਉਹ ਲਾਰੈਂਸ ਬਿਸ਼ਨੋਈ ਨੂੰ ਨਹੀਂ ਜਾਣਦੇ ਪਰ ਬਾਅਦ ਵਿੱਚ ਉਸਨੇ ਮੰਨਿਆ ਕਿ ਲਾਰੈਂਸ ਬਿਸ਼ਨੋਈ ਜੇਲ੍ਹ ਵਿੱਚ ਬੈਠ ਕੇ ਵੀ ਹਿੰਸਾ ਤੇ ਹਮਲਿਆਂ ਵਰਗੀਆਂ ਘਟਨਾਵਾਂ ਨੂੰ ਅੰਜਾਮ ਦਿੰਦਾ ਹੈ। ਇਹ ਮੀਟਿੰਗ ਪੰਜ ਘੰਟੇ ਚੱਲੀ, ਜਿਸ ਵਿੱਚ ਕੈਨੇਡਾ ਦੀ ਸੁਰੱਖਿਆ ਸਲਾਹਕਾਰ ਨੈਟਲੀ ਡਰੋਇਨ ਤੋਂ ਇਲਾਵਾ ਉਪ ਵਿਦੇਸ਼ ਮੰਤਰੀ ਡੇਵਿਡ ਮੌਰੀਸਨ ਅਤੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਸੀਨੀਅਰ ਮੈਂਬਰ ਵੀ ਮੌਜੂਦ ਸਨ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੈਨੇਡੀਅਨ ਅਧਿਕਾਰੀਆਂ ਨੇ ਅਜੀਤ ਡੋਵਾਲ ਨੂੰ ਦੱਸਿਆ ਕਿ ਉਹ ਨਿੱਝਰ ਕਤਲ ਕੇਸ ਵਿੱਚ ਚਾਰ ਭਾਰਤੀ ਅਧਿਕਾਰੀਆਂ ਦੀ ਸ਼ਮੂਲੀਅਤ ਬਾਰੇ ਵੇਰਵੇ ਜਨਤਕ ਕਰਨ ਬਾਰੇ ਸੋਚ ਰਹੇ ਹਨ ਕਿਉਂਕਿ ਇਸ ਕੇਸ ਦੀ ਜਾਂਚ ਅਗਲੇ ਮਹੀਨੇ ਹੋਣੀ ਹੈ। ਹਾਲਾਂਕਿ, ਅਜੀਤ ਡੋਵਾਲ ਨੇ ਕਿਹਾ ਕਿ ਭਾਰਤ ਨਿੱਝਰ ਦੇ ਕਤਲ ਜਾਂ ਕੈਨੇਡਾ ਵਿੱਚ ਹਿੰਸਾ ਭੜਕਾਉਣ ਨਾਲ ਭਾਰਤ ਦੇ ਸਬੰਧ ਦੇ ਕਿਸੇ ਵੀ ਕੈਨੇਡੀਅਨ ਦੋਸ਼ਾਂ ਨੂੰ ਰੱਦ ਕਰਦਾ ਹੈ।

ਕੈਨੇਡਾ ਸਰਕਾਰ ਅਨੁਸਾਰ ਭਾਰਤੀ ਡਿਪਲੋਮੈਟ ਸ਼ੱਕੀ ਸਿੱਖ ਵੱਖਵਾਦੀਆਂ ਬਾਰੇ ਖੁਫੀਆ ਜਾਣਕਾਰੀ ਇਕੱਠੀ ਕਰਦੇ ਹਨ, ਜੋ ਕਿ ਫਿਰ ਰਾਅ ਨੂੰ ਦਿੱਤੀ ਜਾਂਦੀ ਹੈ ਤਾਂ ਜੋ ਬਿਸ਼ਨੋਈ ਦੀ ਅਗਵਾਈ ਵਾਲੇ ਗਰੋਹ ਦੇ ਨਿਸ਼ਾਨੇ ਦੀ ਪਛਾਣ ਕੀਤੀ ਜਾ ਸਕੇ। ਸਥਾਨਕ ਪੁਲਿਸ ਮੁਤਾਬਿਕ, ਸਤੰਬਰ 2023 ਤੋਂ ਹੁਣ ਤੱਕ ਉਨ੍ਹਾਂ ਨੇ ਘੱਟੋ-ਘੱਟ 13 ਸਿਖਾਂ ਨੂੰ ਚੇਤਾਵਨੀ ਦਿੱਤੀ ਸੀ ਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ। ਉਨ੍ਹਾਂ ਨੇ ਕਿਹਾ, ਕਤਲ ਮਾਮਲੇ ਵਿਚ ਕਰੀਬ 8 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਦੇ ਨਾਲ ਹੀ ਘੱਟੋ-ਘੱਟ 22 ਲੋਕਾਂ ਨੂੰ ਫਿਰੌਤੀ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ ਕੁਝ ਲੋਕਾਂ ਦੇ ਭਾਰਤ ਸਰਕਾਰ ਨਾਲ ਸਬੰਧ ਹਨ।

ਉਧਰ ਕਾਂਗਰਸ ਦੇ ਸੀਨੀਅਰ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਰਾਇਲ ਕੈਨੇਡੀਅਨ ਮਾਉਂਟਿਡ ਪੁਲਿਸ ਦੀ ਪ੍ਰੈਸ ਕਾਂਫਰੰਸ ਨੂੰ ਨਸ਼ਰ ਕਰਦੇ ਹੋਏ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਲਿਖਿਆ ਕੈਨੇਡੀਅਨ ਸਰਕਾਰ ਅਤੇ ਇਸ ਦੇ ਸੀਨੀਅਰ ਪੁਲਿਸ ਅਧਿਕਾਰੀ ਭਾਰਤੀ ਅਧਿਕਾਰੀਆਂ ਦੇ ਸਹਿਯੋਗ ਨਾਲ ਲਾਰੈਂਸ ਬਿਸ਼ਨੋਈ ਗਰੁੱਪ ਬਾਰੇ ਆਪਣੀ ਧਰਤੀ 'ਤੇ ਸਿੱਖਾਂ ਨੂੰ ਸਰੀਰਕ ਤੌਰ 'ਤੇ ਖਤਮ ਕਰਨ ਦੇ ਜੋ ਦੋਸ਼ ਲਗਾ ਰਹੇ ਹਨ, ਉਸ ਵਿੱਚ ਜੇਕਰ ਥੋੜ੍ਹੀ ਜਿਹੀ ਵੀ ਸੱਚਾਈ ਹੈ ਤਾਂ ਭਾਰਤ ਵਿੱਚ ਵੀ ਵਿਰੋਧ ਕਰਨ ਵਾਲਿਆਂ ਨੂੰ ਰੱਬ ਹੀ ਬਚਾ ਸਕਦਾ ਹੈ!

ਕਾਂਗਰਸ ਆਗੂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਬਹੁਤ ਦੁੱਖ ਦੀ ਗੱਲ ਹੈ ਕਿ ਜਿੱਥੇ ਅਮਰੀਕਾ ਅਤੇ ਕੈਨੇਡਾ ਵਰਗੇ ਦੇਸ਼ ਸਿੱਖਾਂ ਪ੍ਰਤੀ ਚਿੰਤਤ ਹਨ, ਉਥੇ ਹੀ ਸਾਡੇ ਪੰਜਾਬ ਦੇ ਆਗੂ ਅਤੇ ਲੋਕ ਕੁੱਲ੍ਹੜ ਪੀਜ਼ਾ ਜੋੜੇ ਅਤੇ ਵਿਰਸਾ ਸਿੰਘ ਵਲਟੋਹਾ ਵਰਗੇ ਬੇਤੁੱਕੇ ਮੁੱਦਿਆਂ ਤੱਕ ਉਲਝੇ ਹੋਏ ਹਨ।ਖਹਿਰਾ ਨੇ ਕਿਹਾ ਕਿ ਜੋ ਪੰਜਾਬ ਦੇ ਅਸਲ ਮੁੱਦੇ ਹਨ, ਜਿਨ੍ਹਾਂ 'ਤੇ ਪੰਜਾਬ ਦਾ ਭਵਿੱਖ ਦਾਅ 'ਤੇ ਲੱਗਿਆ ਹੋਇਆ ਹੈ, ਉਨ੍ਹਾਂ ਵੱਲ ਕਿਸੇ ਆਗੂ ਦਾ ਧਿਆਨ ਨਹੀਂ ਜਾ ਰਿਹਾ। ਉਹ ਮੁੱਦਾ ਹੈ ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਮਾਮਲਾ। ਪਿਛਲੇ ਦਿਨੀਂ ਕੈਨੇਡਾ ਦੇ ਪੀਐਮ ਜਸਟਿਨ ਟਰੂਡੋ ਤੇ ਕੈਨੇਡਾ ਦੇ ਆਫੀਸ਼ਿਅਲਜ਼ ਨੇ ਖ਼ੁਲਾਸਾ ਕੀਤਾ ਹੈ ਕਿ ਇਸ ਕਤਲ ਵਿੱਚ ਭਾਰਤ ਦੀਆਂ ਏਜੰਸੀਆਂ ਤੇ ਅਧਿਕਾਰੀਆਂ ਦੀ ਸ਼ਮੂਲੀਅਤ ਹੈ।ਖਹਿਰਾ ਨੇ ਕਿਹਾ ਕਿ ਕੈਨੇਡਾ ਦੇ ਨਾਲ-ਨਾਲ ਅਮਰੀਕੀ ਪੁਲਿਸ ਨੇ ਵੀ ਇੱਕ ਬੰਦਾ ਫੜਿਆ ਹੈ ਤੇ ਸਥਾਨਕ ਅਦਾਲਤ ਵਿੱਚ ਭਾਰਤ ਦੀ ਰਾਅ ਏਜੰਸੀ ਦਾ ਇੱਕ ਬੰਦਾ ਨਾਮਜ਼ਦ ਕੀਤਾ ਹੈ। ਇਸ ਸਭ ਵਿੱਚ ਭਾਰਤ ਦੇ ਨਾਮੀ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਨਾਂ ਸਾਹਮਣੇ ਆ ਰਿਹਾ ਹੈ। ਬਿਸ਼ਨੋਈ ਨੇ ਤਾਂ ਹਾਲ ਹੀ ਵਿੱਚ ਮੁੰਬਈ ਦੇ ਸਾਬਕਾ ਮੰਤਰੀ ਬਾਬਾ ਸਿੱਦੀਕੀ ਦੇ ਕਤਲ ਦੀ ਵੀ ਜ਼ਿੰਮੇਵਾਰੀ ਲਈ ਹੈ ਤੇ ਜੇਲ੍ਹ ਵਿੱਚੋਂ ਉਸ ਦੀਆਂ ਕਈ ਵੀਡੀਓ ਤੇ ਇੰਟਰਵਿਊਜ਼ ਵਾਇਰਲ ਹੋਈਆਂ ਹਨ। ਬਿਸ਼ਨੋਈ ਨੇ ਸਿੱਧੂ ਮੂਸੇਵਾਲਾ ਦੇ ਕਤਲ ਦੀ ਵੀ ਜ਼ਿੰਮੇਵਾਰੀ ਲਈ ਹੈ।

ਖਹਿਰਾ ਨੇ ਚਿੰਤਾ ਜਤਾਈ ਹੈ ਕਿ ਪੰਜਾਬ ਦੇ ਲੀਡਰ ਇਸ ਵੇਲੇ ਇਹੋ ਜਿਹੇ ਸੰਜੀਦਾ ਮੁੱਦਿਆਂ 'ਤੇ ਮੌਨ ਧਾਰੀ ਬੈਠੇ ਹਨ। ਖ਼ਾਸ ਕਰਕੇ ਅਕਾਲੀ ਦਲ ਦੀ ਲੀਡਰਸ਼ਿਪ ਨੇ ਇਸ ਬਾਰੇ ਇੱਕ ਸ਼ਬਦ ਨਹੀਂ ਬੋਲਿਆ। ਸਿੱਖਾਂ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਅਕਾਲੀ ਦਲ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੀ ਇਸ ਮੁੱਦੇ 'ਤੇ ਚੁੱਪ ਹਨ। ਇੱਕ ਪਾਸੇ 5 ਆਈਜ਼ ਤੇ ਵੈਸਟ ਦੇ ਸ਼ਤਕੀਸ਼ਾਲੀ ਦੇਸ਼ ਸਿੱਖਾਂ ਲਈ ਚਿੰਤਿਤ ਹਨ ਤੇ ਦੂਜੇ ਪਾਸੇ ਪੰਜਾਬ ਦੇ ਆਗੂ ਇਸ ਮੁੱਦੇ 'ਤੇ ਚੁੱਪ ਹਨ। ਇੱਥੋਂ ਤੱਕ ਪੰਜਾਬ ਦੇ ਮੁੱਖ ਮੰਤਰੀ ਵੀ ਇਸ ਮੁੱਦੇ ਨੂੰ ਛੱਡ ਕੇ ਪੰਚਾਇਤੀ ਚੋਣਾਂ ਵਿੱਚ ਉਲਝੇ ਹਨ।

ਖਹਿਰਾ ਨੇ ਸਰਕਾਰ ਸਵਾਲ ਪੁੱਛੇ ਹਨ ਕਿ ਜੇ ਸਰਕਾਰ ਬਾਹਰਲੇ ਸਿੱਖਾਂ ਨੂੰ ਮਰਵਾਉਣ 'ਤੇ ਤੁਲੀ ਹੈ ਤਾਂ ਪੰਜਾਬ ਦੇ ਸਿੱਖ ਕਿੱਦਾਂ ਸੁਰੱਖਿਅਤ ਹਨ? ਸਰਕਾਰ ਦੇ ਬਿਸ਼ਨੋਈ ਨਾਲ ਕੀ ਤਾਲੁਕਾਤ ਹਨ? ਉਹ ਜੇਲ੍ਹ ਵਿੱਚ ਬੈਠ ਕੇ ਇੰਟਰਵਿਊ ਕਿੱਦਾਂ ਦੇ ਸਕਦਾ ਹੈ? ਬਿਸ਼ਨੋਈ 'ਤੇ ਕੋਈ ਐਕਸ਼ਨ ਕਿਉਂ ਨਹੀਂ ਹੋਇਆ?

ਜਲੰਧਰ ਤੋਂ ਕਾਂਗਰਸ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਖਹਿਰਾ ਵਾਂਗ ਕਿਹਾ ਕਿ ਗੈਂਗਸਟਰਾਂ ਦੇ ਉਭਾਰ ਵਿਚ ਭਾਰਤੀ ਏਜੰਸੀਆਂ ਸ਼ਾਮਲ ਹਨ। ਚੰਨੀ ਨੇ ਕਿਹਾ ਕਿ ਸਾਡੇ ਲੋਕ ਵੱਡੀ ਗਿਣਤੀ ਵਿਚ ਕੈਨੇਡਾ ਵਿਚ ਰਹਿ ਰਹੇ ਹਨ। ਸਾਡੇ ਅਜ਼ੀਜ਼, ਸਾਡੇ ਰਿਸ਼ਤੇਦਾਰ ਉੱਥੇ ਰਹਿ ਰਹੇ ਹਨ ਅਤੇ ਸਾਡੇ ਕੈਨੇਡਾ ਨਾਲ ਬਹੁਤ ਚੰਗੇ ਸਬੰਧ ਹਨ, ਇਸ ਲਈ ਸਰਕਾਰ ਨੂੰ ਕੈਨੇਡਾ ਦੇ ਨਾਲ ਸਬੰਧ ਖ਼ਰਾਬ ਨਹੀਂ ਕਰਨੇ ਚਾਹੀਦੇ। ਸਾਡੀ ਸਰਕਾਰ ਨੂੰ ਦੋ-ਪੱਖੀ ਸਬੰਧਾਂ ਨੂੰ ਸੁਧਾਰਨ ਲਈ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਹੁਣ ਸਾਫ਼ ਹੋ ਚੁੱਕਿਆ ਹੈ ਕਿ ਗੈਂਗਸਟਰਾਂ ਦੇ ਉਭਾਰ ਪਿੱਛੇ ਭਾਰਤੀ ਏਜੰਸੀਆਂ ਸ਼ਾਮਲ ਹਨ ਅਤੇ ਸਿੱਧੂ ਮੂਸੇਵਾਲਾ ਦੀ ਹੱਤਿਆ ਵੀ ਰਾਜਨੀਤਿਕ ਸੀ ਅਤੇ ਇਹ ਗੱਲ ਤੁਹਾਨੂੰ ਥੋੜ੍ਹੀ ਦੇਰ ਬਾਅਦ ਆਪਣੇ ਆਪ ਹੀ ਸਮਝ ਆ ਜਾਵੇਗੀ।





# ਡਾਕਟਰਾਂ ਤੋਂ ਵੀ ਪਹਿਲਾਂ ਕੀਹਨੇ ਸੁਣਾਈ ਇੰਦਰਾ ਗਾਂਧੀ ਦੀ ਮੌਤ ਵਾਲੀ ਖ਼ਬਰ?



31 ਅਕਤੂਬਰ 1984 ਸਵੇਰੇ 10-11 ਦਾ ਟਾਈਮ ਹੋਵੇਗਾ ਰੇਡੀਓ ਤੋਂ ਕ੍ਰਿਕਟ ਮੈਚ ਦੀ ਲਾਈਵ ਕੁਮੈਂਟਰੀ ਚੱਲ ਰਹੀ ਸੀ। ਅਚਾਨਕ ਕੁਮੈਂਟਰੀ ਰੁਕ ਗਈ ਤੇ ਅਕਾਸ਼ਬਾਣੀ ਦੀ ਅਨਾਊਂਸਰ ਬੋਲੀ, "ਅਬ ਆਪ ਹਮਾਰਾ ਵਿਸ਼ੇਸ਼ ਬੁਲਿਟਿਨ ਸੁਣੀਏ।"ਇਸ ਖ਼ਾਸ ਖ਼ਬਰਨਾਮੇ ਵਿੱਚ ਦੱਸਿਆ ਗਿਆ ਕਿ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਤੇ ਅੱਜ ਸਵੇਰ ਵੇਲੇ ਗੋਲੀਆਂ ਨਾਲ ਹਮਲਾ ਕੀਤਾ ਗਿਆ ਤੇ ਉਹਨਾਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਹੈ। ਇਹ ਹਮਲਾ ਉਦੋਂ ਕੀਤਾ ਜਦੋਂ ਉਹ ਆਪਣੇ ਘਰ ਤੋਂ ਦਫ਼ਤਰ ਜਾ ਰਹੀ ਸੀ। ਸਿਰਫ਼ ਇੰਨੀ ਗੱਲ ਨਸ਼ਰ ਕੇ ਖ਼ਬਰਨਾਮਾ ਖ਼ਤਮ ਹੋ ਗਿਆ।

ਉਸ ਦਿਨ ਮੈਂ ਪਟਿਆਲੇ ਆਪਣੇ ਕਿਸੇ ਦੋਸਤ ਦੇ ਘਰ ਬੈਠਾ ਸੀ। ਉੱਥੇ ਰੇਡੀਓ ਤੇ ਕਿਸੇ ਕ੍ਰਿਕਟ ਮੈਚ ਦੇ ਸਿੱਧੇ ਪ੍ਰਸਾਰਨ ਦੀ ਕੁਮੈਂਟਰੀ ਚੱਲ ਰਹੀ ਸੀ। ਉਨ੍ਹੀਂ ਦਿਨੀਂ ਟੈਲੀਵਿਜ਼ਨ ਤੇ ਕ੍ਰਿਕਟ ਮੈਚ ਦਾ ਪ੍ਰਸਾਰਨ ਦਾ ਰਿਵਾਜ ਨਹੀਂ ਸੀ ਚੱਲਿਆ। ਕ੍ਰਿਕਟ ਦਾ ਲਗਭਗ ਹਰੇਕ ਨੌਜਵਾਨ ਸ਼ੁਕੀਨ ਸੀ ਤੇ ਘਰਾਂ ਤੋਂ ਬਾਹਰ ਵੀ ਨਿੱਕੇ ਨਿੱਕੇ ਰੇਡੀਓ ਕੰਨਾਂ ਨੂੰ ਲਾ ਕੇ ਕੁਮੈਂਟਰੀ ਗਲੀਆਂ, ਬਜ਼ਾਰਾਂ ਤੇ ਕਾਲਜਾਂ ਵਿੱਚ ਸੁਣੀ ਜਾਂਦੀ ਸੀ। ਮੇਰੇ ਦੋਸਤ ਦੇ ਘਰ ਜਿਹੜਾ ਰੇਡੀਓ ਸੀ ਉਹ ਵੀ ਟੂ ਇਨ ਵਨ ਸੀ ਭਾਵ ਕਿ ਉਸ ਟੇਪ ਰਿਕਾਰਡ ਅਤੇ ਰੇਡੀਓ ਦੋਨੋਂ ਚੱਲਦੇ ਸਨ। ਰੇਡੀਓ ਵਾਲਾ ਪ੍ਰੋਗਰਾਮ ਨਾਲੋ ਨਾਲ ਰਿਕਾਰਡ ਵੀ ਕੀਤਾ ਜਾ ਸਕਦਾ ਸੀ। ਜਦੋਂ ਕੁਮੈਂਟਰੀ ਰੋਕ ਕੇ ਵਿਸ਼ੇਸ਼ ਸਮਾਚਾਰ ਬੁਲੇਟਿਨ ਦੀ ਗੱਲ ਕੀਤੀ ਤਾਂ ਮੈਂ ਭਾਂਪ ਗਿਆ ਕਿ ਕੋਈ ਖ਼ਾਸ ਘਟਨਾ ਵਾਪਰੀ ਹੋਵੇਗੀ ਜਿਸ ਕਰਕੇ ਵਿਸ਼ੇਸ਼ ਖ਼ਬਰਨਾਮਾ ਦਿੱਤਾ ਜਾ ਰਿਹਾ ਹੈ ਨਹੀਂ ਤਾਂ ਖ਼ਬਰਾਂ ਕਿਤੇ ਦੁਪਹਿਰੇ ਇੱਕ ਵੱਜ ਕੇ ਚਾਲੀ ਮਿੰਟ ਤੇ ਆਉਣੀਆਂ ਸਨ। ਮੈਂ ਇਕਦਮ ਟੇਪ ਰਿਕਾਰਡਿੰਗ ਵਾਲਾ ਬਟਨ ਦੱਬ ਦਿੱਤਾ ਤੇ ਖ਼ਬਰਾਂ ਦਾ ਵਿਸ਼ੇਸ਼ ਸਮਾਚਾਰ ਬੁਲੇਟਿਨ ਇਸ ਵਿੱਚ ਰਿਕਾਰਡ ਹੋ ਗਿਆ। ਪਰ ਇਹ ਇਤਿਹਾਸਿਕ ਖ਼ਬਰਨਾਮੇ ਵਾਲੀ ਟੇਪ ਮੇਰਾ ਦੋਸਤ ਸੰਭਾਲ ਨਾ ਸਕਿਆ। ਉਹਨੂੰ ਉਲਟਾ ਰੀਲ ਖ਼ਰਾਬ ਹੋਣ ਦਾ ਕੁਝ ਦੁੱਖ ਵੀ ਸੀ।

ਏਹਤੋਂ ਬਾਅਦ ਅਸੀਂ ਸ਼ਹਿਰ ਚ ਨਿਕਲ ਤੁਰੇ ਪਰ ਬਜ਼ਾਰ ਵਿੱਚ ਇਸ ਗੱਲ ਦਾ ਕਿਸੇ ਨੂੰ ਕੋਈ ਪਤਾ ਨਹੀਂ ਸੀ। ਜਿਵੇਂ ਅੱਜਕੱਲ੍ਹ ਹਰੇਕ ਹੱਟੀ ਤੇ ਦੁਕਾਨ ਨਾਲੋ ਨਾਲੋ ਟੀ.ਵੀ. ਵੀ ਦੇਖ ਰਹੇ ਹੁੰਦੇ ਹਨ ਉਹਨੀਂ ਦਿਨੀਂ ਕੋਈ ਦੁਕਾਨਦਾਰ ਹੱਟੀ ਤੇ ਰੇਡੀਓ ਨਹੀਂ ਸੀ ਰੱਖਦਾ ਹੁੰਦਾ ਤੇ ਨਾ ਅੱਜ ਵਾਂਗ ਮੋਬਾਇਲ ਫ਼ੋਨ ਹੁੰਦੇ ਸਨ ਕਿ ਨਾਲੋ ਨਾਲ ਖ਼ਬਰ ਅਗਾਂਹ ਪਤਾ ਲੱਗਦੀ ਜਾਵੇ। ਮੋਬਾਇਲ ਫ਼ੋਨ ਦੀ ਤਾਂ ਗੱਲ ਛੱਡੋ ਤਾਰਾਂ ਵਾਲਾ ਫ਼ੋਨ ਵੀ ਬਹੁਤ ਟਾਂਵੇਂ ਟੱਲੇ ਘਰਾਂ ਅਤੇ ਹੱਟੀਆਂ ਤੇ ਹੁੰਦੇ ਸੀ। ਅੱਜ ਦੇ ਹਾਲਾਤ ਮੁਤਾਬਿਕ ਇਹ ਯਾਦ ਕਰਕੇ ਬਹੁਤ ਹੈਰਾਨੀ ਹੁੰਦੀ ਹੈ ਕਿ ਪ੍ਰਧਾਨ ਮੰਤਰੀ ਦੇ ਗੋਲੀ ਵੱਜਣ ਨੂੰ ਕਈ ਘੰਟੇ ਹੋ ਗਏ ਸਨ ਤੇ ਰੇਡੀਓ ਤੇ ਆਈ ਖ਼ਬਰ ਨੂੰ ਇੱਕ ਘੰਟੇ ਤੋਂ ਵੱਧ ਟਾਈਮ ਹੋ ਗਿਆ ਸੀ ਪਰ ਬਜ਼ਾਰ 'ਚ ਕਿਸੇ ਨੂੰ ਪਤਾ ਵੀ ਨਹੀਂ। ਇੱਥੇ ਇਹ ਵੀ ਦੱਸਣਯੋਗ ਹੈ ਉਨ੍ਹੀਂ ਦਿਨੀਂ ਟੈਲੀਵਿਜ਼ਨ ਦਾ ਵੀ ਇੱਕੋ ਚੈਨਲ ਹੁੰਦਾ ਸੀ ਤੇ ਉਹ ਵੀ ਸਰਕਾਰੀ ਤੇ ਇਹ ਦਾ ਪ੍ਰੋਗਰਾਮ ਵੀ ਇੱਕ ਘੰਟਾ ਸਵੇਰੇ ਤੇ 2-3 ਘੰਟੇ ਸ਼ਾਮ ਨੂੰ ਚਲਦਾ ਸੀ। ਸ਼ਾਇਦ ਸਵੇਰ ਦਾ ਪ੍ਰੋਗਰਾਮ ਵੀ ਅਜੇ ਚੱਲਣਾ ਸ਼ੁਰੂ ਨਹੀਂ ਸੀ ਹੋਇਆ ਦੁਪਹਿਰ ਦੀ ਤਾਂ ਗੱਲ ਹੀ ਛੱਡੋ।

ਸੂਚਨਾ ਦਾ ਸਾਧਨ ਅਕਾਸ਼ਬਾਣੀ ਤੋਂ ਬਿਨਾਂ ਹੋਰ ਕੋਈ ਨਹੀਂ ਸੀ। ਇਸ ਤੋਂ ਇਲਾਵਾ ਬੀ.ਬੀ.ਸੀ. ਲੰਡਨ ਰੇਡੀਓ ਤੋਂ ਸਵੇਰੇ ਸੱਤ ਵਜੇ ਸ਼ਾਮ 8 ਵਜੇ ਹਿੰਦੀ ਦੀਆਂ ਖ਼ਬਰਾਂ ਨਸ਼ਰ ਹੁੰਦੀਆਂ ਸੀਗੀਆਂ। ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਦੇ ਪੁੱਤ ਰਾਜੀਵ ਗਾਂਧੀ ਨੇ ਵੀ ਆਪਣੀ ਮਾਂ ਤੇ ਹੋਏ ਜਾਨਲੇਵਾ ਹਮਲੇ ਦੀ ਖ਼ਬਰ ਵੀ ਬੀ.ਬੀ.ਸੀ. ਰੇਡੀਓ ਦੀ ਅੰਗਰੇਜ਼ੀ ਵਾਲੀ ਵਰਲਡ ਨਿਊਜ਼ ਸਰਵਿਸ ਰਾਹੀਂ ਦੁਪਹਿਰ ਦੇ ਸਾਢੇ ਬਾਰਾਂ ਵਜੇ ਵਾਲੇ ਬੁਲਿਟਿਨ ਤੋਂ ਸੁਣੀ। ਬਤੌਰ ਕਾਂਗਰਸ ਦੇ ਜਰਨਲ ਸਕੱਤਰ ਇੰਦਰਾ ਦਾ ਪੁੱਤਰ ਰਾਜੀਵ ਗਾਂਧੀ ਉਸ ਦਿਨ ਬੰਗਾਲ ਦੀ ਰਾਜਧਾਨੀ ਕਲਕੱਤਾ ਤੋਂ ਦੱਖਣ ਵੱਲ ਹੁਗਲੀ ਡੈਲਟਾ ਇਲਾਕੇ ਦੇ ਸਿਆਸੀ ਦੌਰੇ ਤੇ ਸੀ। ਪ੍ਰਧਾਨ ਮੰਤਰੀ ਦੀ ਮੌਤ ਦੀ ਖ਼ਬਰ ਨੂੰ ਸਰਕਾਰੀ ਤੰਤਰ ਜਾਣ ਬੁੱਝ ਕੇ ਲੁਕੋ ਰਿਹਾ ਸੀ ਤੇ ਰੇਡੀਓ ਤੋਂ ਸ਼ਾਮ 6 ਵਜੇ ਤੱਕ ਇਹ ਨਿਊਜ਼ ਲੁਕੋ ਕੇ ਰੱਖੀ ਗਈ।

ਰਾਜੀਵ ਗਾਂਧੀ ਦੇ ਕਾਫ਼ਲੇ ਨੂੰ ਇੱਕ ਪੁਲਿਸ ਦੀ ਗੱਡੀ ਨੇ ਰੋਕਿਆ ਤੇ ਉਸ ਨੂੰ ਇਹ ਸਿਰਫ਼ ਦੋ ਫ਼ਿਕਰਿਆਂ ਦਾ ਅੰਗਰੇਜ਼ੀ ਵਿੱਚ ਦਿੱਲੀਓਂ ਆਇਆ ਇਹ ਸੁਨੇਹਾ ਸੁਣਾਇਆ ਗਿਆ। "ਯੂ ਮਸਟ ਰਿਟਰਨ ਟੂ ਡੇਲੀ ਇਮੀਜੇਟਲੀ , ਬਿਕਾਜ਼ ਸਮਥਿੰਗ ਵੈਰੀ ਸੀਰੀਅਸ ਹੈਡ ਹੈਪਨਡ।" (ਤੁਹਾਨੂੰ ਫ਼ੌਰਨ ਦਿੱਲੀ ਮੁੜ ਜਾਣਾ ਚਾਹੀਦਾ ਹੈ ਕਿਉਂਕਿ ਉੱਥੇ ਕੋਈ ਵੱਡਾ ਭਾਣਾ ਵਰਤ ਗਿਆ ਹੈ) । ਰਾਜੀਵ ਗਾਂਧੀ ਫ਼ੌਰਨ ਹੈਲੀਪੈਡ ਤੇ ਗਿਆ ਜਿੱਥੋਂ ਹੈਲੀਕਾਪਟਰ ਰਾਹੀਂ ਉਹ ਕਲਕੱਤਾ ਹਵਾਈ ਅੱਡੇ ਪੁੱਜਿਆ। ਉੱਥੇ ਜਾ ਕੇ ਉਸ ਨੇ ਰੇਡੀਓ ਦੀ ਬੀ.ਬੀ.ਸੀ. ਵਰਲਡ ਸਰਵਿਸ ਸੁਣੀ ਜਿਸ ਤੋਂ ਦਿੱਲੀ 12:30 ਵਾਲੀਆਂ ਖ਼ਬਰਾਂ 'ਚ ਦਿੱਲੀ ਤੋਂ ਉਨ੍ਹਾਂ ਨੇ ਆਪਣੇ ਪੱਤਰਕਾਰ ਸਤੀਸ਼ ਜੈਕਬ ਦੀ ਘੱਲੀ ਹੋਈ ਖ਼ਬਰ ਪ੍ਰਸਾਰਿਤ ਕੀਤੀ। ਇਸ ਵਿੱਚ ਦੱਸਿਆ ਗਿਆ ਕਿ ਇੰਦਰਾ ਗਾਂਧੀ ਦੇ ਗੋਲੀਆਂ ਵੱਜੀਆਂ ਨੇ ਉਹਦੀ ਹਾਲਤ ਨਾਜ਼ੁਕ ਹੈ। ਇਸ ਤੋਂ ਕੁੱਝ ਮਿੰਟਾਂ ਬਾਅਦ ਹੀ ਬੀ.ਬੀ.ਸੀ. ਨੇ ਇੰਦਰਾ ਗਾਂਧੀ ਦੀ ਮੌਤ ਹੋਣ ਦੀ ਵੀ ਤਸਦੀਕ ਕਰ ਦਿੱਤੀ। ਇੱਥੋਂ ਇਹ ਗੱਲ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜੇ ਪ੍ਰਧਾਨ ਮੰਤਰੀ ਦਾ ਪੁੱਤਰ ਵੀ ਕਿਸੇ ਸਿਖਰਲੀ ਗੰਭੀਰ ਘਟਨਾ ਦੀ ਸਚਾਈ ਜਾਨਣ ਲਈ ਬੀ.ਬੀ.ਸੀ. ਰੇਡੀਓ ਤੇ ਨਿਰਭਰ ਹੋਇਆ ਹੋਵੇ ਤਾਂ ਉਨ੍ਹੀਂ ਦਿਨੀਂ ਕਿੰਨੀ ਕੁ ਸਚਾਈ ਲੋਕ ਰੇਡੀਓ ਤੋਂ ਸੁਣ ਸਕਦੇ ਹੋਣਗੇ।

ਖ਼ਬਰਾਂ ਦਾ ਦੂਜਾ ਸਾਧਨ ਖ਼ਬਰ ਏਜੰਸੀਆਂ ਦੇ ਟੈਲੀਪ੍ਰਿੰਟਰ ਹੁੰਦੇ ਸੀ। ਉਦੋਂ ਦੋ ਮੁੱਖ ਏਜੰਸੀਆਂ ਹੁੰਦੀਆਂ ਸੀ ਪੀ.ਟੀ ਆਈ ਤੇ ਯੂ.ਐਨ.ਆਈ ਤੇ ਉਹ ਵੀ ਦੋਨੋਂ ਸਰਕਾਰੀ। ਅੱਜ ਕੱਲ੍ਹ ਦੀ ਪੀੜ੍ਹੀ ਤੋਂ ਸ਼ਾਇਦ ਹੀ ਕਿਸੇ ਨੇ ਟੈਲੀਪ੍ਰਿੰਟਰ ਦੇਖਿਆ ਹੋਵੇ ਜਿਵੇਂ ਕਚਹਿਰੀਆਂ 'ਚ ਟਾਈਪਿਸਟ ਪੁਰਾਣੀਆਂ ਟਾਈਪ ਦੀਆਂ ਮਸ਼ੀਨਾਂ ਲਈ ਬੈਠੇ ਹੁੰਦੇ ਸੀ ਓਵੇਂ ਦੀ ਹੀ ਇੱਕ ਵੱਡੀ ਮਸ਼ੀਨ ਹੁੰਦੀ ਸੀ ਤੇ ਇਹ ਬਿਜਲੀ ਨਾਲ ਚੱਲਦੀ ਸੀ। ਅਖ਼ਬਾਰਾਂ ਦੇ ਹੈੱਡ ਕੁਆਟਰਾਂ 'ਚ ਅਜਿਹੇ ਟੈਲੀਪ੍ਰਿੰਟਰ ਲੱਗੇ ਹੁੰਦੇ ਸੀ। ਖ਼ਬਰ ਏਜੰਸੀ ਜਦੋਂ ਆਪਣੇ ਦਫ਼ਤਰ ਤੋਂ ਕੋਈ ਖ਼ਬਰ ਭੇਜਦੀ ਸੀ ਤਾਂ ਇਹਨਾਂ ਟੈਲੀਪ੍ਰਿੰਟਰਾਂ ਦੇ ਵਿੱਚ ਪਾਏ ਜਾਂਦੇ ਕਾਗ਼ਜ਼ ਦੇ ਰੋਲ ਤੇ ਇਹ ਟਾਈਪ ਹੋ ਜਾਂਦੀ ਸੀ। ਖ਼ਬਰ ਏਜੰਸੀ ਯੂ.ਐਨ.ਆਈ ਦਾ ਅਜਿਹਾ ਇੱਕ ਟੈਲੀਪ੍ਰਿੰਟਰ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਵਿੱਚ ਲੱਗਿਆ ਹੁੰਦਾ ਸੀ। ਪਟਿਆਲੇ ਇਹ ਦਫ਼ਤਰ ਵਿੱਚ ਬਾਰਾਂਦਰੀ ਬਾਗ਼ ਵਿੱਚ ਇੱਕ ਪੁਰਾਣੀ ਸ਼ਾਹੀ ਇਮਾਰਤ ਚ ਚੱਲਦਾ ਸੀ।

ਸ਼ਹਿਰ ਦੇ ਪੱਤਰਕਾਰਾਂ ਦਾ ਇਹ ਪੱਕਾ ਠਿਕਾਣਾ ਹੁੰਦਾ ਸੀ। ਇੱਥੇ ਬੈਠਦੇ ਉੱਠਦੇ ਮੇਰੇ ਕਈ ਪੱਤਰਕਾਰਾਂ ਨਾਲ ਚੰਗੇ ਤਾਲੁਕਆਤ ਸਨ ਜਿਨ੍ਹਾਂ ਚੋਂ ਪ੍ਰਮੁੱਖ ਟ੍ਰਿਬਿਊਨ ਦੇ ਸ਼੍ਰੀ ਵੀ.ਪੀ ਪ੍ਰਭਾਕਰ ਅਤੇ ਇੰਡੀਅਨ ਐਕਸਪ੍ਰੈੱਸ ਦੇ ਸ਼੍ਰੀ ਯੋਗਿੰਦਰ ਮੋਹਨ ਸਨ। ਉੱਥੇ ਤਾਇਨਾਤ ਇੱਕ ਸਹਾਇਕ ਲੋਕ ਸੰਪਰਕ ਅਫ਼ਸਰ ਅਤੇ ਬਹੁਤ ਨੇਕ ਇਨਸਾਨ ਸਰਦਾਰ ਉਜਾਗਰ ਸਿੰਘ ਨਾਲ ਦਿਲੀ ਨੇੜਤਾ ਹੋਣ ਕਾਰਨ ਇਹ ਦਫ਼ਤਰ ਆਪਣਾ ਹੀ ਲੱਗਦਾ ਸੀ । ਇੰਦਰਾ ਗਾਂਧੀ ਵਾਲੀ ਖ਼ਬਰ ਬਾਰੇ ਹੋਰ ਜਾਣਕਾਰੀ ਲੈਣ ਲਈ ਅਸੀਂ ਬਾਰਾਂਦਰੀ ਲੋਕ ਸੰਪਰਕ ਦਫ਼ਤਰ ਚਲੇ ਗਏ । ਉੱਥੇ ਇਹੀ ਗੱਲਾਂ ਚਲਦੀਆਂ ਸੀ । ਉੱਥੇ ਲੱਗਿਆ ਯੂ.ਐਨ.ਆਈ ਦਾ ਟੈਲੀਪ੍ਰਿੰਟਰ ਵੀ ਰੇਡੀਓ ਕੁ ਜਿੰਨੀ ਖ਼ਬਰ ਹੀ ਦੇ ਰਿਹਾ ਸੀ । ਹਾਲਾਂਕਿ ਬੀ.ਬੀ.ਸੀ ਦੀ ਵਰਲਡ ਸਰਵਿਸ ਤੋਂ ਪ੍ਰਧਾਨ ਮੰਤਰੀ ਦੀ ਮੌਤ ਵਾਲੀ ਖ਼ਬਰ ਇੱਕ ਵਜੇ ਪ੍ਰਸਾਰਿਤ ਹੋ ਚੁੱਕੀ ਸੀ ਪਰ ਇੱਥੇ ਕਿਸੇ ਨੂੰ ਇਹ ਨਹੀਂ ਸੀ ਪਤਾ ਕਿ ਬੀ.ਬੀ.ਸੀ ਤੋਂ ਦਿਨੇ ਵੀ ਖ਼ਬਰਾਂ ਆਉਂਦੀਆਂ ਨੇ । ਪਟਿਆਲੇ ਇੱਕ ਵੀਕਲੀ ਅਖ਼ਬਾਰ ਦੇ ਐਡੀਟਰ ਸਨ ਉਹਨਾਂ ਦਾ ਪੱਕਾ ਨਾਮ ਤਾਂ ਮੈਨੂੰ ਯਾਦ ਨਹੀਂ ਪਰ ਸਾਰੇ ਉਹਨਾਂ ਨੂੰ ਕਾਮਰੇਡ ਕਹਿ ਕੇ ਬੁਲਾਉਂਦੇ ਸਨ । ਲੋਕ ਸੰਪਰਕ ਦੇ ਦਫ਼ਤਰ ਵਿਚ ਕਾਮਰੇਡ ਸਾਹਿਬ ਨੇ ਆ ਕੇ ਖ਼ਬਰ ਦਿੱਤੀ ਕਿ ਰੇਡੀਓ ਪਾਕਿਸਤਾਨ ਨੇ 'ਤਾਸ' ਦੇ ਹਵਾਲੇ ਨਾਲ ਸ਼੍ਰੀਮਤੀ ਗਾਂਧੀ ਦੀ ਮੌਤ ਦੀ ਖ਼ਬਰ ਸੁਣਾਈ ਹੈ । 'ਤਾਸ' ਰੂਸ ਦੀ ਦੀ ਸਰਕਾਰੀ ਖ਼ਬਰ ਏਜੰਸੀ ਸੀ । ਰੂਸ ਭਾਰਤ ਦਾ ਗੂੜ੍ਹਾ ਮਿੱਤਰ ਸੀ । ਇਸ ਕਰਕੇ ਤਾਸ ਦੀ ਖ਼ਬਰ ਨੂੰ ਪੱਕਾ ਸੱਚ ਮੰਨ ਕੇ ਸਭ ਨੂੰ ਇਹ ਯਕੀਨ ਹੋ ਗਿਆ ਕਿ ਵਾਕਿਆ ਹੀ ਪ੍ਰਧਾਨ ਮੰਤਰੀ ਦੀ ਮੌਤ ਹੋ ਚੁੱਕੀ ਹੈ ।ਇਹ ਗੱਲ ਤਾਂ ਉਸ ਦਫ਼ਤਰ ਦੀ ਜਿੱਥੇ ਖ਼ਬਰ ਸਭ ਤੋਂ ਪਹਿਲਾਂ ਪਹੁੰਚਦੀ ਸੀ।

ਉਦੋਂ ਵਿਦੇਸ਼ੀ ਰੇਡੀਓਜ਼ ਚੋਂ ਸਿਰਫ਼ ਬੀ ਬੀ ਸੀ ਦੀ ਹਿੰਦੀ ਸਰਵਿਸ ਹੀ ਸੁਣੀ ਜਾਂਦੀ ਸੀ ਜੋ ਕਿ ਰਾਤ 8 ਵਜੇ ਸ਼ੁਰੂ ਹੁੰਦੀ ਸੀ ਸੋ ਬੀ ਬੀ ਸੀ ਦੀ ਆਲਮੀ ਅੰਗਰੇਜ਼ੀ ਸਰਵਿਸ ਦੀ ਖ਼ਬਰ ਆਮ ਲੋਕਾਂ ਤੱਕ ਨਾ ਪੁੱਜੀ।ਉਸ ਤੋਂ ਬਾਅਦ ਜਦੋਂ ਅਸੀਂ ਫੇਰ ਸ਼ਹਿਰ ਵਿਚ ਨਿਕਲੇ ਤਾਂ ਸਭ ਨੂੰ ਪ੍ਰਧਾਨ ਮੰਤਰੀ 'ਤੇ ਹੋਏ ਹਮਲੇ ਬਾਰੇ ਤਾਂ ਪਤਾ ਲੱਗ ਚੁੱਕਿਆ ਸੀ , ਮੌਤ ਦੀ ਖ਼ਬਰ ਤੋਂ ਸਾਰੇ ਬੇਖ਼ਬਰ ਸਨ ਤੇ ਉਦੋਂ ਤੱਕ ਬੇਖ਼ਬਰ ਰਹੇ ਜਦੋਂ ਤੱਕ ਸ਼ਾਮ 6 ਵਜੇ ਸਰਕਾਰ ਨੇ ਖ਼ੁਦ ਦਿਸ ਖ਼ਬਰ ਦਾ ਐਲਾਨ ਨਾ ਕੀਤਾ ।ਮੈਡਮ ਗਾਂਧੀ ਨੂੰ ਸਵੇਰੇ 9:18 ਵਜੇ ਤੇ ਗੋਲੀਆਂ ਲੱਗਣ ਮਗਰੋਂ 9:30 ਵਜੇ ਹਸਪਤਾਲ ਪਹੁੰਚਾ ਦਿੱਤਾ ਗਿਆ ਸੀ । ਮੈਡਮ ਦੀ ਹਾਲਤ ਦੇਖਣ ਮਗਰੋਂ ਡਾਕਟਰਾਂ ਨੇ ਇੰਦਰਾ ਗਾਂਧੀ ਦੇ ਉੱਥੇ ਹਾਜ਼ਰ ਖ਼ਾਸਮਖ਼ਾਸ ਬੰਦਿਆਂ ਆਰ.ਕੇ ਧਵਨ ਅਤੇ ਐਮ.ਐਲ. ਫੋਤੇਦਾਰ ਨੂੰ ਸਪਸ਼ਟ ਆਖ ਦਿੱਤਾ ਕੰਮ ਤਮਾਮ ਜਾਪਦਾ ਹੈ ਤੇ ਤੁਸੀਂ ਮੈਡਮ ਨੂੰ ਮਰ ਚੁੱਕੀ ਸਮਝ ਕੇ ਜੋ ਕੋਈ ਤਿਆਰੀ-ਬਿਆਰੀ ਕਰਨੀ ਹੈ ਉਹ ਸ਼ੁਰੂ ਕਰ ਸਕਦੇ ਹੋ। ਡਾਕਟਰਾਂ ਸ਼੍ਰੀਮਤੀ ਗਾਂਧੀ ਦੇ ਡੈੱਥ ਸਰਟੀਫਿਕੇਟ ਲਿਖਿਆ ਹੈ ਕਿ ਮੈਡਮ ਨੂੰ ਮੋਈ ਹਾਲਤ ਚ ਹੀ ਹਸਪਤਾਲ ਲਿਆਂਦਾ ਗਿਆ ਮਤਲਬ ਮੌਤ 9:30 ਤੋਂ ਵੀ ਪਹਿਲਾਂ ਹੋ ਚੁੱਕੀ ਸੀ ਤੇ ਸਿਖਰਲੇ ਅਫ਼ਸਰਾਂ ਨੂੰ ਪੂਰਾ ਇਲਮ ਵੀ ਹੋ ਚੁੱਕਿਆ ਸੀ ਤੇ ਸਰਕਾਰੀ ਤੰਤਰ ਨੇ ਪ੍ਰਧਾਨ ਮੰਤਰੀ ਦੀ ਮੌਤ ਦੀ ਖ਼ਬਰ ਨੂੰ ਲਗਭਗ 9 ਘੰਟੇ ਤੱਕ ਲਕੋਇਆ ਗਿਆ।ਪਰ 37 ਸਾਲ ਬੀਤਣ ਮਗਰੋਂ ਵੀ ਇਹ ਮੁੱਦਾ ਅਖ਼ਬਾਰੀ ਪੜਚੋਲ ਦਾ ਵਿਸ਼ਾ ਨਹੀਂ ਬਣਿਆ।

ਭਾਰਤ ਸਰਕਾਰ ਦੇ ਅਕਾਸ਼ਬਾਣੀ ਤੇ ਦੂਰ-ਦਰਸ਼ਨ ਰੇਡੀਓ ,ਟੈਲੀਵਿਜ਼ਨ ਵੱਲੋਂ ਸ਼ਾਮ 6 ਵਜੇ ਜਾ ਕੇ ਸ਼੍ਰੀਮਤੀ ਗਾਂਧੀ ਇੰਤਕਾਲ ਦੀ ਤਸਦੀਕ ਕਰਨ ਤੱਕ ਜ਼ਖ਼ਮੀ ਪ੍ਰਧਾਨ ਮੰਤਰੀ ਦੀ ਸੂਰਤੇਹਾਲ ਬਾਰੇ ਸਸਪੈਂਸ ਬਰਕਰਾਰ ਰਿਹਾ।ਭਾਵੇਂ ਵਿਦੇਸ਼ੀ ਰੇਡੀਓਜ਼ ਨੇ ਇਹ ਖ਼ਬਰ ਕਈ ਘੰਟੇ ਪਹਿਲਾਂ ਹੀ ਨਸ਼ਰ ਕਰ ਦਿੱਤੀ ਸੀ ਪਰ ਆਮ ਨਾਗਰਿਕ ਬਾਹਰਲੇ ਰੇਡੀਓ ਸਟੇਸ਼ਨ ਸੁਨਣ ਦਾ ਆਦੀ ਨਾ ਹੋਣ ਕਰਕੇ ਨਾ ਮਾਤਰ ਲੋਕਾਂ ਨੇ ਵਿਦੇਸ਼ੀ ਰੇਡੀਓਜ਼ ਦੀਆਂ ਇਹ ਖ਼ਬਰਾਂ ਸੁਣੀਆਂ।

ਸੋ ਪ੍ਰਧਾਨ ਮੰਤਰੀ ਦੀ ਮੌਤ ਵਾਲੀ ਖ਼ਬਰ ਸਭ ਤੋਂ ਪਹਿਲਾਂ ਕੀਹਨੇ ਮੂੰਹ ਚੋਂ ਕੱਢੀ ਇਹ ਜਾਨਣ ਲਈ ਦੇਖਦੇ ਹਾਂ ਘਟਨਾਵਾਂ ਦੀ ਕੀ ਤਰਤੀਬ ਸੀ।ਜਿਉਂ ਹੀ ਇੰਦਰਾ ਗਾਂਧੀ ਨੂੰ ਏਮਜ਼ ਹਸਪਤਾਲ ਚ ਪਹੁੰਚਾਇਆਂ ਗਿਆ ਤਿਉਂ ਹੀ ਇਹ ਹਸਪਤਾਲ ਪੱਤਰਕਾਰਾਂ ਵਾਸਤੇ ਮੇਨ ਨਿਊਜ਼ ਥੀਏਟਰ ਬਣ ਗਿਆ।ਪਰ ਇੱਥੋਂ 9 ਕਿਲੋਮੀਟਰ ਦੂਰ ਇੱਕ ਹੋਰ ਨਿਊਜ਼ ਥੀਏਟਰ ਸੀ ਜੀਹਦੇ ਵੱਲ ਕਿਸੇ ਪੱਤਰਕਾਰ ਦਾ ਧਿਆਨ ਨਹੀਂ ਗਿਆ ,ਇਹ ਥੀਏਟਰ ਰਾਮ ਮਨੋਹਰ ਲੋਹੀਆ ਹਸਪਤਾਲ ਸੀ।ਅਕਤੂਬਰ 1984 ਵਾਲੇ ਦਿਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸਵੇਰੇ 9 ਵੱਜ ਕੇ 18 ਮਿੰਟ 'ਤੇ ਗੋਲੀਆਂ ਮਾਰੀਆਂ ਗਈਆਂ ਤੇ ਉਨ੍ਹਾਂ ਨੂੰ 9 ਵੱਜ ਕੇ 30 ਮਿੰਟ 'ਤੇ ਹਸਪਤਾਲ ਪਹੁੰਚਾ ਦਿੱਤਾ ਗਿਆ। ਪ੍ਰਧਾਨ ਮੰਤਰੀ ਦੇ ਗੋਲੀਆਂ ਵੱਜਣ ਦੀ ਖ਼ਬਰ ਤਾਂ 10-11 ਵਜੇ ਤੱਕ ਅਕਾਸ਼ਬਾਣੀ ਵਾਲੇ ਸਰਕਾਰੀ ਰੇਡੀਓ ਦੇ ਜ਼ਰੀਏ ਨਸ਼ਰ ਹੋ ਗਈ ਸੀ।

ਪਰ ਮੌਤ ਦੀ ਖ਼ਬਰ ਦੇਣ ਵਾਲਾ ਸਭ ਤੋਂ ਪਹਿਲਾ ਰੇਡੀਓ ਬੀ.ਬੀ.ਸੀ.ਦੀ ਇੰਗਲਿਸ਼ ਸਰਵਿਸ ਸੀ ਜੀਹਨੇ ਦੁਪਹਿਰ 1 ਵਜੇ ਇਹ ਖ਼ਬਰ ਸੁਣਾਈ। ਹਸਪਤਾਲ ਵੱਲੋਂ ਇੰਦਰਾ ਗਾਂਧੀ ਦੀ ਮੌਤ ਦਾ ਬਕਾਇਦਾ ਐਲਾਨ ਏਮਜ਼ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਏ.ਐਨ. ਸਫ਼ਾਇਆ ਵੱਲੋਂ ਸ਼ਾਮ 4 ਵਜੇ ਓਪਰੇਸ਼ਨ ਥੇਟਰ ਦੇ ਬਾਹਰ ਕੀਤਾ। 12 ਵਜੇ ਸ਼੍ਰੀਮਤੀ ਗਾਂਧੀ ਦੇ ਨਿੱਜੀ ਸਕੱਤਰ ਆਰ.ਕੇ. ਧਵਨ ਨੇ ਹਸਪਤਾਲ ਦੇ ਬਾਹਰ ਆਉਂਦਿਆਂ ਇਹ ਕਿਹਾ ਕਿ ਅਜੇ ਕੁਝ ਨਹੀਂ ਆਖਿਆ ਜਾ ਸਕਦਾ ਕਿਉਂਕਿ ਮੈਡਮ ਹਾਲੇ ਓਪਰੇਸ਼ਨ ਥੇਟਰ ਵਿੱਚ ਹੀ ਨੇ । ਸਰਕਾਰੀ ਰੇਡੀਓ ਅਕਾਸ਼ਬਾਣੀ ਨੇ ਆਥਣੇ 6 ਵਜੇ ਮੌਤ ਦੀ ਖ਼ਬਰ ਦਿੱਤੀ। ਉਦੋਂ ਤੱਕ ਇਹੀ ਕਿਹਾ ਗਿਆ ਕਿ ਡਾਕਟਰ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਨੇ। ਪਰ ਓਧਰ ਗੋਲੀਆਂ ਮਾਰਨ ਵਾਲਾ ਸਰਦਾਰ ਸਤਵੰਤ ਸਿੰਘ ਸਵੇਰੇ ਲਗਭਗ ਪੌਣੇ 10 ਵਜੇ ਹੀ ਪ੍ਰਧਾਨ ਮੰਤਰੀ ਦੀ ਮੌਤ ਦਾ ਐਲਾਨ ਕਰ ਚੁੱਕਿਆ ਸੀ। ਸਰਕਾਰੀ ਤੰਤਰ ਨੇ ਸਤਵੰਤ ਸਿੰਘ ਦੇ ਐਲਾਨ ਨੂੰ ਪੂਰੇ ਜ਼ੋਰ ਨਾਲ ਲੁਕੋ ਕੇ ਰੱਖਿਆ। ਸਤਵੰਤ ਸਿੰਘ ਦੇ ਇਸ ਐਲਾਨ ਦੇ ਸੱਚੇ ਹੋਣ ਦੀ ਤਸਦੀਕ ਹਸਪਤਾਲ ਦੇ ਰਿਕਾਰਡ ਤੋਂ ਵੀ ਹੁੰਦੀ ਹੈ। ਹਸਪਤਾਲ ਦੇ ਡਾਕਟਰਾਂ ਨੇ ਬਕਾਇਦਾ ਲਿਖਿਆ ਹੈ ਕਿ ਇੰਦਰਾ ਗਾਂਧੀ ਨੂੰ ਮੋਈ ਹਾਲਤ ਵਿੱਚ ਹੀ ਹਸਪਤਾਲ ਲਿਆਂਦਾ ਗਿਆ।

ਬੀ.ਬੀ.ਸੀ. ਦਾ ਨਾਮਾਨਿਗਾਰ ਸਤੀਸ਼ ਜੈਕਬ 'ਦਾ ਟੈਲੀਗ੍ਰਾਫ਼' ਅਖ਼ਬਾਰ ਚ 26 ਅਕਤੂਬਰ 2014 ਨੂੰ ਛਪੀ ਇੱਕ ਇੰਟਰਵਿਊ ਵਿੱਚ ਦੱਸਦਾ ਹੈ ਕਿ 31 ਅਕਤੂਬਰ ਸਵੇਰੇ ਸਾਢੇ 9 ਵਜੇ ਜਦੋਂ ਮੈਂ ਆਪਦੇ ਘਰ ਨੂੰ ਜਿੰਦਾ ਮਾਰਕੇ ਹਟਿਆ ਹੀ ਸੀ ਤਾਂ ਮੈਨੂੰ ਅੰਦਰ ਟੈਲੀਫ਼ੋਨ ਦੀ ਘੰਟੀ ਖੜਕਦੀ ਸੁਣੀ। ਜਕਾਂ-ਤੱਕਾਂ ਵਿੱਚ ਮੈਂ ਜਿੰਦਾ ਖੋਲ੍ਹ ਕੇ ਮੁੜ ਅੰਦਰ ਵੜਿਆ ਤੇ ਟੈਲੀਫ਼ੋਨ ਸੁਣਿਆ। ਜਿਸ ਵਿੱਚ ਮੇਰੇ ਇੱਕ ਪੱਤਰਕਾਰ ਮਿੱਤਰ ਨੇ ਮੈਨੂੰ ਦੱਸਿਆ ਕਿ ਪ੍ਰਧਾਨ ਮੰਤਰੀ ਦੇ ਘਰ ਚ ਮੈਨੂੰ ਖ਼ੈਰ ਨਹੀਂ ਜਾਪਦੀ। ਹਫੜਾ-ਦਫੜੀ ਦੇ ਮਾਹੌਲ ਵਿੱਚ ਮੈਂ ਇੱਕ ਐਂਬੂਲੈਂਸ ਪ੍ਰਧਾਨ ਮੰਤਰੀ ਦੇ ਘਰੋਂ ਘੁੱਗੂ ਮਾਰਦੀ ਨਿਕਲਦੀ ਦੇਖੀ ਗਈ ਹੈ। ਜੈਕਬ ਦੱਸਦਾ ਹੈ ਕਿ ਮੈਂ ਫ਼ੌਰਨ ਰਾਜੀਵ ਗਾਂਧੀ ਦੇ ਸੈਕਟਰੀ ਵਿਨਸੈਂਟ ਜੌਰਜ ਨੂੰ ਫ਼ੋਨ 'ਤੇ ਸਿੱਧਾ ਹੀ ਪੁੱਛ ਲਿਆ ਕਿ ਇਹ ਭਾਣਾ ਕਿਵੇਂ ਵਾਪਰਿਆ। ਮੇਰੇ ਵੱਲੋਂ ਸਿੱਧਾ ਭਾਣਾ ਕਿਵੇਂ ਵਾਪਰਿਆ ਪੁੱਛਣ 'ਤੇ ਜਾਰਜ ਨੇ ਸਮਝਿਆ ਕਿ ਮੈਨੂੰ ਗੱਲ ਪਤਾ ਲੱਗ ਚੁੱਕੀ ਹੈ ਜਿਸ ਕਰਕੇ ਜਾਰਜ ਨੇ ਮੈਨੂੰ ਦੱਸ ਦਿੱਤਾ ਕਿ ਮੈਡਮ ਨੂੰ ਗੋਲੀਆਂ ਮਾਰੀਆਂ ਗਈਆਂ ਨੇ ਤੇ ਉਨ੍ਹਾਂ ਨੂੰ ਏਮਜ਼ ਹਸਪਤਾਲ ਲਿਜਾਇਆ ਗਿਆ ਹੈ। ਜੈਕਬ 10 ਵਜੇ ਸਿੱਧਾ ਏਮਜ਼ ਪੁੱਜ ਗਿਆ।

ਇੰਦਰਾ ਗਾਂਧੀ ਨੂੰ ਗੋਲੀਆਂ ਮਾਰਨ ਤੋਂ ਬਾਅਦ ਸਤਵੰਤ ਸਿੰਘ ਅਤੇ ਬੇਅੰਤ ਸਿੰਘ ਨੇ ਬਾਕੀ ਸਿਕਿਉਰਿਟੀ ਮੁਲਾਜ਼ਮਾਂ ਨੂੰ ਮੁਖ਼ਾਤਬ ਹੋ ਕੇ ਕਿਹਾ 'ਲਓ! ਅਸੀਂ ਜੋ ਕਰਨਾ ਸੀ ਕਰਤਾ ਹੁਣ ਜੋ ਥੋੜੀ ਮਰਜ਼ੀ ਆ ਤੁਸੀਂ ਕਰੋ'। ਸਿਕਿਉਰਿਟੀ ਮੁਲਾਜ਼ਮ ਉਨ੍ਹਾਂ ਨੂੰ ਫੜ੍ਹ ਕੇ ਕੁਆਟਰ ਗਾਰਡ ਵਿੱਚ ਲੈ ਗਏ ਕਿ ਦੋਵਾਂ ਨੂੰ ਗੋਲੀਆਂ ਮਾਰੀਆਂ ਤੇ ਉਨ੍ਹਾਂ ਨੂੰ ਮਰ ਚੁੱਕੇ ਸਮਝ ਲਿਆ। ਸਰਦਾਰ ਬੇਅੰਤ ਸਿੰਘ ਦੀ ਮੌਤ ਤਾਂ ਮੌਕੇ 'ਤੇ ਹੀ ਹੋ ਗਈ ਜਦ ਕਿ ਸਤਵੰਤ ਸਿੰਘ ਦੇ ਸਾਹ ਚਲਦੇ ਰਹੇ। ਦੋਵਾਂ ਨੂੰ ਐਂਬੂਲੈਂਸ ਵਿੱਚ ਪਾ ਕੇ ਰਾਮ ਮਨੋਹਰ ਲੋਹੀਆ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਦੇ ਹਸਪਤਾਲ ਪਹੁੰਚਣ ਤੋਂ ਪਹਿਲਾਂ ਹਸਪਤਾਲ ਦੇ ਅਮਲੇ ਨੂੰ ਇਹ ਇਤਲਾਹ ਮਿਲੀ ਸੀ ਕਿ ਪ੍ਰਧਾਨ ਮੰਤਰੀ ਦੇ ਗੋਲੀਆਂ ਵੱਜੀਆਂ ਨੇ ਤੇ ਉਨ੍ਹਾਂ ਨੂੰ ਇੱਥੇ ਲਿਆਇਆ ਜਾ ਰਿਹਾ ਹੈ।

ਰਾਮ ਮਨੋਹਰ ਲੋਹੀਆ ਹਸਪਤਾਲ ਵਿੱਚ ਯੂਰੋਲੋਜੀ ਡਿਪਾਰਟਮੈਂਟ ਦੇ ਹੈੱਡ ਡਾਕਟਰ ਰਾਜੀਵ ਸੂਦ ਨੇ ਉਪਰ ਦੱਸੇ ਦਿਨ ਦੀ 'ਦਾ ਟੈਲੀਗ੍ਰਾਫ਼' ਅਖ਼ਬਾਰ ਚ ਛਪੀ ਇੰਟਰਵਿਊ ਵਿੱਚ ਦੱਸਿਆ ਕਿ ਮੈਨੂੰ ਇੱਕ ਨਰਸ ਨੇ ਆ ਕੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਗੋਲੀਆਂ ਵੱਜੀਆਂ ਨੇ ਤੇ ਉਨ੍ਹਾਂ ਨੂੰ ਇੱਥੇ ਲਿਆਇਆ ਜਾ ਰਿਹਾ ਹੈ। ਮੈਨੂੰ ਮੇਰੇ ਸੀਨੀਅਰ ਨੇ ਕਿਹਾ ਕਿ ਤੁਸੀਂ ਛੇਤੀ ਕੈਜ਼ੁਇਲਿਟੀ ਵਿੱਚ ਚਲੇ ਜਾਓ। ਡਾ. ਸੂਦ ਦੱਸਦੇ ਹਨ ਕਿ ਮੈਂ ਹੈਰਾਨ ਹੋਇਆ ਕਿ ਜਦੋਂ ਕੈਜ਼ੁਇਲਿਟੀ ਵਿੱਚ ਪੁਲਿਸ ਵਾਲੇ ਸਤਵੰਤ ਸਿੰਘ ਤੇ ਬੇਅੰਤ ਸਿੰਘ ਨੂੰ ਲੈ ਆਏ। ਸਤੀਸ਼ ਜੈਕਬ ਨੂੰ ਜਿਹੜੇ ਬੰਦੇ ਨੇ ਇਹ ਖ਼ਬਰ ਦਿੱਤੀ ਸੀ ਕਿ ਉਹਨੇ ਪ੍ਰਧਾਨ ਮੰਤਰੀ ਦੇ ਘਰੋਂ ਐਂਬੂਲੈਂਸ ਨਿਕਲਦੀ ਦੇਖੀ ਹੈ ਉਹ ਸਤਵੰਤ ਸਿੰਘ ਵਾਲੀ ਹੀ ਸੀ। ਕਿਉਂਕਿ ਇੰਦਰਾ ਗਾਂਧੀ ਨੂੰ ਚੁੱਕਣ ਵੇਲੇ ਤਾਂ ਐਂਬੂਲੈਂਸ ਦਾ ਡਰਾਈਵਰ ਹੀ ਮੌਕੇ ਤੇ ਨਹੀਂ ਸੀ ਲੱਭਿਆ ਤੇ ਉਨ੍ਹਾਂ ਨੂੰ ਅੰਬੈਸਡਰ ਕਾਰ ਰਾਹੀਂ ਹੀ ਏਮਜ਼ ਹਸਪਤਾਲ ਵਿੱਚ ਲਿਜਾਇਆ ਗਿਆ। ਜੈਕਬ ਨੂੰ ਐਂਬੂਲੈਂਸ ਨਿਕਲਣ ਦੀ ਇਤਲਾਹ ਦੇਣ ਮੌਕੇ ਸਾਢੇ 9 ਦਾ ਟਾਈਮ ਸੀ ਜੀਹਦਾ ਮਤਲਬ ਇਹ ਨਿਕਲਦਾ ਹੈ ਕਿ ਸਤਵੰਤ ਸਿੰਘ ਨੂੰ ਵੱਧ ਤੋਂ ਵੱਧ ਪੌਣੇ 10 ਤੱਕ ਹਸਪਤਾਲ ਪੁਚਾ ਦਿੱਤਾ ਗਿਆ ਹੋਵੇਗਾ। ਇਹ ਓਹੀ ਟਾਈਮ ਹੈ ਜਦੋਂ ਸਤਵੰਤ ਸਿੰਘ ਨੇ ਇੰਦਰਾ ਗਾਂਧੀ ਦੀ ਮੌਤ ਹੋ ਜਾਣ ਦਾ ਐਲਾਨ ਕੀਤਾ।

ਡਾ. ਰਾਜੀਵ ਸੂਦ ਦੱਸਦੇ ਹਨ ਕਿ ਸਟਰੈਚਰ 'ਤੇ ਪਏ ਸਤਵੰਤ ਸਿੰਘ ਨੇ ਪੰਜਾਬੀ ਵਿੱਚ ਗਰਜ ਕੇ ਕਿਹਾ 'ਸ਼ੇਰਾਂ ਵਾਲਾ ਕੰਮ ਕਰ ਦਿੱਤਾ, ਮੈਂ ਉਹਨੂੰ ਮਾਰ ਦਿੱਤਾ ਹੈ।' ਜ਼ਾਹਿਰ ਹੈ ਕਿ ਡਾ. ਸੂਦ ਤੋਂ ਇਲਾਵਾ ਸਹਾਇਕ ਡਾਕਟਰਾਂ ਤੇ ਹੋਰ ਅਮਲੇ ਫੈਲੇ ਨੇ ਵੀ ਸਤਵੰਤ ਸਿੰਘ ਦੇ ਇਸ ਐਲਾਨ ਨੂੰ ਸੁਣਿਆ ਹੋਵੇਗਾ। ਸਤਵੰਤ ਸਿੰਘ ਦੀ ਰਾਖੀ 'ਤੇ ਦੋ ਪੁਲਿਸ ਮੁਲਾਜ਼ਮ ਕੈਜ਼ੁਐਲਟੀ ਦੇ ਅੰਦਰ ਖੜ੍ਹੇ ਕੀਤੇ ਗਏ। ਬਾਹਰ ਹੋਰ ਗਾਰਡ ਇਹ ਹਦਾਇਤ ਦੇ ਕੇ ਬਿਠਾਏ ਗਏ ਕਿ ਅੰਦਰਲੇ ਪਹਿਰੇਦਾਰਾਂ ਨੂੰ ਬਾਹਰ ਨਹੀਂ ਨਿਕਲਣ ਦੇਣਾ। ਇਹ ਖ਼ਤਰਾ ਸੀ ਕਿ ਅੰਦਰਲੇ ਮੁਲਾਜ਼ਮ ਬਾਹਰ ਆ ਕੇ ਸਤਵੰਤ ਸਿੰਘ ਵੱਲੋਂ ਆਖੀਆਂ ਤੇ ਹੋਰ ਕਹੀਆਂ ਜਾ ਸਕਣ ਵਾਲੀਆਂ ਗੱਲਾਂ ਬਾਹਰ ਲੀਕ ਨਾ ਕਰ ਦੇਣ। ਸੋ ਇਸ ਤਰੀਕੇ ਨਾਲ ਸਤਵੰਤ ਸਿੰਘ ਵੱਲੋਂ ਇੰਦਰਾ ਗਾਂਧੀ ਦੀ ਮੌਤ ਬਾਬਤ ਸਭ ਤੋਂ ਪਹਿਲਾਂ ਦੁਨੀਆ ਨੂੰ ਦਿੱਤੀ ਖ਼ਬਰ ਨੂੰ ਪੂਰਾ ਜ਼ੋਰ ਲਾ ਕੇ ਲਕੋਇਆ ਗਿਆ। ਭਾਵੇਂ ਇਹਨੂੰ ਲੁਕੋ ਲਿਆ ਗਿਆ ਪਰ ਸਭ ਤੋਂ ਪਹਿਲੀ ਖ਼ਬਰ ਸਤਵੰਤ ਸਿੰਘ ਨੇ ਹੀ ਜਾਰੀ ਕੀਤੀ ਸੀ। ਆਓ! ਹੁਣ ਦੇਖਦੇ ਹਾਂ ਕਿ ਪੌਣੇ 10 ਵਜੇ ਸਤਵੰਤ ਸਿੰਘ ਵੱਲੋਂ ਇੰਦਰਾ ਦੀ ਮੌਤ ਤਸਦੀਕ ਕਿੰਨੀ ਕੁ ਸਹੀ ਹੈ। ਪਹਿਲੀ ਗੱਲ ਇਹ ਕਿ ਇਸ ਗੱਲ ਦਾ ਸਭ ਤੋਂ ਵੱਧ ਇਲਮ ਸਤਵੰਤ ਸਿੰਘ ਨੂੰ ਹੀ ਸੀ ਕਿ ਇੰਦਰਾ ਗਾਂਧੀ ਦੇ ਕਿੰਨੀਆਂ ਗੋਲੀਆਂ ਵੱਜੀਆਂ ਨੇ ਤੇ ਕਿੱਥੇ-ਕਿੱਥੇ ਵੱਜੀਆਂ ਨੇ। ਸਤਵੰਤ ਸਿੰਘ ਨੇ ਆਪਣੀ ਸਟੇਨਗੰਨ 'ਚੋਂ 25 ਗੋਲੀਆਂ ਇੰਦਰਾ ਗਾਂਧੀ 'ਤੇ ਦਾਗ਼ੀਆਂ ਤੇ ਸਾਰੀਆਂ ਦੀਆਂ ਸਾਰੀਆਂ ਗੋਲੀਆਂ ਇੰਦਰਾ ਦੇ ਸਰੀਰ ਵਿੱਚ ਖੁੱਭੀਆਂ।ਸਿਰਫ਼ ਖੁੱਭੀਆਂ ਹੀ ਨਹੀਂ ਬਲਕਿ ਸਰੀਰ ਨੂੰ ਚੀਰ ਕੇ ਸਾਰ-ਪਾਰ ਲੰਘ ਗਈਆਂ। ਹਸਪਤਾਲ ਨੇ 30 ਗੋਲੀਆਂ ਵੱਜਣ ਦੀ ਤਸਦੀਕ ਕੀਤੀ ਹੈ। 6 ਗੋਲੀਆਂ ਬੇਅੰਤ ਸਿੰਘ ਦੇ ਪਸਤੌਲ 'ਚੋਂ ਚੱਲੀਆਂ। ਜਿਨ੍ਹਾਂ 'ਚੋਂ 1 ਗੋਲੀ ਇੱਕ ਹੋਰ ਪੁਲਿਸ ਮੁਲਾਜ਼ਮ ਨੂੰ ਵੱਜੀ। ਇੰਦਰਾ ਗਾਂਧੀ ਦੇ ਢਿੱਡ ਵਿੱਚ ਐਨ ਨੇੜਿਓਂ ਵੱਜੀਆਂ 30 ਗੋਲੀਆਂ ਨਾਲ ਹੀ ਉਨ੍ਹਾਂ ਦੇ ਜਿਉਂਦੇ ਬਚਣ ਦਾ ਕੋਈ ਚਾਂਸ ਨਹੀਂ ਹੋ ਸਕਦਾ। ਢਿੱਡ (abdomen)ਵਿੱਚ ਵੱਜੀਆਂ ਗੋਲੀਆਂ ਨੇ ਪਿੱਠ ਵਿੱਚ ਕਮਰੋੜ (sipnal chord ) ਵਾਲੇ 4 ਮਣਕੇ (vertebrae)ਵੀ ਉਡਾ ਦਿੱਤੇ ਸੀ। •ਬਾਕੀ ਸਫ਼ਾ 15 'ਤੇ ਪੜ੍ਹੋ

ਲੇਖਕ : ਗੁਰਪ੍ਰੀਤ ਸਿੰਘ ਮੰਡਿਆਣੀ
ਸੰਪਰਕ : 88726 64000

# ਨਵੰਬਰ 1984

## ਸਿੱਖਾਂ ਨਾਲ ਜੋ ਵਾਪਰਿਆ

## ਇਤਿਹਾਸ ਦੇ ਡੂੰਘੇ ਜ਼ਖਮ

ਲਗਾਤਾਰ 1947 ਤੋਂ ਸ਼ੁਰੂ ਹੋਇਆ ਹਿੰਦੋਸਤਾਨ ਦੀ ਸਰਕਾਰ ਵਲੋਂ ਸਿੱਖ ਕੌਮ ਨਾਲ ਨਾ ਇਨਸਾਫੀ ਦਾ ਦੌਰ ਜੋ ਅੱਜ ਤੱਕ ਚਲ ਰਿਹਾ ਹੈ ਅੱਜ ਵੀ ਜੂਨ 1984 ਤੋਂ ਲੈ ਕੇ ਨਵੰਬਰ 1984 ਤੱਕ ਦਾ ਛੇ ਮਹੀਨਿਆਂ ਦਾ ਸਫਰ ਸਿੱਖ ਕੌਮ ਲਈ ਇਕ ਆਤਮਿਕ ਦੁਖਾਂਤ ਹੈ, ਜਿਸ ਦੌਰਾਨ ਉਸ ਨੇ ਆਪਣੇ ਸਰਵਉੱਚ ਧਾਰਮਿਕ ਅਸਥਾਨ ਸ੍ਰੀ ਦਰਬਾਰ ਸਾਹਿਬ ਉੱਤੇ 'ਭਾਰਤ' ਦੇਸ਼ ਦੀਆਂ ਫੌਜਾਂ ਵਲੋਂ ਕੀਤੇ ਹਮਲੇ ਤੋਂ ਲੈ ਕੇ 'ਆਪਣੀਆਂ' ਹੀ ਫੋਰਸਾਂ ਦੀ 'ਨਿਗਰਾਨੀ' ਹੇਠ ਆਤਮ-ਨਿਰਭਰਤਾ ਤੋਂ ਸੱਖਣੇ ਲੋਕਾ ਵਲੋਂ ਕਤਲੇਆਮ ਦਾ ਸੰਤਾਪ ਹੰਡਾਇਆ ਹੈ। ਨਵੰਬਰ 1984 ਤੋਂ ਬਾਅਦ ਅੱਜ ਤੱਕ ਸਿੱਖ ਕੌਮ, ਭਾਰਤੀ ਢਾਂਚੇ ਵਲੋਂ ਮਿਲੇ ਅਨਿਆਂ ਤੇ ਬੇਇਨਸਾਫੀਆਂ ਨਾਲ ਘੁਲਦੀ ਆ ਰਹੀ ਹੈ। ਦੋ ਦਹਾਕੇ ਬੀਤ ਜਾਣ ਮਗਰੋਂ ਵੀ ਭਾਰਤੀ ਹਾਕਮਾਂ ਤੇ ਅਦਾਲਤੀ ਢਾਂਚਾ ਉਸ ਨੂੰ ਕੋਈ ਨਿਆਂ, ਇਨਸਾਫ ਦੇਣ ਤੋਂ ਅਸਲੋਂ ਮੁਨਕਰ ਰਿਹਾ ਹੈ।

ਅੱਜ ਤੱਕ ਨਾ 1978 , 1984 ਜਾਂ ਪੰਜਾਬ ਵਿੱਚ ਹੋਏ ਹਜ਼ਾਰਾਂ ਝੂਠੇ ਮੁਕਾਬਲਿਆਂ ਵਿੱਚ ਮਾਰੇ ਗਏ ਨੌਜਵਾਨਾਂ , ਬੱਚੇ , ਮਾਵਾਂ ਭੈਣਾਂ ਅਤੇ ਬਜ਼ੁਰਗਾਂ ਦੇ ਪਰਿਵਾਰਾਂ ਨੂੰ ਪੂਰੀ ਤਰਾਂ ਇਨਸਾਫ ਮਿਲਿਆ ਹੈ ਅਤੇ ਨਾ ਹੀ ਕੋਈ ਇਨਸਾਫ ਮਿਲਣ ਦੀ ਉਮੀਦ ਹੈ । ਹੱਦ ਤੋਂ ਵੱਧ ਇਸ ਗੱਲ ਤੇ ਹੋ ਜਾਂਦੀ ਹੈ ਜਦੋਂ ਸਾਡੇ ਹੀ ਲੋਕਾਂ ਵਲੋਂ ਬਣਾਏ ਹੋਏ ਲੀਡਰ ਸਭ ਤੋਂ ਵੱਧ ਧੋਖਾ ਦੇ ਜਾਂਦੇ ਹਨ ।

ਸਾਬਕਾ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਜਿਨ੍ਹਾਂ ਨੇ ਬਾਹਰਲੇ ਦੇਸ਼ਾਂ ਵਿੱਚ ਘੁੰਮਣ ਦਾ ਰਿਕਾਰਡ ਬਣਾਇਆ ਹੋਇਆ ਸੀ ਉਨ੍ਹਾਂ ਕੋਲ ਸਿੱਖ ਵਿਧਵਾਵਾਂ ਲਈ ਟਾਇਮ ਨਹੀਂ ਸੀ ਜੋ ਕਿ ਵਿਚਾਰੀਆਂ ਸਾਰੇ ਕੰਮ ਕਾਰ ਛੱਡ ਕਿ ਇਸ ਉਮੀਦ ਨਾਲ ਆਈਆਂ ਸਨ ਕਿ ਜਥੇਦਾਰ ਸਾਹਿਬ ਸਾਡੀ ਲੜਾਈ ਮੂਹਰੇ ਹੋ ਕਿ ਲੜਨਗੇ । ਅਖੌਤੀ ਜਥੇਦਾਰ ਸਾਹਿਬ ਨੇ ਲੜਾਈ ਤਾਂ ਕੀ ਲੜਨੀ ਸੀ ਵਿਧਵਾਵਾਂ ਨੂੰ ਮਿਲਣਾ ਵੀ ਮੁਨਾਸਿਬ ਨਾ ਸਮਝਿਆ ਸੀ

ਜੂਨ 1984 ਵਿਚ ਵਰਤਾਏ ਤੀਜੇ ਘੱਲੂਘਾਰੇ ਦੇ ਜ਼ਖਮਾਂ ਦੀ ਅਸਹਿ ਪੀੜ ਨੂੰ ਸਿੱਖ ਕੌਮ ਅਤੇ ਮਾਨਵਵਾਦੀ ਤੱਤਾਂ ਨੇ ਬੜੀ ਸ਼ਿੱਦਤ ਨਾਲ ਹੰਡਾਇਆ ਪਰ ਇਹ ਪੀੜ ਸਿੱਖ ਮਨਾਂ ਲਈ ਨਿਰੰਤਰ ਇਕ ਚੀਸ ਦਾ ਰੂਪ ਧਾਰਨ ਕਰ ਗਈ ਹੈ। ਇਹ ਇਕ ਅਜਿਹਾ ਇਤਿਹਾਸਕ ਮੋੜ ਸੀ ਜਿਥੋਂ ਸਿੱਖ ਕੌਮ ਨੇ ਆਪਣੇ ਪਿਛੋਕੜ 'ਤੇ ਝਾਤ ਮਾਰਨ ਦੇ ਨਾਲ ਨਾਲ ਆਪਣੇ ਭਵਿੱਖ ਦਾ ਰਾਹ ਵੀ ਵੇਖਣਾ ਤੇ ਅਖਤਿਆਰ ਕਰਨਾ ਸੀ। ਜੂਨ ਦੇ ਇਸ ਰੂਹਾਨੀ ਦੁਖਾਂਤ ਤੋਂ ਛੇ ਮਹੀਨੇ ਬਾਅਦ ਹੀ ਸਿੱਖ ਕੌਮ ਨੂੰ ਕਤਲੇਆਮ ਦਾ ਜ਼ੁਲਮ ਭੋਗਣਾ ਪਿਆ। ਇਹ ਵਰਤਾਰਾ ਦਿੱਲੀ ਸਮੇਤ ਦੇਸ਼ ਦੇ 108 ਸ਼ਹਿਰਾਂ ਵਿਚ ਵਾਪਰਿਆ। ਪਰ ਦੇਸ਼ ਦੀ ਰਾਜਧਾਨੀ ਦਿੱਲ਼ੀ ਦਾ ਸਿੱਖ ਕਤਲੇਆਮ, ਸਿੱਖ ਵਿਰੋਧੀ ਤਾਕਤਾਂ ਲਈ ਅਤੇ ਸਿੱਖਾਂ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ। ਦੇਸ਼ ਦੀ ਰਾਜਧਾਨੀ ਵਿਚ ਦੇਸ਼ ਦੇ ਰਖਵਾਲਿਆਂ ਦੀ ਨਿਗਰਾਨੀ ਹੇਠ ਜਿੱਥੇ ਹਕੂਮਤ ਵਿਚ ਭਾਈਵਾਲ ਉੱਘੇ ਆਗੂਆਂ ਨੇ ਆਪਣੇ ਜਨੂੰਨ ਤੇ ਆਪਣੀ ਤਾਕਤ ਦਾ ਮੁਜ਼ਾਹਰਾ ਕਰਕੇ ਸਿੱਖ ਕੌਮ ਨੂੰ ਇਹ ਵੰਗਾਰ ਪਾਈ ਕਿ ਉਹ ਸਿੱਖ ਕੌਮ ਨੂੰ ਦਰੜ ਕੇ ਰੱਖ ਦੇਣ ਦੀ ਹਿੰਮਤ ਰੱਖਦੇ ਹਨ, ਉੱਥੇ ਸਿੱਖ ਕੌਮ ਲਈ ਇਹ ਤੱਥ ਉੱਘੜ ਕੇ ਸਾਹਮਣੇ ਆਇਆ ਕਿ ਦੇਸ਼ ਵਿਚ ਉਹਨਾਂ ਦੀ ਸੁਰੱਖਿਆ ਲਈ ਬਹੁੜਨ ਵਾਲਾ ਕੋਈ ਨਹੀਂ ਹੈ। ਸੁਚੇਤ ਹੋਈ ਸਿੱਖ ਕੌਮ ਨੇ ਆਪਣੀ ਅਸੁਰੱਖਿਅਤਾ ਦੀ ਦੁਹਾਈ ਵੀ ਪਾਈ ਤੇ ਅਦਾਲਤੀ ਢਾਂਚੇ ਕੋਲੋਂ ਨਿਆਂ ਦੀ ਮੰਗ ਵੀ ਕੀਤੀ, ਪਰ ਬ੍ਰਾਹਮਣਵਾਦੀ ਤਾਕਤਾਂ ਦੇ ਇਸ਼ਾਰਿਆਂ 'ਤੇ ਚਲਣ ਵਾਲੀਆਂ ਅਦਾਲਤਾਂ ਵਲੋਂ ਸਿਵਾਏ ਖੱਜਲ-ਖੁਆਰੀ ਦੇ ਕੁੱਝ ਵੀ ਨਾ ਮਿਲ ਸਕਿਆ।ਪੁਲੀਸ ਫੋਰਸਾਂ ਦੇ ਪਹਿਰੇ ਹੇਠ ਜਨੂੰਨੀ ਹਿੰਦੂਆਂ ਨੇ ਸਿੱਖਾਂ ਦੇ ਗਲਾਂ ਵਿਚ ਟਾਇਰ ਪਾ ਪਾ ਕੇ ਅੱਗਾਂ ਲਾਈਆਂ, ਸਿੱਖ ਧੀਆਂ ਦੀ ਬੇਪੱਤੀ ਕੀਤੀ, ਕਾਰੋਬਾਰਾਂ ਦੀ ਲੁੱਟ ਮਚਾਈ, ਬਜ਼ੁਰਗਾਂ ਤੇ ਬੱਚਿਆਂ 'ਤੇ ਜ਼ੁਲਮ ਢਾਹੇ। ਹਕੂਮਤ ਦੇ ਕਪਟੀ ਮਨਸ਼ਿਆਂ ਅਨੁਸਾਰ ਸਰਕਾਰੀ ਮਸ਼ੀਨਰੀ ਦੇ ਪੁਰਜਿਆਂ, ਜਗਦੀਸ਼ ਟਾਈਟਲਰ, ਭਜਨ ਲਾਲ, ਐਚ.ਕੇ.ਐਲ. ਭਗਤ, ਸੱਜਣ ਕੁਮਾਰ, ਅਰਜਨ ਦਾਸ, ਧਰਮ ਦਾਸ ਸ਼ਾਸਤਰੀ ਜਿਹੇ ਸਿੱਖ ਵਿਰੋਧੀਆਂ ਨੇ ਜਨੂੰਨ ਦੀ ਅੱਗ ਨੂੰ ਬੜਾਵਾ ਦਿੱਤਾ ਤੇ ਸਿੱਖਾਂ ਦਾ ਜਾਨੀ ਮਾਲੀ ਨੁਕਸਾਨ ਕਰਨ ਤੇ ਉਹਨਾਂ ਦੀ ਇੱਜ਼ਤ ਦਾ ਖਿਲਵਾੜ ਕਰਨ ਲਈ ਹਿੰਦੂ ਅੱਤਵਾਦ ਨੂੰ ਫੈਲਾਇਆ। ਇਸ ਸਮਰਥਨ ਭਰਪੂਰ ਕਤਲੇਆਮ ਨੂੰ ਭਾਰਤੀ ਮੀਡੀਆ ਨੇ 'ਦਿੱਲੀ ਦੰਗਿਆਂ' ਦਾ ਨਾਂ ਦਿੱਤਾ। ਦੁਨੀਆਂ ਵਿਚ ਜਮਹੂਰੀਅਤ ਦਾ ਦਾਅਵਾ ਕਰਨ ਵਾਲਿਆਂ ਤੇ ਵੱਡੇ ਜੁਡੀਸ਼ਰੀ ਸਿਸਟਮ ਦੀਆਂ ਟਾਹਰਾ ਮਾਰਨ ਵਾਲਿਆਂ ਨੇ ਸਿੱਖ ਕਤਲੇਆਮ ਦੇ ਮੁੱਖ ਦੋਸ਼ੀਆਂ ਦਾ ਵਾਲ ਵੀ ਵਿੰਗਾ ਨਾ ਹੋਣ ਦਿੱਤਾ, ਸਗੋਂ ਇਸ ਤੋਂ ਵੱਧ ਉਹਨਾਂ ਨੂੰ ਕਮਿਸ਼ਨ-ਦਰ-ਕਮਿਸ਼ਨ ਵਾਲੀ ਚਾਣਕੀਆ ਨੀਤੀ 'ਤੇ ਚਲਦਿਆਂ ਇਨਸਾਫ ਲਈ ਭਟਕਦੇ ਰਹਿਣ ਲਈ ਮਜ਼ਬੂਰ ਕਰ ਦਿੱਤਾ।

ਭਾਰਤ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਵਾਪਰਿਆ ਸੀ ਕਿ ਆਪਣੀ ਸੁਰੱਖਿਆ ਲਈ ਸਿੱਖਾਂ 'ਤੇ ਨਿਰਭਰ ਰਹਿਣ ਵਾਲੇ ਹਿੰਦੂਆਂ ਨੇ ਸਰਕਾਰੀ ਸ਼ਹਿ ਦੇ ਬਲਬੂਤੇ ਅਤੇ ਦੇਸ਼ ਦੇ ਹਾਕਮਾਂ ਦੀ ਮਿਲੀਭੁਗਤ ਨਾਲ ਸਿੱਖ ਕੌਮ 'ਤੇ ਆਪਣੀ ਵਹਿਸ਼ੀਆਨਾ ਜ਼ੋਰ ਅਜ਼ਮਾਈ ਕੀਤੀ। ਇਹ ਪਹਿਲਾ ਮੌਕਾ ਸੀ ਜਦੋਂ 'ਆਜ਼ਾਦ' ਭਾਰਤ ਵਿਚ ਸਿੱਖਾਂ ਨੇ 'ਆਜ਼ਾਦ' ਹਿੰਦੂਆਂ ਹੱਥੋਂ ਆਪਣੀ ਪੱਤ ਰੁਲਦੀ ਵੇਖੀ ਸੀ। ਸਭ ਤੋਂ ਵੱਡਾ ਦੁਖਾਂਤ ਸਿੱਖਾਂ ਲਈ ਇਹ ਸੀ ਕਿ ਕੌਮ ਦੀ ਅਣਖ ਤੇ ਪੱਤ ਨਾਲ ਖੇਡਣ ਵਾਲੇ ਉਹ ਲੋਕ ਸਨ ਜੋ ਕਦੇ ਆਪਣੀ ਇੱਜਤ ਲਈ ਸਿੱਖਾਂ ਅੱਗੇ ਲੇਲੜੀਆਂ ਕੱਢਦੇ ਹੁੰਦੇ ਸਨ। ਜਨੂੰਨ ਵਿਚ ਆਏ ਹਿੰਦੂਆਂ ਨੇ ਆਪਣੀ ਤਾਕਤ ਦਾ ਮੁਜ਼ਾਹਰਾ ਕੀਤਾ, ਪਰ ਉਹਨਾਂ ਦੇ ਜ਼ੁਲਮਾਂ ਵਿਚ ਉਹਨਾ ਦੀ ਹੀਣ-ਭਾਵਨਾ ਤੇ ਅੰਦਰੂਨੀ ਸੱਖਣਤਾ ਪ੍ਰਬਲ ਰੂਪ ਵਿਚ ਝਲਕ ਰਹੀ ਸੀ। ਹਕੂਮਤ ਦਾ ਨਸ਼ਾ ਉਹਨਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਸੀ ਤੇ ਉਹਨਾਂ ਨੂੰ ਵਕਤ ਨੇ ਆਪਣੀ ਇਤਿਹਾਸਕ ਹਾਰ ਨੂੰ ਜਿੱਤ ਵਿਚ ਬਦਲਣ ਦਾ ਇਹ ਅਹਿਮ ਮੌਕਾ ਬਖਸ਼ਿਆ ਸੀ। ਆਪਣੀ ਇਸ ਨਿਗੂਣੀ ਜਿੱਤ ਦੀਆਂ ਇਹ ਲੋਕ ਲਗਾਤਾਰ ਖੁਸ਼ੀਆਂ ਮਨਾਉਂਦੇ ਆ ਰਹੇ ਸਨ ਤੇ ਸਰਕਾਰਾਂ ਦੀ ਛਤਰਛਾਇਆ ਹੇਠ ਆਪਣੇ ਜਸ਼ਨਾਂ ਵਿਚ 'ਦੇਸ਼-ਭਗਤ' ਹੋਣ ਦਾ ਢੌਂਗ ਰਚਦਿਆਂ ਇਹਨਾ ਕਦੇ ਵੀ ਸ਼ਰਮ ਮਹਿਸੂਸ ਨਹੀਂ ਕੀਤੀ। ਉਹਨਾਂ ਦੀਆਂ ਕਲੰਕਤ ਹੋਈਆਂ ਜ਼ਮੀਰਾਂ ਵੀ ਉਹਨਾਂ ਦੇ ਇਸ ਨਸ਼ੇ ਨੂੰ ਨਹੀਂ ਉਤਾਰ ਸਕੀਆਂ। ਉਹਨਾਂ ਦੇ ਦਾਗੀ ਕਿਰਦਾਰ, ਸਿੱਖੀ ਸਿਧਾਂਤਾਂ ਵਿਰੁੱਧ ਕੰਮ ਕਰ ਰਹੀ ਸਰਕਾਰੀ ਮਸ਼ੀਨਰੀ ਵਿਚ ਅਹਿਮ ਪੁਰਜ਼ਿਆਂ ਵਾਂਗ ਫਿੱਟ ਹੋ ਗਏ ਜਾਪਦੇ ਹਨ।

ਭਾਵੇਂ ਕਿ ਸਿੱਖੀ ਨੂੰ ਖੋਰਾ ਲਾਉਣ ਤੇ ਸਿੱਖਾਂ ਦੀ ਅਣਖ ਨੂੰ ਪੈਰੀਂ ਪਾਉਣ ਦੀਆਂ ਵਿਉਂਤਾਂ 1947 ਤੋਂ ਬਾਅਦ ਹੀ ਆਪਣੀ ਧਾਰਾ ਵਿਚ ਵਹਿ ਤੁਰੀਆਂ ਸਨ, ਪਰ ਨਵੰਬਰ 84 ਦੇ ਸਿੱਖ ਕਤਲੇਆਮ ਦੇ ਸੰਦਰਭ ਵਿਚ ਸਿੱਖਾਂ ਵਿਰੁੱਧ ਕੰਮ ਕਰ ਰਹੀਆਂ ਬ੍ਰਾਹਮਣਵਾਦੀ ਤਾਕਤਾਂ ਦਾ ਪਰਦਾ ਫਾਸ਼ ਹੋਇਆ ਹੈ, ਜਦੋਂ ਸਿੱਖਾਂ ਵਿਰੁੱਧ ਜ਼ਹਿਰ ਉਗਲ ਰਹੀਆਂ ਇਹਨਾਂ ਤਾਕਤਾਂ ਨੂੰ ਸਿੱਖਾਂ ਦਾ ਸ਼ਿਕਾਰ ਕਰਨ ਦਾ ਮੌਕਾ ਨਸੀਬ ਹੋਇਆ ਸੀ। ਦੂਜੇ ਪਾਸੇ ਇਸ ਮੌਕੇ ਸਿੱਖ ਕੌਮ ਦੇ ਅਵੇਸਲੇਪਣ ਤੇ ਆਪਣੀ ਜੰਗਜੂ ਬਿਰਤੀ ਨੂੰ ਬਾਣੀਆ ਮਾਰਕਾ ਬਿਰਤੀ ਵੱਲ ਝੁਕਾਅ ਦਾ ਤੱਥ ਵੀ ਸਾਹਮਣੇ ਆਇਆ, ਖਾਸ ਕਰਕੇ ਸਿੱਖ ਵਪਾਰੀ ਵਰਗ ਵਿਚ। ਦਿੱਲੀ ਵਿਚ ਸਿੱਖਾਂ ਦੇ ਘਰਾਂ 'ਤੇ ਚੜ੍ਹ ਕੇ ਆਈਆਂ ਹਿੰਦੂ ਅੱਤਵਾਦੀਆਂ ਦੀਆਂ ਭੀੜਾਂ ਨੂੰ ਸਿੱਖਾਂ ਵਲੋਂ ਉਸ ਵਿਰੋਧ ਤੇ ਟਕਰਾਅ ਦਾ ਸਾਹਮਣਾ ਨਹੀਂ ਕਰਨਾ ਪਿਆ, ਜਿਸ ਦੀ ਸਿੱਖਾਂ ਤੋਂ ਆਸ ਕੀਤੀ ਜਾ ਸਕਦੀ ਸੀ। ਸਿੱਖੀ ਦੀ ਆਨ-ਸ਼ਾਨ ਅਤੇ ਇੱਜ਼ਤ ਤੇ ਅਣਖ ਨਾਲ ਜਿਊਣ ਮਰਨ ਵਾਲਾ ਸਿੱਖ ਕਿਰਦਾਰ ਜੇ ਇਹਨਾਂ ਜਨੂੰਨੀਆਂ ਨੂੰ ਦਿੱਲੀ ਦੀਆਂ ਗਲੀਆਂ ਵਿਚ ਟੱਕਰਦਾ ਤਾਂ ਕਹਾਣੀ ਕੁਝ ਹੋਰ ਹੁੰਦੀ। ਦੇਸ਼ ਦੇ ਹਾਕਮਾਂ ਦੀਆਂ ਲੰਮੇ ਸਮੇਂ ਤੋਂ ਚੱਲ ਰਹੀਆਂ ਨੀਤੀਆਂ ਨੂੰ ਨਾ ਸਮਝ ਸਕਣ ਅਤੇ ਆਪਣੀ ਵਿਲੱਖਣਤਾ ਤੋਂ ਅਵੇਸਲੇਪਣ ਕਾਰਨ ਕੌਮ ਨੂੰ ਭਾਰੀ ਕੀਮਤ ਚੁਕਾਉਣੀ ਪਈ ਹੈ।

ਇਹ ਸਭ ਕੁਝ ਉਸ ਨਗਰੀ ਵਿਚ ਵਾਪਰਿਆ ਜਿੱਥੇ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਹਿੰਦੂ ਧਰਮ ਵਿਚ ਵਿਸ਼ਵਾਸ ਰੱਖਣ ਵਾਲਿਆਂ ਦੀ ਆਜ਼ਾਦੀ ਲਈ, ਮਾਨਵੀ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਸੀਸ ਕਟਵਾਇਆ ਸੀ। ਸਿੱਖੀ ਸਿਧਾਂਤਾਂ ਦੀਆਂ ਵਿਰੋਧੀ ਬ੍ਰਾਹਮਣੀ ਤਾਕਤਾਂ ਜਿਥੇ ਅਹਿਸਾਨਫਰਾਮੋਸ਼ੀ ਦਾ ਰੱਜ ਕੇ ਦਿਖਾਵਾ ਕਰ ਰਹੀਆਂ ਹਨ, ਉੱਥੇ ਆਪਣੇ ਮਨਸ਼ੇ ਤੇ ਮੰਤਵ ਨੂੰ ਅੱਗੇ ਵਧਾਉਣ ਲਈ ਹਰ ਪੱਖ ਤੋਂ ਆਪਣਾ 'ਕਾਰਜ-ਕਰਮ' ਪੂਰੀ ਦ੍ਰਿੜ੍ਹਤਾ ਨਾਲ ਕਰ ਰਹੀਆਂ ਹਨ। ਇਥੋਂ ਤੱਕ ਕਿ ਆਪਣੇ ਧਰਮ ਦੇ ਰੱਖਿਅਕ ਜਿਸ ਨੂੰ ਕਦੇ ਇਹਨਾਂ ਨੇ ਹੀ 'ਹਿੰਦ ਦੀ ਚਾਦਰ' ਕਹਿ ਕੇ ਸਤਿਕਾਰਿਆ ਸੀ, ਅੱਜ ਆਪਣੀਆਂ ਪਾਠ ਪੁਸਤਕਾਂ ਵਿਚ ਇਕ ਕਾਤਲ ਤੇ ਲੁਟੇਰਾ ਕਹਿਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾ ਰਿਹਾ। ਪੂਰੇ ਦੇਸ਼ ਵਿਚ ਹਿੰਦੂਆਂ ਨੂੰ ਸੁਰੱਖਿਆ ਪ੍ਰਦਾਨ ਕਰਨ ਵਾਲੇ ਸਰਬੰਸ ਦਾਨੀ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਹਾਰਿਆ ਹੋਇਆ ਜਰਨੈਲ ਤੇ ਭਟਕਿਆ ਹੋਇਆ ਦੇਸ਼-ਭਗਤ ਕਹਿ ਕੇ ਆਪਣੇ ਟੁੱਟੇ-ਫੁੱਟੇ ਕਿਰਦਾਰਾਂ ਨੂੰ ਚਮਕਾਉਣ ਦੀ ਹੋੜ ਇਹਨਾਂ ਵਿਚ ਅੱਜ ਵੀ ਪ੍ਰਬਲ ਹੈ। ਇਤਿਹਾਸ ਵਿਚ ਇਹਨਾਂ ਨਿਗੂਣੇ ਕਿਰਦਾਰਾਂ ਨੂੰ ਉੱਚਾ ਸਥਾਨ ਦੇਣ ਲਈ ਅਤੇ ਸਿੱਖ ਕਿਰਦਾਰਾਂ ਨੂੰ ਛੁਟਿਆਉਣ ਲਈ ਇਹ ਤਾਕਤਾਂ ਲਗਾਤਾਰ ਕੰਮ ਕਰ ਰਹੀਆਂ ਹਨ।

ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਨੂੰ ਜੇ ਉਸ ਘਟਨਾ ਨਾਲ ਮੇਲ ਕੇ ਦੇਖਿਆ ਜਾਵੇ ਜਿਸ ਵਿਚ ਅੰਗਰੇਜ਼ਾਂ ਵਲੋਂ ਲਾਲਾ ਲਾਜਪਤ ਰਾਏ ਤੇ ਉਸ ਦੇ ਸਾਥੀਆਂ ਉੱਤੇ ਲਾਠੀਚਾਰਜ ਕੀਤਾ ਗਿਆ ਸੀ, ਤਾਂ ਬਹੁਤ ਕੁਝ ਸਮਝ ਵਿਚ ਆ ਜਾਂਦਾ ਹੈ। ਇਹ ਫਾਸ਼ੀਵਾਦੀ ਤੇ ਗਾਂਧੀਵਾਦੀ ਤਾਕਤਾਂ ਲਾਲਾ ਲਾਜਪਤ ਰਾਏ ਨੂੰ ਦੋ ਸੋਟੀਆਂ ਦੀ ਮਾਰ ਝੱਲਣ ਕਾਰਨ ਇਤਿਹਾਸ ਵਿਚ ਇਕ ਉੱਚਾ ਕਿਰਦਾਰ ਬਣਾਉਣ ਦੇ ਸੁਪਨੇ ਸਿਰਜ ਕੇ ਚੱਲ ਰਹੀਆਂ ਹਨ ਤੇ ਇਸ ਸੰਬੰਧੀ ਉਹਨਾਂ ਨੇ ਲਗਾਤਾਰ ਕੰਮ ਵੀ ਕੀਤਾ ਹੈ। ਪੂਰੇ ਦੇਸ਼ ਦੀਆਂ ਪਾਠ ਪੁਸਤਕਾਂ ਵਿਚ ਆਉਣ ਵਾਲੀਆਂ ਪਨੀਰੀਆਂ ਨੂੰ ਉਸ ਦੀ 'ਮਹਾਨ ਕੁਰਬਾਨੀ' ਨੂੰ ਯਾਦ ਕਰਵਾਇਆ ਜਾਂਦਾ ਹੈ ਤੇ ਦੂਜੇ ਪਾਸੇ ਸਿੱਖ ਕਿਰਦਾਰਾਂ ਨੂੰ ਜਿਹਨਾਂ ਦੀ ਕੁਰਬਾਨੀ ਸਾਹਮਣੇ ਸਭ ਦਾ ਸਿਰ ਝੁਕ ਜਾਂਦਾ ਹੈ, ਛੁਟਿਆ ਕੇ ਸੁੰਗੜਾਉਣ ਦੀ ਕੋਸ਼ਿਸ਼ ਜਾਰੀ ਰਹੀ ਹੈ। ਲਾਲਾ ਲਾਜਪਤ ਰਾਏ 'ਤੇ ਅੰਗਰੇਜ਼ਾਂ ਵਲੋਂ ਕੀਤੇ ਗਏ ਲਾਠੀਚਾਰਜ ਦੇ ਮੁਕਾਬਲੇ ਵਿਚ ਦਿੱਲੀ ਦੀਆਂ ਗਲੀਆਂ ਵਿਚ ਹਕੂਮਤੀ ਨਸ਼ੇ ਵਿਚ ਆਏ ਜਨੂੰਨੀ ਹਿੰਦੂਆਂ ਵਲੋਂ ਖੇਡਿਆ ਗਿਆ ਸਿੱਖਾਂ ਦਾ ਸ਼ਿਕਾਰ ਬਹੁਤ ਜ਼ਿਆਦਾ ਮਾਅਨੇ ਰੱਖਦਾ ਹੈ, ਵਧੇਰੇ ਭਾਵੁਕ ਤੇ ਸੰਗੀਨ ਕਿਸਮ ਦਾ ਵਰਤਾਰਾ ਹੈ। ਇਸ ਮਹੱਤਵਪੂਰਨ ਘਟਨਾਕ੍ਰਮ ਨੂੰ ਇਤਿਹਾਸ ਵਿਚ ਸਾਂਭਣਾ ਸਿੱਖਾਂ ਲਈ ਅਹਿਮ ਜ਼ਰੂਰੀ ਹੈ, ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਇਸ ਤੋਂ ਸਬਕ ਸਿੱਖ ਸਕਣ ਤੇ ਆਪਣੇ ਵਿਰੋਧੀਆਂ ਦਾ ਹਰ ਪੱਖ ਤੋਂ ਮੁਕਾਬਲਾ ਕਰ ਸਕਣ। ਇਹ ਇਤਿਹਾਸ ਦੇ ਉਹ ਪਲ ਹਨ ਜੋ ਸਿੱਖਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦੇ ਹਨ ਤੇ ਇਸ ਨੂੰ ਪੈਦਾ ਹੋਏ ਖਤਰਿਆਂ ਤੋਂ ਚੇਤੰਨ ਕਰਵਾਉਂਦੇ ਹਨ। ਇਹ ਇਤਿਹਾਸ ਦੇ ਉਹ ਪਲ ਹਨ ਜਿਹੜੇ ਸਿੱਖਾਂ ਨੂੰ ਵੰਗਾਰ ਵੰਗਾਰ ਕੇ ਆਖ ਰਹੇ ਹਨ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਤੇ ਹਿੰਦੂਆਂ ਦੇ ਗਲੋਂ ਗ਼ੁਲਾਮੀ ਦਾ ਜੂਲਾ ਲਾਉਣ ਲਈ ਤੁਹਾਡੀਆਂ ਕੀਤੀਆਂ ਢੇਰ ਕੁਰਬਾਨੀਆਂ ਦਾ ਇਹ ਮੁੱਲ ਪਿਆ ਹੈ ਕਿ ਤੁਹਾਡੀ ਇੱਜ਼ਤ ਗਲੀਏ ਗਲੀ ਰੁਲੀ ਹੈ, ਤੇ ਤੁਹਾਡੀ ਅਣਖ ਦੇ ਗਲਾਂ ਵਿਚ ਟਾਇਰ ਪਾ-ਪਾ ਕੇ ਸਾੜਿਆ ਗਿਆ ਹੈ।

ਜੂਨ 84 ਤੋਂ ਨਵੰਬਰ 84 ਦੇ ਇਤਿਹਾਸਕ ਮੋੜ ਨੇ ਸਿੱਖ ਕੌਮ ਨੂੰ ਇਕ ਨਵਾਂ ਰਾਹ ਪ੍ਰਦਾਨ ਕੀਤਾ ਹੈ, ਜਿਥੋਂ ਉਸ ਨੂੰ ਆਪਣੀ ਮੰਜ਼ਲ ਦਿਸ ਪਈ ਹੈ। ਉਸ ਨੂੰ ਆਪਣੀ ਸੁਰੱਖਿਅਤਾ ਤੇ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਦਾ ਹੱਲ ਦਿਸ ਪਿਆ ਹੈ। ਹੁਣ ਲੋੜ ਹੈ ਕਿ ਇਹਨਾਂ ਪਲਾਂ ਨੂੰ ਆਪਣਿਆਂ ਹਿਰਦਿਆਂ ਵਿਚ ਸੰਭਾਲ ਕੇ ਆਪਣੇ ਰਾਹ ਰੌਸ਼ਨ ਰੱਖਿਆ ਜਾਵੇ ਤੇ ਮੰਜ਼ਲ ਵੱਲ ਵਹੀਰਾਂ ਘੱਤੀਆਂ ਜਾਣ। ਇਸ ਇਤਿਹਾਸਕ ਮੋੜ ਨੇ ਹੀ ਬਹੁਤ ਸਾਰੇ ਭਟਕੇ ਹੋਏ ਸਿੱਖਾਂ ਤੇ ਬਹੁਤ ਸਾਰੇ ਬੁੱਧੀਜੀਵੀਆਂ ਦੀ ਸੋਚ ਨੂੰ ਪਲਟਾ ਦਿੱਤਾ ਹੈ ਤੇ ਉਹ ਇਹ ਸੋਚਣ ਲਈ ਮਜ਼ਬੂਰ ਹੋ ਗਏ ਹਨ ਕਿ ਕੀ ਅਜਿਹੇ ਵਰਤਾਰੇ ਵਿਚ ਸਿੱਖਾਂ ਦੀ ਹੋਂਦ ਤੇ ਸਿੱਖੀ ਸਿਧਾਂਤ ਬਚੇ ਰਹਿ ਸਕਦੇ ਹਨ, ਤੇ ਕੀ ਸਿੱਖਾਂ ਤੇ ਪੰਜਾਬੀਆਂ ਦੀ ਅਣਖ ਸਿਰ ਉੱਚਾ ਕਰਕੇ ਜਿਉਂ ਸਕਦੀ ਹੈ ? ਇਹਨਾਂ ਸਾਰੇ ਸਵਾਲਾਂ ਦੇ ਜਵਾਬ ਹੁਣ ਲੱਭਣੇ ਨਹੀਂ ਪੈ ਰਹੇ, ਦਿਸ ਰਹੇ ਹਨ, ਮੂੰਹੋਂ ਬੋਲ ਰਹੇ ਹਨ, ਉਹਨਾਂ ਨੂੰ ਆਪ ਮੁਹਾਰੇ ਫੁਰ ਰਹੇ ਹਨ। ਇਸ ਲਈ ਇਹਨਾਂ ਇਤਿਹਾਸ ਦੇ ਖ਼ੂਨੀ ਪੰਨਿਆਂ 'ਤੇ ਅੰਕਿਤ ਹੋਈਆਂ ਅਨੇਕਾਂ ਕੁਰਬਾਨੀਆਂ ਨੂੰ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਹਿਰਦਿਆਂ 'ਤੇ ਉਭਾਰਨਾ ਹੋਵੇਗਾ, ਜਿਸ ਤੋਂ ਉਹ ਆਪਣੇ ਭਵਿੱਖ ਨੂੰ ਪੜ੍ਹ ਸਕਣ ਤੇ ਅੱਗਾ ਸਵਾਰ ਸਕਣ।

ਰਹੀ ਗੱਲ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੀ ਅਤੇ ਭਾਰਤੀ ਹਕੂਮਤਾਂ ਵਲੋਂ ਕੋਈ ਇਨਸਾਫ ਮਿਲਣ ਦੀ, ਇਹ 'ਰਾਮ-ਕਹਾਣੀ' ਹੁਣ ਬਹੁਤ ਪੁਰਾਣੀ ਹੋ ਚੁੱਕੀ ਹੈ। ਇਸ 'ਰਾਮ-ਕਹਾਣੀ' ਦੇ ਕੁਝ ਪਾਤਰ 'ਸਿੱਖੀ ਸਰੂਪ' ਵਾਲੇ ਵੀ ਬਣੇ ਹੋਏ ਹਨ ਜਿਹਨਾਂ ਨੂੰ ਸਿੱਖ ਵਿਧਵਾਵਾਂ ਦੇ ਮਨਾਂ ਦੀਆਂ ਚੀਕਾਂ ਦੋ ਦਹਾਕਿਆਂ ਤੋਂ ਨਹੀਂ ਸੁਣ ਰਹੀਆਂ। ਉਹਨਾਂ ਦੀਆਂ ਜ਼ਮੀਰਾਂ ਨੂੰ ਦਿੱਲੀ ਦੀਆਂ ਗਲੀਆਂ ਵਿਚੋਂ ਆਪਣੇ ਭਰਾਵਾਂ ਦੀਆਂ ਪੈਟਰੋਲ ਪਾ ਕੇ ਸਾੜੀਆਂ ਜਾ ਰਹੀਆਂ ਜਿੰਦਾਂ ਦੀਆਂ ਰੂਹਾਂ ਦੀਆਂ ਕੁਰਲਾਹਟਾਂ ਵੀ ਨਹੀਂ ਜਗਾ ਸਕੀਆਂ। ਦਿੱਲੀ ਦੀਆਂ ਗਲੀਆਂ ਵਿਚ ਕੌਮ ਦੀਆਂ ਧੀਆਂ ਦੀ ਲੁੱਟੀ ਜਾਂਦੀ ਪੱਤ ਉਹਨਾਂ ਦੀਆਂ ਲਾਲਸਾਈ ਬਿਰਤੀਆਂ ਨੂੰ ਨਹੀਂ ਤੋੜ ਸਕੀ। ਉਹਨਾਂ ਦੇ ਵਿਕੇ ਹੋਏ ਕਿਰਦਾਰ ਕੌਮ ਦੀਆਂ ਕੁਰਬਾਨੀਆਂ ਦਾ ਮੁੱਲ ਪਾਉਣ ਤੋਂ ਅਸਮਰੱਥ ਹੀ ਨਹੀਂ, ਹੀਣੇ ਤੇ ਸੱਖਣੇ ਹਨ। ਜੇ ਅਜਿਹੇ ਧੁੰਦੂਕਾਰੇ ਅੰਦਰ ਇਨਸਾਫ ਪ੍ਰਤੀ 'ਆਪਣਿਆਂ' ਦੀ ਇਹ ਪਹੁੰਚ ਹੈ ਤਾਂ ਫਿਰ ਉਹਨਾਂ ਤਾਕਤਾਂ ਤੋਂ ਕਿਹੜਾ ਨਿਆਂ ਮਿਲ ਸਕਦਾ ਜਿਹੜੀਆਂ 'ਆਜ਼ਾਦੀ' ਹਥਿਆਉਣ ਤੋਂ ਲੈ ਕੇ ਹੁਣ ਤਕ ਸਿੱਖ ਕੌਮ ਦਾ ਮਲੀਆਮੇਟ ਕਰਨ ਅਤੇ ਸਿੱਖੀ ਸਿਧਾਂਤਾਂ ਨੂੰ ਖੋਰਨ ਦੇ ਮਨਸ਼ੇ ਪਾਲ ਰਹੀਆਂ ਹਨ। ਕੀ ਸਿੱਖਾਂ ਨੂੰ ਉਹਨਾਂ ਫਾਸ਼ੀਵਾਦੀ ਤਾਕਤਾਂ ਤੋਂ ਕੋਈ ਇਨਸਾਫ ਮਿਲ ਸਕਦਾ ਹੈ ਜਿਹੜੀਆਂ ਸਿੱਖਾਂ ਦੀਆਂ ਕੁਰਬਾਨੀਆਂ ਨਾਲ ਮਿਲੀ ਆਜ਼ਾਦੀ ਤੋਂ ਬਾਅਦ ਇਹ ਹੁਕਮਨਾਮੇ ਜਾਰੀ ਕਰਨ ਕਿ ਸਿੱਖ ਜਰਾਇਮ ਪੇਸ਼ਾ ਕੌਮ ਹਨ ਤੇ ਦੂਜੇ ਦਰਜੇ ਦੇ ਸ਼ਹਿਰੀ ਹਨ ? ਜਿਹੜੇ ਹਾਕਮ ਸਿੱਖਾਂ ਨੂੰ ਇਕ ਕੌਮ ਮੰਨਣ ਤੋਂ ਵੀ ਇਨਕਾਰੀ ਹਨ ਉਹ ਉਹਨਾਂ ਦੇ ਹੱਕਾਂ, ਉਹਨਾਂ ਦੀਆਂ ਮੰਗਾਂ ਜਾਂ ਇਨਸਾਫ ਪ੍ਰਤੀ ਕਿਹੜੀ ਪਾਰਦਰਸ਼ੀ ਪਹੁੰਚ ਅਪਨਾ ਸਕਦੇ ਹਨ ? ਇਸ ਪ੍ਰਤੀ ਕੋਈ ਦੋ ਰਾਵਾਂ ਨਹੀਂ ਹਨ। ਅਟੱਲ ਸੱਚਾਈ ਤਾਂ ਇਹ ਹੈ ਕਿ ਗੁਰੂ ਸਾਹਿਬਾਨ ਦੇ ਵੇਲੇ ਤੋਂ ਬ੍ਰਾਹਮਣਵਾਦੀ ਢਾਂਚੇ ਨੂੰ ਵੰਗਾਰ ਪਾਉਣ ਵਾਲੇ ਸਿੱਖੀ ਸਿਧਾਂਤਾਂ ਦਾ ਡਰ ਇਹਨਾਂ ਨੂੰ ਵੱਢ-ਵੱਢ ਖਾ ਰਿਹਾ ਹੈ। ਸਿੱਖ ਕੌਮ 'ਤੇ ਢਾਹੇ ਕਹਿਰਾਂ ਤੇ ਨਸਲਕੁਸ਼ੀ ਕਰਨ ਲਈ ਚਲਾਈਆਂ ਸਰਕਾਰੀ ਮੁਹਿੰਮਾਂ ਇਸੇ ਡਰ ਵਿਚੋਂ ਪੈਦਾ ਹੋਈਆਂ ਹਨ। ਹਰਿਮੰਦਰ ਸਾਹਿਬ 'ਤੇ ਹਮਲੇ ਅਤੇ ਦਿੱਲੀ ਦਾ ਸਿੱਖ ਕਤਲੇਆਮ ਇਹਨਾਂ ਦੀਆਂ ਨੀਤੀਆਂ ਦਾ ਸਿਖਰ ਹੈ।

ਨਵੰਬਰ 1984 ਤੋਂ ਲੈ ਕੇ ਹੁਣ ਤੱਕ ਦੇ ਸਿੱਖ ਕੌਮ ਦੇ ਆਗੂ ਤੇ ਕੁਝ ਸੁਹਿਰਦ ਤੱਤ ਇਨਸਾਫ ਦੀ ਮੰਗ ਨੂੰ ਲੈ ਕੇ ਚੱਲ ਰਹੇ ਹਨ। ਹਾਲਾਂ ਕਿ ਉਹਨਾਂ ਨੂੰ ਇਸ ਗੱਲ ਦਾ ਦਿੱਡੋਂ ਚਾਨਣ ਹੈ ਕਿ ਅਜਿਹੇ ਗੰਧਲੇ ਤੇ ਕਮੀਨਗੀ ਭਰੇ ਚੱਲ ਰਹੇ ਵਰਤਾਰੇ ਵਿਚੋਂ ਸਿੱਖਾਂ ਨੂੰ ਕੋਈ ਇਨਸਾਫ ਨਹੀਂ ਮਿਲਣ ਵਾਲਾ। ਅਜਿਹਾ ਕਰੀ ਜਾਣਾ ਕੇਵਲ ਝੋਟੇ ਅੱਗੇ ਬੀਨ ਵਜਾਉਣ ਦੇ ਬਰਾਬਰ ਹੈ। ਕੌਮ ਨੇ ਜਿਵੇਂ ਜੂਨ ਤੋਂ ਲੈ ਕੇ ਨਵੰਬਰ ਤਕ ਦਾ ਰੂਹਾਨੀ ਸੰਤਾਪ ਹੰਢਾਇਆ ਹੈ, ਉਸੇ ਤਰ੍ਹਾਂ ਉਸ ਨੂੰ ਹੁਣ ਇਸ ਅਦਾਲਤੀ ਬੇਇਨਸਾਫੀ ਤੇ ਅਨਿਆਂ ਦਾ ਵੀ ਕੌੜਾ ਘੁੱਟ ਭਰਨਾ ਹੀ ਪੈਣਾ ਹੈ। ਭਾਰਤੀ ਢਾਂਚੇ ਵਲੋਂ ਮਿਲੀ ਇਸ ਬੇਇਨਸਾਫੀ ਨੂੰ ਵੀ ਇਕ ਹੋਰ ਵਰਤਾਰਾ ਸਮਝ ਕੇ ਅੱਗੇ ਤੁਰਨ ਵਿਚ ਹੀ ਸੋਝੀ ਤੇ ਸਿਆਣਪ ਹੈ। ਹੁਣ ਕੇਵਲ ਲੋੜ ਹੈ ਇਤਿਹਾਸ ਦੇ ਇਸ ਅਹਿਮ ਮੋੜ 'ਤੇ ਬੀਤੇ ਦੋ ਦਹਾਕਿਆਂ ਦੇ ਵਰਤਾਰੇ ਤੋਂ ਸਿੱਖਣ ਦੀ ਤੇ ਇਸ ਦੇ ਅਸਰਾਂ ਪ੍ਰਭਾਵਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੇ ਮਨਾਂ ਵਿਚ ਵਸਾਉਣ ਦੀ।

ਸਿੱਖੀ ਦੀਆਂ ਸ਼ਾਨਦਾਰ ਰਵਾਇਤਾਂ ਤੇ ਅਣਖੀਲੇ ਇਤਿਹਾਸ ਦੀ ਮਰਿਆਦਾ ਨੂੰ ਕਾਇਮ ਰੱਖਦਿਆਂ ਸਿੱਖਾਂ ਨੂੰ ਕਿਸੇ ਤੋਂ ਇਨਸਾਫ, ਨਿਆਂ ਦੀ ਭੀਖ ਮੰਗਣ ਦੀ ਲੋੜ ਨਹੀਂ ਹੈ, ਲੋੜ ਹੈ ਕੌਮ ਨੂੰ ਸੁਚੇਤ ਕਰਨ ਦੀ ਤੇ ਹੱਕਾਂ ਦੀ ਆਵਾਜ਼ ਨੂੰ ਬੁਲੰਦ ਕਰਨ ਦੀ। ਅੱਜ ਜੋ ਕੁਝ ਸਿੱਖ ਆਗੂਆਂ ਵਲੋਂ ਸਿੱਖ ਹੱਕਾਂ ਤੇ ਇਨਸਾਫ ਲਈ ਆਵਾਜ਼ ਉਠਾਈ ਜਾ ਰਹੀ ਹੈ, ਉਹ ਇਸ ਰੌਲ-ਘਚੋਲੇ ਅੰਦਰ ਇਕ ਤੂਤੀ ਵੱਜਣ ਦੇ ਬਰਾਬਰ ਹੈ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਅੱਜ ਵੀ ਕੁਝ ਸਿੱਖ ਆਗੂ ਅਜਿਹੀਆਂ ਮੰਗਾਂ ਤੇ ਇਨਸਾਫ ਨੂੰ ਲੈ ਕੇ ਅਜੇ ਵੀ ਕੌਮ ਦੇ ਜਜ਼ਬਾਤਾਂ ਨਾਲ ਖੇਡ ਰਹੇ ਹਨ ਤੇ ਕੌਮੀ ਜਜ਼ਬੇ ਨੂੰ ਆਪਣੇ ਰਾਜਸੀ ਮੁਫਾਦਾਂ ਲਈ ਵਰਤ ਰਹੇ ਹਨ। ਉਹਨਾਂ ਲਈ ਵਾਕਿਆ ਹੀ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਹੋਇਆ ਸਿੱਖ ਕਤਲੇਆਮ ਇਕ ਦੰਗੇ ਹੀ ਬਣ ਕੇ ਰਹਿ ਗਏ ਹਨ। ਹਕੀਕਤ ਇਹ ਹੈ ਕਿ ਦੇਸ਼ ਦੀ ਰਾਜਧਾਨੀ ਸਮੇਤ 108 ਸ਼ਹਿਰਾਂ ਵਿਚ ਹੋਇਆ ਸਿੱਖਾਂ ਦਾ ਕਤਲੇਆਮ ਪੂਰੀ ਸਿੱਖ ਕੌਮ ਨੂੰ ਆਪਣੀ ਹੋਂਦ ਬਚਾਉਣ ਤੇ ਆਪਣੇ ਸਿਧਾਂਤਾਂ ਨੂੰ ਬਰਕਰਾਰ ਰੱਖਣ ਲਈ ਇਕ ਵੰਗਾਰ ਹੈ। ਇਸ ਵੰਗਾਰ ਤੋਂ ਬਾਅਦ ਕੌਮ ਨੇ ਦੋ ਦਹਾਕੇ ਇਨਸਾਫ ਦਾ ਇੰਤਜ਼ਾਰ ਕੀਤਾ ਹੈ, ਪਰ ਹੁਣ ਉਸ ਕੋਲ ਇਨਸਾਫ ਮੰਗਣ ਦਾ ਨਹੀਂ ਇਨਸਾਫ ਲੈਣ ਦਾ ਇਕੋ ਇਕ ਰਸਤਾ ਬਾਕੀ ਹੈ। 'ਮਹਾਤਮਾ' ਮੋਹਨ ਦਾਸ ਕਰਮਚੰਦ ਗਾਂਧੀ ਦੇ ਅਨੁਸਾਰ ਜੇ ਹਕੂਮਤ ਨੇ ਸਿੱਖਾਂ ਨਾਲ ਕੋਈ ਬੇਇਨਸਾਫੀ ਕੀਤੀ ਤਾਂ ਸਿੱਖਾਂ ਕੋਲ ਚਲਾਉਣ ਲਈ ਤਲਵਾਰ ਵੀ ਹੈ। ਉਹ ਆਪਣੇ ਹੱਕ ਲੈਣਾ ਜਾਣਦੇ ਹਨ।ਅੱਜ ਸਮੁੱਚੀ ਸਿੱਖ ਕੌਮ ਦੋ ਦਹਾਕਿਆਂ ਤੋਂ ਭਾਰਤੀ ਕਾਨੂੰਨ ਦੇ ਕਰਤਬ ਦੇਖਦੀ ਆ ਰਹੀ ਹੈ। ਇਸ ਦੇ ਕਾਨੂੰਨੀ ਢਾਂਚੇ ਨੇ ਸਿੱਖਾਂ ਦਾ ਤਮਾਸ਼ਾ ਬਣਾ ਰੱਖਿਆ ਹੈ ਤੇ ਅਦਾਲਤਾਂ ਇਸ ਤਮਾਸ਼ੇ ਦਾ ਅਖਾੜਾ ਬਣੀਆਂ ਹੋਈਆਂ ਹਨ। ਇਸ ਤਮਾਸ਼ੇ ਨੂੰ ਖੇਡ ਰਹੇ ਗਾਂਧੀਵਾਦੀਆਂ ਦੇ ਹਮਜੋਲੀ ਬਣੇ ਪੰਜਾਬ ਦੇ ਸਿੱਖ ਆਗੂ ਵੀ ਉਸੇ ਹਾਸੇ-ਠੱਠੇ ਦਾ ਸ਼ਿਕਾਰ ਹਨ, ਜਿਸ ਹਾਸੇ-ਠੱਠੇ ਨੂੰ ਵਧਾਉਣ ਲਈ ਹੁਣ ਦੇ ਪ੍ਰਧਾਨ ਮੰਤਰੀ ਅਤੇ ਭਾਜਪਾ ਦੇ ਆਗੂ ਨਰਿੰਦਰ ਮੋਦੀ ਨੇ 2008 ਵਿੱਚ ਇਕ ਟਿੱਪਣੀ ਵਿਚ ਕਿਹਾ ਸੀ ਕਿ "ਸਿੰਘਾਂ ਦੇ ਬਾਰਾ ਵੱਜ ਗਏ ਹਨ"। ਅਜਿਹੀ ਟਿੱਪਣੀ ਕਰਕੇ ਜਿਥੇ ਉਸ ਨੇ ਆਪਣੀ ਹੀਣ-ਭਾਵਨਾ ਤੇ ਮੁਜ਼ਾਹਰਾ ਤਾਂ ਕੀਤਾ ਸੀ, ( ਤੇ ਉਸ ਨੇ ਸਿੱਖ ਪ੍ਰਧਾਨ ਮੰਤਰੀ ਦਾ ਮਜ਼ਾਕ ਉਡਾਉਣ ਵਿੱਚ ਵੀ ਝਿਜਕ ਨਹੀਂ ਸੀ ਸਮਝੀ ) ਉਥੇ ਪੰਜਾਬ ਦੇ ਸਿੱਖ ਲੀਡਰਾਂ ਵਲੋਂ ਇਸ ਪ੍ਰਤੀ ਧਾਰੀ ਚੁੱਪ ਇਸ ਗੱਲ ਦਾ ਸਬੂਤ ਹੈ ਕਿ ਉਹ ਆਪਣੀ ਕੌਮ ਦਾ ਤਮਾਸ਼ਾ ਦੇਖਣ ਵਾਲੇ ਤਮਾਸ਼ਬੀਨਾਂ ਵਿਚ ਸ਼ਾਮਲ ਹਨ। ਉਸ ਵਲੋਂ ਕੀਤੀ ਗਈ ਟਿੱਪਣੀ ਨਵੰਬਰ 1984 ਵਿਚ ਪਈ ਸਿੱਖਾਂ ਨੂੰ ਵੰਗਾਰ ਵਿਚ ਵਾਧਾ ਕਰਦੀ ਹੈ ਤੇ ਚਿੜ੍ਹਾਉਂਦੀ ਹੈ।

# ਨਵੰਬਰ 1984

## ਸਿੱਖਾਂ ਨਾਲ ਜੋ ਵਾਪਰਿਆ ਉਹ ਭਾਰਤੀ ਮੀਡੀਆ ਦੀ ਜ਼ੁਬਾਨੀ ਜਿਨ੍ਹਾਂ ਕੁ ਸਾਹਮਣੇ ਆਇਆ



ਉਸ ਦੀ ਪੱਗ ਉਤਾਰੀ ਗਈ, ਉਸ ਨੂੰ ਕੁੱਟਿਆ ਗਿਆ। ਉਸ ਦਾ ਸਕੂਟਰ ਉਥੇ ਹੀ ਸਾੜ ਦਿੱਤਾ ਗਿਆ। ਉਦੋਂ ਹੀ ਸਾਈਕਲ ਤੇ ਜਾਂਦੇ ਇਕ ਸਿੱਖ ਤੇ ਹਮਲਾ ਕੀਤਾ ਗਿਆ। ਸਾਈਕਲ ਇਕ ਬਿਜਲੀ ਦੇ ਖੰਭੇ ਤੇ ਟੰਗ ਦਿੱਤਾ ਗਿਆ। ਥੋੜ੍ਹੀ ਦੂਰ ਹੀ ਡੀ.ਟੀ.ਸੀ. ਦੀ ਇਕ ਬੱਸ ਰੋਕ ਲਈ ਗਈ, ਉਸ ਚੋਂ ਦੋ ਸਿੱਖ ਨੌਜਵਾਨਾਂ ਨੂੰ ਬਾਹਰ ਕਢਿਆ ਗਿਆ, ਉਨ੍ਹਾਂ ਨੂੰ ਲੋਹੇ ਦੀਆਂ ਡਾਂਗਾਂ ਨਾਲ ਕੁੱਟਿਆ ਗਿਆ। ਚਾਰ ਹਜ਼ਾਰ ਦੀ ਭੀੜ ਬੇਕਾਬੂ ਹੋ ਕੇ ਹਿੰਸਾ ਤੇ ਉਤਰ ਆਈ। 31 ਅਕਤੂਬਰ ਨੂੰ ਉਨ੍ਹਾਂ ਸਭ ਬੱਸਾਂ, ਸਕੂਟਰਾਂ ਤੇ ਹਮਲਾ ਕੀਤਾ ਗਿਆ, ਜਿਨ੍ਹਾਂ ਨੂੰ ਜਾਂ ਤਾਂ ਸਿੱਖ ਚਲਾ ਰਹੇ ਸਨ, ਜਾਂ ਉਨ੍ਹਾਂ ਦੇ ਮਾਲਕ ਸਿੱਖ ਸਨ, ਥੋਹੜੇ ਸਮੇਂ ਵਿਚ ਹੀ ਆਲ ਇੰਡੀਆ ਮੈਡੀਕਲ ਇੰਸਟੀਚੀਊਟ ਦੀਆਂ ਨਾਲ ਲਗਦੀਆਂ ਸੜਕਾਂ ਤੇ ਅੱਗਾਂ ਨਜ਼ਰ ਆ ਰਹੀਆਂ ਸਨ। ਸ਼ਾਮ ਦੇ 8 ਵਜੇ ਤਕ ਭੀੜ ਦਖਣੀ ਦਿੱਲੀ ਦੀਆਂ ਅਮੀਰ ਕਾਲੋਨੀਆਂ ਵਸੰਤ ਵਿਹਾਰ, ਹੌਜ ਖਾਸ, ਪੰਚਸ਼ੀਲ ਇਨਕਲੇਵ, ਗਰੀਨ ਪਾਰਕ, ਡੀਫੈਂਸ ਕਾਲੋਨੀ, ਸਾਊਥ ਐਕਸਟੈਨਸ਼ਨ ਤੇ ਸਫਦਰਜੰਗ ਇਨਕਲੇਵ ਵਿਚ ਇਕ ਤੂਫਾਨ ਵਾਂਗ ਜਾਗ ਪਈ। ਇਉਂ ਲਗਦਾ ਸੀ ਜਿਵੇਂ ਕਾਲੋਨੀਆਂ ਭੀੜ ਨੇ ਸਲਾਹ ਨਾਲ ਲੁੱਟ ਮਾਰ ਕੇ ਸਾੜ ਫੂਕ ਲਈ ਵੰਡ ਲਈਆਂ ਹੋਣ। ਸਿੱਖਾਂ ਦੇ ਘਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਟੈਲੀਵੀਜ਼ਨ, ਰੈਫਰੀਜਰੇਟਰ ਤੇ ਹੋਰ ਕੀਮਤੀ ਸਮਾਨ ਲੁੱਟਿਆ ਗਿਆ ਤੇ ਕਈ ਥਾਂ ਬਾਕੀ ਸਾਮਾਨ ਸਾੜ ਦਿੱਤਾ ਗਿਆ। ਘਰਾਂ ਚ ਰਹਿਣ ਵਾਲਿਆਂ ਨੂੰ ਉਨ੍ਹਾਂ ਦੇ ਗੁਆਂਢੀਆਂ ਨੇ ਆਸਰਾ ਦਿੱਤਾ। ਕਈ ਥਾਂ ਟਾਕਰਾ ਵੀ ਹੋ ਗਿਆ। 10 ਵਜੇ ਰਾਤ ਤਕ ਇਹ ਹਿੰਸਾ ਸਾਰੀ ਦਿੱਲੀ ਵਿਚ ਫੈਲ ਗਈ। ਇਸ ਨੂੰ ਕੌਣ ਠੱਲ੍ਹ ਪਾਉਂਦਾ? 11.30 ਵਜੇ ਰਾਤ ਨੂੰ ਸੜਕਾਂ ਤੇ ਸਿਵਾਏ ਬਲ ਰਹੀਆਂ ਕਾਰਾਂ, ਸਕੂਟਰਾਂ, ਮੋਟਰਾਂ ਦੇ ਹੋਰ ਕੋਈ ਨਹੀਂ ਸੀ।

ਝੁੱਗੀਆਂ-ਝੌਂਪੜੀਆਂ ਅਤੇ ਨੇੜੇ ਦੀਆਂ ਵਸਾਈਆਂ ਗਰੀਬ ਕਾਲੋਨੀਆਂ ਜੋ ਕਾਂਗਰਸ ਦੇ ਵੋਟ ਬੈਂਕ ਹਨ, ਉਨ੍ਹਾਂ ਚੋਂ ਭੀੜਾਂ ਉਠੀਆਂ, ਲੋਕਲ ਲੀਡਰ ਉਨ੍ਹਾਂ ਦੇ ਨਾਲ ਸਨ ਤੇ ਉਨ੍ਹਾਂ ਨੇ ਜੋ ਜੀ ਆਇਆ ਕੀਤਾ। ਪੁਲਿਸ ਮੂਕ ਦਰਸ਼ਕ ਬਣੀ ਹੋਈ ਸੀ। ਪੁਲਿਸ ਵਾਲੇ ਤਾਂ ਭੀੜ ਨੂੰ ਇਹ ਕਹਿ ਰਹੇ ਸਨ "ਜੇ ਤੁਸੀਂ ਅੱਗ ਨਹੀਂ ਲਾਉਣੀ ਜਾਣਦੇ ਤਾਂ ਇਹ ਸੇਵਾ ਸਾਨੂੰ ਕਿਉਂ ਨਹੀਂ ਦੱਸਦੇ?" ਇਕ ਹੋਰ ਪੁਲਸੀਆ ਕਹਿ ਰਿਹਾ ਸੀ "ਤੁਹਾਨੂੰ ਕਾਹਲੀ ਕਾਹਦੀ ਪਈ ਹੈ, ਹੌਲੀ ਹੌਲੀ ਲੁੱਟੋ, ਬਹੁਤ ਸਮਾਂ ਹੈ।" ਦਿੱਲੀ ਵਿਚ 30000 ਪੁਲਸੀਆਂ ਚੋਂ 6000 ਨੂੰ ਜ਼ਰੂਰੀ ਛੁੱਟੀ ਦੇ ਦਿੱਤੀ ਗਈ, ਕਿਉਂਕਿ ਉਹ ਸਿੱਖ ਸਨ। ਬਹੁਤ ਸਾਰੀ ਪੁਲਿਸ ਤੀਨ ਮੂਰਤੀ ਦੇ ਆਲੇ ਦੁਆਲੇ ਆਇਦ ਕਰ ਦਿੱਤੀ ਗਈ। ਹੋਰ ਬਹੁਤ ਪੁਲਿਸ ਬਾਹਰੋਂ ਆਏ ਪ੍ਰਾਹੁਣਿਆਂ ਦੇ ਖਿਆਲ ਰੱਖਣ ਤੇ ਲਾਈ ਹੋਈ ਸੀ। ਇਉਂ ਪੂਰੇ ਤਿੰਨ ਦਿਨ ਤਕ ਦਿੱਲੀ ਵਿਚ ਲਾਅ ਐਂਡ ਆਰਡਰ ਬਿਲਕੁਲ ਖਤਮ ਸੀ। ਸਭ ਸੁਲਝੇ ਵਿਅਕਤੀ ਘਰਾਂ ਚ ਸਹਿਮੇ ਬੈਠੇ ਸਨ।

1 ਨਵੰਬਰ ਨੂੰ ਹਿੰਸਾ ਦੀ ਅੱਗ ਹੋਰ ਵੀ ਤੇਜ਼ ਹੋ ਗਈ। ਗੁੰਡੇ ਤੱਤਾਂ ਨੇ ਇਹ ਦੇਖ ਲਿਆ ਕਿ ਪੁਲਿਸ ਵਲੋਂ ਉਨ੍ਹਾਂ ਨੂੰ ਕੋਈ ਰੋਕ-ਟੋਕ ਨਹੀਂ ਸੀ, ਉਨ੍ਹਾਂ ਦੇ ਹੌਂਸਲੇ ਹੋਰ ਵੀ ਬੁਲੰਦ ਹੋ ਗਏ। ਦਿੱਲੀ ਦੇ ਆਸੇ ਪਾਸੇ ਦੇ ਪਿੰਡਾਂ ਚੋਂ ਭੀੜਾਂ ਦੀਆਂ ਭੀੜਾਂ ਦਿੱਲੀ ਚ ਦਾਖਲ ਹੋਈਆਂ ਤੇ ਸ਼ਰੇਆਮ ਲੁੱਟ-ਖਸੁੱਟ, ਸਾੜ ਫੂਕ ਤੇ ਸਿੱਖਾਂ ਨੂੰ ਜ਼ਿੰਦਾ ਜਲਾਉਣ ਦੀਆਂ ਘਟਨਾਵਾਂ ਸਾਹਮਣੇ ਆਈਆਂ। ਉਦਾਹਰਣ ਦੇ ਤੌਰ ਤੇ ਸਫਦਰਜੰਗ ਇਨਕਲੇਵ ਦੇ 67 ਸਾਲਾਂ ਦੇ ਇਕ ਬਿਰਧ ਸਿੱਖ ਦੇ ਚਾਰ ਮੰਜ਼ਲੇ ਗੈਸਟ-ਹਾਊਸ ਦੀ ਤਬਾਹੀ ਮਚਾਉਣ ਵਾਲੀ ਭੀੜ ਨੇੜੇ ਦੇ ਮੁਹੰਮਦਪੁਰ ਪਿੰਡ ਦੀ ਸੀ। ਮੁਨੀਰਕਾ ਦੀਆਂ ਸਿੱਖਾਂ ਦੀਆਂ ਦੁਕਾਨਾਂ ਨੂੰ ਸਾੜਿਆ ਫੂਕਿਆ ਗਿਆ। ਗੁਰਦੁਆਰੇ ਨੂੰ ਸਾੜ ਦਿੱਤਾ ਗਿਆ। ਪੰਜਾਬ ਵੂਲਨ ਮਿਲ ਨੂੰ ਸਾੜਿਆ ਗਿਆ। ਵਸੰਤ ਵਿਹਾਰ ਵਿਚ ਪੈਟਰੋਲ ਪੰਪ ਨੂੰ ਅੱਗ ਲਾ ਦਿੱਤੀ ਗਈ। ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵੀ ਕੁਝ ਕੁ ਪਲਾਂ ਬਾਅਦ ਹੀ ਭਾਂਬੜ ਬਣ ਗਿਆ। ਇਕੋ ਹੀ ਵਿਧੀ ਨਾਲ ਸਭ ਥਾਂ ਭੀੜ ਤਬਾਹੀ ਮਚਾ ਰਹੀ ਸੀ। ਪੁਲਿਸ ਅਜੇ ਵੀ ਚੁੱਪ ਸੀ।

12 ਵਜੇ ਦੁਪਹਿਰੇ 4000 ਹਮਲਾਵਰ ਗੁਰਦੁਆਰਾ ਬੰਗਲਾ ਸਾਹਿਬ ਦੇ ਬਾਹਰ ਜਮ੍ਹਾ ਹੋ ਗਏ ਤੇ ਨਾਹਰੇ ਲਾਉਣੇ ਸ਼ੁਰੂ ਕੀਤੇ, "ਖਾਲਿਸਤਾਨ ਨਹੀਂ ਬਣੇਗਾ, ਖ਼ੂਨ ਕਾ ਬਦਲਾ ਖ਼ੂਨ", ਪਰ ਜਦੋਂ ਗੁਰਦੁਆਰੇ ਦੇ ਅੰਦਰੋਂ ਉਨ੍ਹਾਂ ਨੂੰ ਟਾਕਰੇ ਦਾ ਸਾਹਮਣਾ ਕਰਨਾ ਪਿਆ ਤਾਂ ਹਮਲਾਵਰਾਂ ਦੀ ਭੀੜ ਤਿਤਰ ਬਿਤਰ ਹੋ ਗਈ। ਫਿਰ ਉਹੀ ਭੀੜ ਐਨ ਪਾਰਲੀਮੈਂਟ ਦੇ ਨਾਲ ਗੁ: ਰਕਾਬ ਗੰਜ ਵਲ ਚਲ ਪਈ। ਆਸੇ ਪਾਸੇ ਖੜੀਆਂ ਕਾਰਾਂ, ਸਕੂਟਰਾਂ ਨੂੰ ਸਾੜ ਦਿੱਤਾ ਗਿਆ। ਗੁਰਦੁਆਰੇ ਤੇ ਪਥਰਾਉ ਸ਼ੁਰੂ ਕੀਤਾ ਗਿਆ। ਗੁਰਦੁਆਰੇ ਚੋਂ ਬਾਹਰ ਆਉਂਦੇ ਦੋ ਸਿੱਖ ਨੌਜਵਾਨਾਂ ਨੂੰ ਕੁੱਟਣ ਪਿੱਛੋਂ ਸਾੜ ਦਿੱਤਾ ਗਿਆ। ਗੁਰਦੁਆਰੇ ਦੇ ਅੰਦਰੋਂ ਹਮਲਾਵਰਾਂ ਨੂੰ ਇਸ ਪਿਛੋਂ ਟਾਕਰੇ ਦਾ ਸਾਹਮਣਾ ਕਰਨਾ ਪਿਆ।

ਉਸੇ ਦਿਨ ਹੀ ਚੇਤਕ ਐਕਸਪ੍ਰੈਸ ਜੋ ਉਦੈਪੁਰ ਤੋਂ ਦਿੱਲੀ ਆਉਂਦੀ ਹੈ, ਦਿੱਲੀ ਛਾਉਣੀ ਦੇ ਨੇੜੇ, ਉਸ ਚੋਂ ਦੋ ਸਿੱਖਾਂ ਨੂੰ ਕੱਢ ਕੇ ਸਾੜਿਆ ਗਿਆ। ਮਾਇਆਪੁਰੀ ਵਿਚ ਇਕ ਸਿੱਖ ਤੇ ਉਸ ਦੇ ਦੋ ਪੁੱਤਰਾਂ ਨੂੰ ਜ਼ਿੰਦਾ ਜਲਾਇਆ ਗਿਆ। ਪਾਲਮ ਰੋਡ ਤੇ ਦੋ ਭਰਾਵਾਂ ਨੂੰ ਉਨ੍ਹਾਂ ਦੇ ਘਰ ਦੇ ਸਾਹਮਣੇ ਹੀ ਸਾੜ ਦਿੱਤਾ ਗਿਆ। ਜਨਕਪੁਰੀ ਦੇ ਡੀ ਬਲਾਕ ਵਿਚ ਕਈ ਮੌਤਾਂ ਹੋਈਆਂ। ਵਾਸੂਦੇਵ ਇਨਕਲੇਵ ਵਿਚ ਬਲਦੇਵ ਸਿੰਘ ਜੋ ਆਟੋ ਪਾਰਟਸ ਦਾ ਕੰਮ ਕਰਦਾ ਸੀ, ਨੇ ਜਦੋਂ ਬੰਦੂਕ ਨਾਲ ਕੁਝ ਕੁ ਟਾਕਰਾ ਕੀਤਾ ਤਾਂ ਕੁਝ ਦੇਰ ਬਾਅਦ ਹੀ ਗੁੰਡਿਆਂ ਨੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਹੋ ਜਿਹੀਆਂ ਘਟਨਾਵਾਂ ਹੀ ਆਰ. ਕੇ. ਪੁਰਮ ਤੇ ਹੋਰ ਕਈ ਕਾਲੋਨੀਆਂ ਵਿਚ ਬੀਤੀਆਂ।

ਪੁਲਿਸ ਕਮਿਸ਼ਨਰ ਸੁਭਾਸ਼ ਟੰਡਨ ਨੇ ਕਿਹਾ ਕਿ ਮੌਤਾਂ ਕੇਵਲ 15 ਜਾਂ 20 ਹੋਈਆਂ ਹਨ। ਲੈਫਟੀਨੈਂਟ ਗਵਰਨਰ ਨੇ ਕਿਹਾ ਕਿ "ਸਥਿਤੀ ਕਾਬੂ ਵਿਚ ਹੈ"। ਸਾਡੇ ਰਿਪੋਰਟਰ ਨੇ ਕੇਵਲ ਤ੍ਰਿਲੋਕਪੁਰੀ ਵਿਚ ਹੀ 350 ਲਾਸ਼ਾਂ ਦੇਖੀਆਂ।

ਨੰਦ ਨਗਰੀ ਦੀਆਂ 50 ਮੁਟਿਆਰਾਂ ਦਾ ਕੋਈ ਥਹੁ-ਪਤਾ ਨਹੀਂ। ਉਨ੍ਹਾਂ ਨੂੰ ਪੁਲਿਸ ਨੇ ਆਪਣੀ ਰੱਖਿਆ ਚ ਲਿਆ ਸੀ, ਪਰ ਉਸ ਪਿਛੋਂ ਉਨ੍ਹਾਂ ਦਾ ਕੋਈ ਪਤਾ ਨਹੀਂ ਲੱਗਿਆ :ਉਧਰ ਮਲਕਾਗੰਜ ਵਿਚ 1 ਨਵੰਬਰ ਨੂੰ ਦੁਪਹਿਰੇ 11 ਸਿੱਖਾਂ ਨੂੰ ਜਿਉਂਦੇ ਮਚਾ ਦਿੱਤਾ ਗਿਆ। ਰਜਵੰਤ ਕੌਰ ਜੋ ਮਕਾਨ ਨੰਬਰ 574 ਕਬੀਰ ਬਸਤੀ, ਮਲਕਾ ਗੰਜ ਵਿਚ ਰਹਿੰਦੀ ਸੀ, ਉਸ ਨੇ ਆਪਣਾ ਦੁਖ ਇਉਂ ਸੁਣਾਇਆ, "ਦੁਪਹਿਰ ਬਾਅਦ ਦੋ ਵੱਜੇ ਸਨ, ਅਸੀਂ ਬਾਹਰ ਦੇ ਰੌਲੇ ਗੌਲੇ ਕਰਕੇ ਦਰਵਾਜ਼ਾ ਬੰਦ ਕੀਤਾ ਹੋਇਆ ਸੀ। ਬਹੁਤ ਸਾਰੇ ਗੁੰਡਿਆਂ ਨੇ ਆ ਕੇ ਸਾਡੇ ਘਰ ਤੇ ਪਥਰਾਉ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਰਵਾਜ਼ਾ ਤੋੜ ਸੁੱਟਿਆ ਤੇ ਅੰਦਰ ਦਾਖਲ ਹੋ ਗਏ। ਉਨ੍ਹਾਂ ਮੇਰੇ ਪਤੀ ਦੇ ਗਲ ਤੇ ਚਾਕੂ ਰੱਖਿਆ ਤੇ ਉਸ ਨੂੰ ਬਾਹਰ ਲੈ ਗਏ। ਬਾਹਰ ਲੈਜਾ ਕੇ ਉਸ ਤੇ ਮਿੱਟੀ ਦਾ ਤੇਲ ਛਿੜਕਿਆ ਤੇ ਜ਼ਿੰਦਾ ਜਲਾ ਦਿੱਤਾ। ਇਉਂ ਹੀ ਮੇਰੇ ਪੁੱਤਰ ਨੂੰ ਸਾੜਿਆ ਗਿਆ। ਉਸ ਦੇ ਗਲ ਵਿਚ ਸੜਦਾ ਟਾਇਰ ਪਾਇਆ ਗਿਆ। ਮੇਰਾ 32 ਵਰ੍ਹਿਆਂ ਦਾ ਭਤੀਜਾ ਜੋ ਉਸੇ ਸਵੇਰ ਹੀ ਕਰਨਾਲ ਤੋਂ ਆਇਆ ਸੀ, ਉਸ ਨੂੰ ਵੀ ਇਉਂ ਹੀ ਮਾਰ ਦਿੱਤਾ ਗਿਆ।"

2 ਨਵੰਬਰ ਨੂੰ ਵੀ ਇਹੀ ਦੁਖਾਂਤ ਜਾਰੀ ਸੀ। ਡਾਕਟਰ ਰਮਾਨੀ, ਮੈਡੀਕਲ ਅਫਸਰ ਅਤੇ ਪੋਸਟ ਮਾਰਟਮ ਦਾ ਇੰਚਾਰਜ, ਉਸ ਦਾ ਕਹਿਣਾ ਸੀ ਕਿ ਲਾਸ਼ਾਂ ਦੇ ਢੇਰ ਲੱਗੇ ਹੋਏ ਸਨ, ਥੋਹੜੇ ਜਿਹੇ ਚਿਰ ਬਾਅਦ ਹੀ ਸੈਆਂ ਲਾਸ਼ਾਂ ਹੋਰ ਆ ਜਾਂਦੀਆਂ ਸਨ, ਹਰ ਪਾਸੇ ਲਾਸ਼ਾਂ ਦੀ ਬੂ ਆ ਰਹੀ ਸੀ। ਬਹੁਤ ਸਾਰੀਆਂ ਲਾਸ਼ਾਂ ਪਛਾਣ ਤੋਂ ਬਾਹਰ ਸਨ। ਕਈਆਂ ਦੇ ਨੱਕ, ਕੰਨ ਤੇ ਅੱਖਾਂ ਵਿਚੋਂ ਅਜੇ ਵੀ ਖ਼ੂਨ ਵਹਿ ਰਿਹਾ ਸੀ। ਇਸ ਤੋਂ ਬਿਨਾਂ ਬਹੁਤ ਸਾਰੀਆਂ ਲਾਸ਼ਾਂ ਦਾ ਪੋਸਟ ਮਾਰਟਮ ਆਲ ਇੰਡੀਆ ਮੈਡੀਕਲ ਇੰਸਟੀਚੀਊਟ ਵਿਚ ਕੀਤਾ ਗਿਆ ਸੀ।

2 ਨਵੰਬਰ ਦੁਪਹਿਰੇ ਜਦੋਂ ਬੰਬਈ ਤੋਂ ਰਾਜਧਾਨੀ ਐਕਸਪ੍ਰੈਸ ਦਿੱਲੀ ਪਹੁੰਚੀ ਤਾਂ ਏਅਰ ਕੰਡੀਸ਼ਨ ਡੱਬਿਆਂ ਵਿਚ ਤਿੰਨ ਅਮੀਰ ਸਿੱਖਾਂ ਦੀਆਂ ਲਾਸ਼ਾਂ ਮਿਲੀਆਂ। ਉਨ੍ਹਾਂ ਨੂੰ ਲੋਹੇ ਦੀ ਰਾਡ ਨਾਲ ਕੋਹਿਆ ਗਿਆ ਸੀ, ਖੋਪੜੀ ਭੰਨੀ ਗਈ ਸੀ।

ਕਨਾਟ ਪਲੇਸ ਤੇ ਹੋਰ ਥਾਵਾਂ ਤੋਂ ਤਾਂ ਸਿੱਖਾਂ ਦੀਆਂ ਦੁਕਾਨਾਂ ਸਾੜੀਆਂ ਗਈਆਂ ਪਰ ਕਈ ਮੁੜ ਵਸਾਈਆਂ ਗਈਆਂ ਕਾਲੋਨੀਆਂ ਵਿਚ ਜੋ ਕਤਲੇਆਮ ਸਾਹਮਣੇ ਆਈ, ਉਸ ਦੇ ਅੱਗੇ ਆਸਾਮ ਦੀ 'ਨੈਲੀ ਕਤਲਾਮ ਵੀ ਕੋਈ ਅਰਥ ਨਹੀਂ ਰੱਖਦੀ। ਇਕ ਕਾਲੋਨੀ ਤ੍ਰਿਲੋਕਪੁਰੀ ਵਿਚ 32 ਨੰਬਰ ਬਲਾਕ ਵਿਚ ਸਾਰੀ ਆਬਾਦੀ ਸਿੱਖਾਂ ਦੀ ਸੀ, ਉਸ ਦੇ ਸਾਰੇ ਮਰਦਾਂ ਨੂੰ ਕਤਲ ਕਰ ਦਿੱਤਾ ਗਿਆ ਹੈ। ਕਿਉਂਕਿ ਦਿੱਲੀ ਦੀਆਂ ਕਈ ਆਬਾਦੀਆਂ ਵਿਚ ਤ੍ਰਿਲੋਕਪੁਰੀ ਵਾਲਿਆਂ ਜਾ ਕੇ ਲੁੱਟਿਆ ਪੁਟਿਆ, ਸਿੱਖਾਂ ਨੇ ਉਨ੍ਹਾਂ ਨੂੰ ਮਾਲ ਲਿਆਂਦਿਆ ਦੇਖਿਆ ਸੀ, ਇਸ ਲਈ ਉਹ ਹਰ ਗਵਾਹੀ ਨੂੰ ਕਤਲ ਕਰ ਕੇ, ਖਤਮ ਕਰਨ ਉਤੇ ਉਤਰ ਆਏ।

ਇਨ੍ਹਾਂ ਘਟਨਾਵਾਂ ਲਈ ਜੋ ਦੋ ਨਾਂ ਬਾਰ-ਬਾਰ ਸਾਹਮਣੇ ਆਏ ਹਨ, ਉਹ ਹਨ ਕਾਂਗਰਸ ਦੇ ਐਮ.ਪੀ. ਧਰਮਦਾਸ ਸ਼ਾਸਤਰੀ ਅਤੇ ਸਜਨ ਕੁਮਾਰ ਅਤੇ ਉਨ੍ਹਾਂ ਨਾਲ ਹੋਰ ਲੋਕਲ ਕਾਂਗਰਸੀ ਨੇਤਾ ਵੀ ਸ਼ਾਮਲ ਸਨ।"

(ਅਕਸ, ਦਸੰਬਰ 1984)

"ਕੁਝ ਕਾਲੋਨੀਆਂ ਦੀ ਸਾਰੀ ਦੀ ਸਾਰੀ ਆਬਾਦੀ ਮੌਤ ਦੇ ਘਾਟ ਉਤਾਰ ਦਿੱਤੀ ਗਈ। ਕੇਵਲ ਪੂਰਬੀ ਦਿੱਲੀ ਵਿਚ ਹੀ 500 ਮੌਤਾਂ ਹੋਈਆਂ। ਪੁਲਿਸ ਕਮਿਸ਼ਨਰ ਸੁਭਾਸ਼ ਟੰਡਨ ਨੇ ਕਿਹਾ ਕਿ ਮੌਤਾਂ ਕੇਵਲ 15 ਜਾਂ 20 ਹੋਈਆਂ ਹਨ। ਲੈਫਟੀਨੈਂਟ ਗਵਰਨਰ ਨੇ ਕਿਹਾ ਕਿ "ਸਥਿਤੀ ਕਾਬੂ ਵਿਚ ਹੈ"। ਸਾਡੇ ਰਿਪੋਰਟਰ ਨੇ ਕੇਵਲ ਤ੍ਰਿਲੋਕਪੁਰੀ ਵਿਚ ਹੀ 350 ਲਾਸ਼ਾਂ ਦੇਖੀਆਂ। ਜਦੋਂ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਕਤਲਾਮ ਦਾ ਇਲਮ ਨਹੀਂ ਤਾਂ ਪੱਤਰਕਾਰਾਂ ਨੇ ਉਨ੍ਹਾਂ ਨੂੰ ਝਾੜਿਆ। ਸ਼ਾਹਦਰਾ ਵਿਚ 2 ਨਵੰਬਰ ਦੁਪਹਿਰ ਤਕ 75 ਲੋਕ ਕਤਲ ਕੀਤੇ ਜਾ ਚੁਕੇ ਸਨ। ਸੜਕਾਂ ਤੇ ਸੈਆਂ ਲਾਸ਼ਾਂ ਪਈਆਂ ਰਹੀਆਂ, ਜੋ ਸ਼ਾਮ ਨੂੰ ਉਥੋਂ ਚੁਕੀਆਂ ਗਈਆਂ। ਲਾਸ਼ਾਂ ਇਸ ਲਈ ਚੁੱਕ ਦਿੱਤੀਆਂ ਗਈਆਂ ਕਿਉਂਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਕਤਲਾਮ ਦੀ ਖਬਰ ਸੁਣ ਲਈ ਸੀ ਤੇ ਆਪ ਤਫਤੀਸ਼ ਕਰਨੀ ਸੀ। ਪਰ ਸਕਿਉਰਟੀ ਨੇ ਉਹ ਪ੍ਰੋਗਰਾਮ ਰੱਦ ਕਰਵਾ ਦਿੱਤਾ। 1 ਨਵੰਬਰ ਨੂੰ ਇਹ ਸਾਰਾ ਇਲਾਕਾ ਅੱਗ ਦੀ ਲਪੇਟ ਵਿਚ ਨਜ਼ਰ ਆ ਰਿਹਾ ਸੀ। ਬਹੁਤ ਸਾਰੇ ਸਿੱਖਾਂ ਨੇ ਜਾਨ ਬਚਾ ਲਈ ਤੇ ਵਾਲ ਮੁਨਾ ਦਿੱਤੇ ਤੇ ਕਈ ਬਚਣ ਲਈ ਗੁਰਦੁਆਰੇ ਵਿਚ ਜਾ ਲੁਕੇ। ਜਦੋਂ ਗੁਰਦੁਆਰਾ ਅਚਾਨਕ ਹੀ 200 ਸ਼ਰਨਾਰਥੀਆਂ ਲਈ ਕੈਂਪ ਬਣ ਗਿਆ ਤਾਂ ਉਸ ਸਮੇਂ ਤਕ ਉਨ੍ਹਾਂ ਦੇ ਖਾਣ-ਪੀਣ ਲਈ ਕੁਝ ਵੀ ਨਹੀਂ ਸੀ ਤੇ ਬਾਹਰ ਜ਼ੁਲਮ ਦੀ ਹਨੇਰੀ ਝੁੱਲ ਰਹੀ ਸੀ। ਉਸ ਸਮੇਂ ਜੋ ਮਦਦ ਪਹੁੰਚੀ, ਉਹ ਕੇਵਲ ਆਂਢੀ ਗੁਆਂਢੀ ਹਿੰਦੂਆਂ ਕੋਲੋਂ ਪਹੁੰਚੀ।

5 ਨਵੰਬਰ ਨੂੰ ਕਾਂਗਰਸੀ ਐਮ.ਪੀ. ਧਰਮਦਾਸ ਸ਼ਾਸਤਰੀ ਕਰੋਲ ਬਾਗ ਥਾਣੇ ਪਹੁੰਚਿਆ ਤੇ ਉਹ ਆਦਮੀ ਛੱਡ ਦੇਣ ਲਈ ਆਖਿਆ ਜੋ ਇਸ ਸਬੰਧੀ ਫੜੇ ਗਏ ਸਨ। ਇਕ ਹੋਰ ਕਾਂਗਰਸੀ ਐਮ.ਪੀ. ਜਗਦੀਸ਼ ਟਾਈਟਲਰ 6 ਨਵੰਬਰ ਨੂੰ ਇਕ ਪ੍ਰੈਸ ਕਾਨਫਰੰਸ ਵਿਚ ਪੁਲਿਸ ਦੇ ਅਧਿਕਾਰੀਆਂ ਨੂੰ ਕਹਿਣ ਲੱਗਾ, "ਤੁਸੀਂ ਮੇਰੇ ਆਦਮੀ ਫੜ ਕੇ ਰਿਲੀਫ ਦੇ ਕੰਮ ਵਿਚ ਵਿਘਨ ਪਾ ਰਹੇ ਹੋ"। ਇਉਂ ਇਕ ਹੋਰ ਕਾਂਗਰਸੀ ਐਮ.ਪੀ. ਸਜਨ ਕੁਮਾਰ ਨੇ ਮੰਗੋਲਪੁਰੀ ਵਿਚ ਹਰੇਕ ਲੁਟੇਰੇ ਤੇ ਊਧਮ ਮਚਾਉਣ ਵਾਲੇ ਨੂੰ ਸ਼ਰਾਬ ਦੀ ਬੋਲਤ ਤੇ ਪੈਸੇ ਦਿੱਤੇ।

ਫਰੈਂਡਸ ਕਾਲੋਨੀ ਵਿਚ ਇਕ ਸਿਪਾਹੀ ਨੂੰ ਵੀ ਜ਼ਿੰਦਾ ਸਾੜ ਦਿੱਤਾ ਗਿਆ। ਭਜਨਪੁਰੇ ਦੇ ਨੇੜੇ ਵਸਦੇ ਗਾਮੜੀ ਇਲਾਕੇ ਦੇ 21 ਦੇ 21 ਪਰਿਵਾਰਾਂ ਤੇ ਹਮਲਾ ਕੀਤਾ ਗਿਆ। 40 ਤੋਂ 50 ਤਕ ਬੰਦੇ ਮਾਰੇ ਗਏ। ਪੰਜਾਬੀ ਕਾਲੋਨੀ ਰਾਖ ਦਾ ਢੇਰ ਬਣ ਗਈ, ਸ਼ਕਰਪੁਰ ਵਿਚ ਉਪੱਦਰ ਦਿਨ ਰਾਤ ਜਾਰੀ ਰਿਹਾ। ਸ਼ਕਰਪੁਰ ਤੇ ਕਲਿਆਨਪੁਰੀ ਵਿਚ ਕਾਤਲਾਂ ਨੇ ਕਾਫੀ ਕਹਿਰ ਮਚਾਇਆ।

ਉਤਰੀ ਦਿੱਲੀ ਵਿਚ ਏਸ਼ੀਆ ਦੀ ਸਭ ਤੋਂ ਵੱਡੀ ਸਬਜ਼ੀ ਮੰਡੀ ਆਜ਼ਾਦਪੁਰ ਨੂੰ ਕਬਾੜਖਾਨਾ ਬਣਾ ਦਿੱਤਾ ਗਿਆ। ਸੈਆਂ ਟਰੱਕ ਸਾੜ ਦਿੱਤੇ ਗਏ। ਪੁਲਿਸ ਸਟੇਸ਼ਨ ਬਿਲਕੁਲ ਨਾਲ ਹੀ ਹੈ, ਪਰ ਪੁਲਿਸ ਉਦੋਂ ਕਿਧਰੇ ਨਜ਼ਰ ਨਹੀਂ ਆਈ।"

(ਇੰਡੀਅਨ ਐਕਸਪ੍ਰੈਸ, 4 ਨਵੰਬਰ 1984)

"ਨਰੇਲੇ ਚੋਂ ਬਚ ਕੇ ਆਏ ਲੋਕਾਂ ਨੇ ਇਕ ਕੈਂਪ ਵਿਚ ਦੱਸਿਆ ਕਿ ਕਿਵੇਂ ਹਮਲਾਵਰਾਂ ਨੇ ਬੱਚਿਆਂ ਨੂੰ ਚੁੱਕ-ਚੁੱਕ ਕੇ ਛੱਤਾਂ ਤੋਂ ਸੁਟਿਆ, ਕਈ ਪਰਵਾਰਾਂ ਵਿਚੋਂ ਤਾਂ ਕੇਵਲ ਬੱਚੇ ਹੀ ਬਚ ਸਕੇ। ਕਈ ਘਰਾਂ ਦੇ ਜੀਅ ਗੁੰਮ ਹਨ। ਕਈ ਸਾਹਮਣੇ ਹੀ ਤਸੀਹੇ ਦੇ ਦੇ ਕੇ ਮਾਰ ਦਿੱਤੇ ਗਏ। ਕਈਆਂ ਕੋਲ ਇਕ ਰੁਪਈਏ ਤਕ ਨਹੀਂ, ਸਭ ਕੁਝ ਲੁੱਟ ਪੁਟ ਲਿਆ ਗਿਆ।"

"ਗਾਜ਼ੀਆਬਾਦ, ਸੀਲਮਪੁਰ, ਤੁਗਲਕਾਬਾਦ, ਮੋਦੀਨਗਰ, ਨਰੇਲਾ, ਮਹਾਰਾਸ਼ਟਰਾ, ਯੂ.ਪੀ., ਮੱਧ ਪ੍ਰਦੇਸ਼, ਹਰਿਆਣਾ ਦੇ ਕਈ ਸਟੇਸ਼ਨਾਂ ਤੇ ਸਿੱਖ ਭਿਆਨਕ ਆਤੰਕ ਦਾ ਸ਼ਿਕਾਰ ਹੋਏ। 4 ਨਵੰਬਰ ਨੂੰ ਵੀ ਗਾਜ਼ੀਆਬਾਦ (ਮਰੀਆਪਟ) ਕਿਸੇ ਨੇ ਗੱਡੀ ਦੀ ਜੰਜ਼ੀਰ ਖਿੱਚੀ ਤੇ ਬਾਹਰੋਂ ਭੀੜ ਨੇ ਗੱਡੀ ਤੇ ਹਮਲਾ ਬੋਲ ਦਿੱਤਾ। ਸਿੱਖਾਂ ਨੂੰ

ਡੱਬਿਆਂ ਚੋਂ ਖਿੱਚ-ਖਿੱਚ ਕੇ ਬਾਹਰ ਲਿਆਂਦਾ ਗਿਆ। ਮਿੱਟੀ ਦਾ ਤੇਲ ਛਿੜਕਿਆ ਗਿਆ ਤੇ ਅੱਗ ਲਾਈ ਗਈ। ਦਿੱਲੀ ਦੇ ਸਟੇਸ਼ਨਾਂ ਤੇ ਸਿੱਖ ਮੁਸਾਫਰਾਂ ਦੇ ਕੈਂਪ ਲਾਏ ਗਏ। ਔਰਤਾਂ ਦਾ ਗਹਿਣਾ ਲੁੱਟ ਲਿਆ ਗਿਆ। ਪਤੀ ਮਾਰ ਦਿੱਤੇ ਗਏ। ਕਈਆਂ ਦੇ ਬੱਚੇ ਮਾਰ ਦਿੱਤੇ ਗਏ। ਗਾਜ਼ੀਆਬਾਦ ਦੇ ਸਟੇਸ਼ਨ ਤੇ ਕਈਆਂ ਦੇ ਵਾਲ ਮੁੰਨ ਦਿੱਤੇ ਗਏ। ਕਾਠਮੰਡੂ ਤੋਂ ਆਏ ਇਕ ਮੁਸਾਫਰ ਤੋਂ ਗਾਜ਼ੀਆਬਾਦ ਸਟੇਸ਼ਨ ਤੇ 50000 ਰੁਪਏ ਵੀ ਲੁੱਟ ਲਏ ਗਏ ਤੇ ਉਸ ਨੂੰ ਮੌਤ ਦੇ ਘਾਟ ਵੀ ਉਤਾਰ ਦਿੱਤਾ ਗਿਆ। ਟਾਟਾ ਐਕਸਪ੍ਰੈਸ ਦੇ ਇਕ ਪੂਰੇ ਡੱਬੇ ਨੂੰ ਵੀ ਕਾਨਪੁਰ ਨੇੜੇ ਅੱਗ ਲਾ ਦਿੱਤੀ ਗਈ।"

ਕੀ ਦੱਸੀਏ, ਕੀ ਕੀ ਖੋ ਗਿਆ ਬਸ ਨੈਣੋਂ ਪਾਣੀ ਚੋ ਗਿਆ ਫਿਰ ਅੰਬਰ ਸਾਡਾ ਹੋ ਗਿਆ

ਜਦ ਸਿਰ ਤੇ ਨਾ ਛੱਤ ਰਹੀ, ਮੈਂ ਵਾਸਤੇ ਘੱਤ ਰਹੀ

(ਹਿੰਦੁਸਤਾਨ ਟਾਈਮਜ਼, 4 ਨਵੰਬਰ 1984)

"ਦਿੱਲੀ ਦੇ ਦੰਗਿਆਂ ਵਿਚ 50,000 ਲੋਕ ਬੇਘਰ ਹੋ ਗਏ। ਇਨ੍ਹਾਂ ਵਿਚ 20,000 ਕੇਵਲ ਪੂਰਬੀ ਦਿੱਲੀ ਜਮਨਾਪਾਰ ਦੇ ਹੀ ਹਨ। 500 ਲੋਕ ਜਮਨਾ ਪਾਰ ਮਰ ਚੁਕੇ ਹਨ। ਜੋ ਕੈਂਪ ਲਾਏ ਗਏ ਹਨ, ਉਨ੍ਹਾਂ ਦੀ ਸਥਿਤੀ ਬਹੁਤ ਅਣਮਨੁੱਖੀ ਹੈ। ਸ਼ਾਹਦਰਾ ਦੇ ਸਰਕਾਰੀ ਸਕੂਲ ਚ ਇਕ ਔਰਤ ਕਹਿਣ ਲੱਗੀ, "ਮੈਨੂੰ ਪੰਜਾਬ ਲੈ ਜਾਉ"। ਗੁੰਮ ਗਏ ਬੰਦਿਆਂ ਦੀ ਕੋਈ ਸੂਚੀ ਨਹੀਂ ਬਣੀ। ਨੰਦ ਨਗਰੀ ਦੀਆਂ 50 ਮੁਟਿਆਰਾਂ ਦਾ ਕੋਈ ਥਹੁ-ਪਤਾ ਨਹੀਂ। ਉਨ੍ਹਾਂ ਨੂੰ ਪੁਲਿਸ ਨੇ ਆਪਣੀ ਰੱਖਿਆ ਚ ਲਿਆ ਸੀ, ਪਰ ਉਸ ਪਿਛੋਂ ਉਨ੍ਹਾਂ ਦਾ ਕੋਈ ਪਤਾ ਨਹੀਂ ਲੱਗਿਆ। ਕੁਝ ਲੋਕਲ ਹਿੰਦੂ, ਕੈਂਪਾਂ ਵਿਚ ਸਿੱਖਾਂ ਨੂੰ ਖਾਣਾ ਪੁਚਾ ਰਹੇ ਸਨ। ਕੁਝ ਲੋਕ ਜੋ ਬਚ ਗਏ ਗੁਰਦੁਆਰਿਆਂ ਵਿਚ ਰੱਖੇ ਗਏ ਸਨ। ਕੈਂਪਾਂ ਵਿਚ ਜ਼ਖਮੀਆਂ ਨੂੰ ਦਵਾਈਆਂ ਦੇਣੀਆਂ ਮੁਸ਼ਕਲ ਹੋ ਰਹੀਆਂ ਸਨ। ਹਸਪਤਾਲਾਂ ਵਿਚ ਉਨ੍ਹਾਂ ਨੂੰ ਭੇਜਿਆ ਨਹੀਂ ਸੀ ਜਾ ਰਿਹਾ, ਕਿਉਂਕਿ ਹਸਪਤਾਲ ਪਹਿਲਾਂ ਹੀ ਭਰੇ ਹੋਏ ਸਨ।"

(ਇੰਡੀਅਨ ਐਕਸਪ੍ਰੈਸ, 5 ਨਵੰਬਰ 1984)

"ਘੱਲੂਘਾਰੇ ਦੇ ਹਫਤਾ ਬਾਅਦ ਵੀ ਜਮਨਾ ਪਾਰ ਤ੍ਰਿਲੋਕਪੁਰੀ ਤੇ ਕਲਿਆਨਪੁਰੀ ਦੇ ਕੁਝ ਉਜੜੇ ਘਰਾਂ ਦੇ ਬਾਹਰ ਕਈ ਔਰਤਾਂ ਤੇ ਬੱਚੇ ਬੈਠੇ ਹੋਏ ਸਨ। ਇਨ੍ਹਾਂ ਔਰਤਾਂ ਦੇ ਪਤੀ ਉਨ੍ਹਾਂ ਦੇ ਸਾਹਮਣੇ ਸਾੜੇ ਗਏ ਸਨ। ਕਲਿਆਨਪੁਰੀ ਬਲਾਕ 11 ਤੇ 13 ਦੀਆਂ ਔਰਤਾਂ ਨੂੰ ਇਹ ਵੀ ਨਹੀਂ ਸੀ ਪਤਾ ਕਿ ਕਿਤੇ ਕੋਈ ਸਹਾਇਤਾ ਕੈਂਪ ਲੱਗੇ ਹਨ। ਇਹ ਔਰਤਾਂ ਇਥੇ ਬੈਠੀਆਂ ਕੇਵਲ ਖਾਲੀ ਅਸਮਾਨ ਨੂੰ ਘੂਰ ਰਹੀਆਂ ਸਨ। ਉਨ੍ਹਾਂ ਲਈ ਕੋਈ ਭਵਿੱਖ ਨਹੀਂ। ਬਚ ਗਏ ਆਂਢੀ-ਗੁਆਂਢੀ ਇਨ੍ਹਾਂ ਨੂੰ ਰੋਟੀ ਪਾਣੀ ਦੇ ਦਿੰਦੇ ਸਨ। ਤ੍ਰਿਲੋਕਪੁਰੀ ਦੀਆਂ ਝੁੱਗੀਆਂ ਦੀਆਂ ਦੀਵਾਰਾਂ ਵੀ ਘਟ ਹੀ ਨਜ਼ਰ ਆਉਂਦੀਆਂ ਹਨ। ਕੇਵਲ ਇਕ ਦੀਵਾਰ ਉਥੇ ਗੁਰੂ ਨਾਨਕ ਅਤੇ ਨਾਲ ਹੀ ਇਕ ਹਿੰਦੂ ਦੇਵਤੇ ਦੀ ਤਸਵੀਰ ਨਜ਼ਰ ਆ ਰਹੀ ਸੀ। -ਬਾਕੀ ਅਗਲੇ ਸਫੇ 'ਤੇ

ਇਥੇ ਹਿੰਦੂਆਂ ਦੇ ਘਰਾਂ ਨੂੰ ਵੀ ਨਹੀਂ ਛੱਡਿਆ ਗਿਆ। ਬਹੁਤ ਸਾਰੀਆਂ ਲਾਸ਼ਾਂ ਨੇੜੇ ਹੀ ਨਹਿਰ ਵਿਚ ਸੁੱਟੀਆਂ ਹੋਈਆਂ ਵੀ ਮਿਲੀਆਂ। ਕਲਿਆਨਪੁਰੀ 11 ਬਲਾਕ ਦੇ ਪ੍ਰੀਤਮ ਸਿੰਘ ਦਾ ਕਹਿਣਾ ਹੈ ਕਿ ਜਿਉਂ ਹੀ ਗੜਬੜ ਸ਼ੁਰੂ ਹੋਈ ਤਾਂ ਪੁਲਿਸ ਆਈ ਤੇ ਸਿੱਖਾਂ ਦੇ ਲਾਈਸੈਂਸੀ ਹਥਿਆਰ ਵੀ ਕਬਜ਼ੇ ਚ ਕਰ ਕੇ ਲੈ ਗਈ। ਇਉਂ ਉਹ ਨਿਹੱਥੇ ਹੋ ਗਏ ਤੇ ਗੁੰਡੇ ਕਈ ਵਾਰ ਆਏ, ਉਨ੍ਹਾਂ ਨੂੰ ਲੁੱਟਿਆ ਪੁਟਿਆ ਤੇ ਸੈਆਂ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ। ਇਥੇ ਵਧੇਰੇ ਗਰੀਬ ਮਿਹਨਤੀ ਸਿੱਖ ਹੀ ਰਹਿੰਦੇ ਸਨ। ਇਕ ਹਿੰਦੂ ਦੁਕਾਨਦਾਰ ਨੇ ਵੀ ਸਿੱਖਾਂ ਨੂੰ ਬਚਾਉਣ ਲਈ ਗੁੰਡਿਆ ਦਾ ਟਾਕਰਾ ਕੀਤਾ, ਪਰ ਉਸ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ।"

(ਟਾਈਮਜ਼ ਆਫ ਇੰਡੀਆ, 10 ਨਵੰਬਰ 1984) ਇਕੋ ਪ੍ਰਵਾਰ ਦੀਆਂ 21 ਵਿਧਵਾ ਔਰਤਾਂ

"ਜਨਕਪੁਰੀ (ਸਾਗਰਪੁਰ) ਦਿੱਲੀ ਦੇ ਇਸ ਪਰਵਾਰ ਦੇ 72 ਮੈਂਬਰ ਸਨ, ਪਰ ਹੁਣ ਇਸ ਪਰਵਾਰ ਦੀਆਂ 21 ਵਿਧਵਾ ਔਰਤਾਂ ਅਤੇ ਕੇਵਲ ਇਕ ਮੁੰਡਾ ਬਚਿਆ ਹੈ, ਸਭ ਮਰਦਾਂ ਨੂੰ ਉਨ੍ਹਾਂ ਦੇ ਸਾਹਮਣੇ ਹੀ ਜਲਾਇਆ ਗਿਆ ਤੇ ਇਹ ਸਭ ਕੁਝ ਸਾਗਰਪੁਰ ਦੇ ਲੋਕਾਂ ਨੇ ਹੀ ਕੀਤਾ। ਇਹ ਵੱਡਾ ਪਰਵਾਰ ਸਾਗਰਪੁਰ ਵਿਚ ਜ਼ਮੀਨ ਖਰੀਦ ਕੇ ਗੰਗਾ ਨਗਰ ਤੋਂ ਆ ਕੇ ਵਸਿਆ ਸੀ। ਵੱਡੀ ਭੀੜ ਨੇ ਜਦੋਂ ਇਸ ਪਰਵਾਰ ਤੇ ਹਮਲਾ ਕੀਤਾ ਤਾਂ ਉਨ੍ਹਾਂ ਕੋਲ ਮਿੱਟੀ ਦੇ ਤੇਲ ਦੇ ਟੀਨ ਸਨ। ਉਨ੍ਹਾਂ ਪਹਿਲਾਂ ਕੇਵਲ ਲੁੱਟਣ ਦਾ ਡਰਾਵਾ ਦਿੱਤਾ ਪਰ ਫਿਰ ਇਕ ਇਕ ਕਰ ਕੇ ਮਰਦਾਂ ਨੂੰ ਵੀ ਮੌਤ ਦੇ ਹਵਾਲੇ ਕਰ ਦਿੱਤਾ ਗਿਆ। ਇਹ ਪਰਵਾਰ ਤਿੰਨ ਭਰਾਵਾਂ ਦਾ ਸੀ, ਬੁਧ ਸਿੰਘ, ਹਰੀ ਸਿੰਘ, ਊਧਮ ਸਿੰਘ, ਅੱਗੋਂ ਉਨ੍ਹਾਂ ਦੇ ਪੁੱਤ ਪੋਤਰੇ ਸਨ। ਭੀੜ ਪਹਿਲਾਂ ਦਿਨੇ ਆਈ, ਸ਼ਾਮ ਨੂੰ ਫਿਰ ਸ਼ਰਾਬੀ ਹੋ ਕੇ ਆਈ। ਘਰ ਸਾੜੇ ਗਏ। ਔਰਤਾਂ ਨੂੰ ਵੀ ਪਥਰਾਂ ਨਾਲ ਕੁੱਟਿਆ



ਗਿਆ। ਅੱਠ ਵਰ੍ਹਿਆਂ ਦਾ ਬੰਟੀ ਸਭ ਕੁਝ ਦੇਖ ਕੇ ਪਾਗਲ ਹੋ ਗਿਆ ਹੈ-ਹਰ ਵੇਲੇ ਉਸ ਨੂੰ ਸੜਦੇ ਲੋਕ ਨਜ਼ਰ ਆਉਂਦੇ ਹਨ। ਕੇਵਲ ਬਲਦੇਵ ਸਿੰਘ ਬਚਿਆ ਹੈ, ਕਿਉਂਕਿ ਉਹ ਉਸ ਸਮੇਂ ਫੈਕਟਰੀ ਗਿਆ ਹੋਇਆ ਸੀ। ਘਰ ਦੀ ਇਕ ਨੂੰਹ ਸੁਖਦੇਵ ਕੌਰ ਅਜੇ ਪਿਛਲੇ ਮਹੀਨੇ ਹੀ ਵਿਆਹੀ ਆਈ ਸੀ, ਉਸ ਦਾ ਪਤੀ ਵੀ ਮਾਰਿਆ ਗਿਆ ਹੈ ਅਤੇ ਉਸ ਦੇ ਆਪਣੇ ਮਾਂ-ਪਿਉ ਵੀ ਨੰਦ ਨਗਰੀ ਦਿੱਲੀ ਵਿਚ ਮਾਰੇ ਗਏ ਹਨ।"

(ਇੰਡੀਅਨ ਐਕਸਪ੍ਰੈਸ, 12 ਨਵੰਬਰ 1984)

ਗੱਡੀਆਂ ਚੋਂ ਕੱਢ-ਕੱਢ ਕੇ ਸਿੱਖਾਂ ਨੂੰ ਮਾਰਿਆ ਗਿਆ :"2 ਨਵੰਬਰ ਨੂੰ ਦਿੱਲੀ ਦੇ ਤਿੰਨਾਂ ਵੱਡੇ ਰੇਲਵੇ ਸਟੇਸ਼ਨਾਂ ਤੇ ਭਿਆਨਕ ਖ਼ੂਨੀ ਆਤੰਕ ਨਜ਼ਰ ਆਇਆ। ਦੇਸ਼ ਦੇ ਵੱਖ-ਵੱਖ ਥਾਵਾਂ ਤੋਂ ਦਿੱਲੀ ਪਹੁੰਚ ਰਹੀਆਂ ਗੱਡੀਆਂ ਵਿਚ ਜ਼ਖਮੀ ਅਤੇ ਮਰੇ ਹੋਏ ਸਿੱਖਾਂ ਦੀ ਖਾਸੀ ਵੱਡੀ ਗਿਣਤੀ ਸੀ। ਉਦੋਂ ਤਕ ਦਿੱਲੀ ਵਿਚ ਇਹ ਖ਼ਬਰ ਫੈਲ ਚੁੱਕੀ ਸੀ ਕਿ ਨੇੜੇ ਦੇ ਰੇਲਵੇ ਸਟੇਸ਼ਨਾਂ ਗਾਜ਼ੀਆਬਾਦ, ਸਾਹਿਬਾਬਾਦ, ਸ਼ਾਹਦਰਾ, ਸੋਨੀਪਤ, ਤੁਗਲਕਾਬਾਦ, ਓਖਲਾ, ਬਲਭਗੜ੍ਹ ਆਦਿ ਤੇ ਹਿੰਸਕ ਭੀੜ ਗੱਡੀਆਂ ਨੂੰ ਰੋਕ ਰੋਕ ਕੇ ਸਿੱਖਾਂ ਉਤੇ ਹਮਲੇ ਕਰ ਰਹੀ ਹੈ, ਪਰ ਦੋ ਦਿਨ ਬਾਅਦ ਤਕ ਵੀ ਕਿਸੇ ਕਿਸਮ ਦੀ ਸੁਰੱਖਿਆ ਦਾ ਪ੍ਰਬੰਧ ਨਹੀਂ ਕੀਤਾ ਗਿਆ। ਦਿੱਲੀ ਪਹੁੰਚਣ ਵਾਲੇ ਗੰਭੀਰ ਰੂਪ ਵਿਚ ਘਾਇਲ ਲੋਕਾਂ ਦੀ ਸੰਭਾਲ ਦਾ ਵੀ ਕੋਈ ਸੰਤੋਸ਼ਜਨਕ ਪ੍ਰਬੰਧ ਸਟੇਸ਼ਨਾਂ ਉਤੇ ਦਿਖਾਈ ਨਾ ਦਿੱਤਾ। ਸਭ ਤੋਂ ਜ਼ਿਆਦਾ ਤਕਲੀਫਦੇਹ ਸਥਿਤੀ ਇਹ ਸੀ ਕਿ ਜਿਨ੍ਹਾਂ ਘਾਇਲਾਂ ਨੂੰ ਵੱਖ-ਵੱਖ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ, ਉਨ੍ਹਾਂ ਦੇ ਘਰਵਾਲਿਆਂ ਨੂੰ ਨਿਸ਼ਚਿਤ ਸੂਚਨਾ ਦੇਣ ਦਾ ਵੀ ਕੋਈ ਪ੍ਰਬੰਧ ਨਹੀਂ ਸੀ। ਸੈਂਕੜੇ ਲੋਕ ਅਨਿਸਚੇ, ਅਸੁਰੱਖਿਆ ਤੇ ਲਾਪ੍ਰਵਾਹੀ ਦੇ ਵਿਚ ਤ੍ਰਿਸ਼ੰਕੂ ਬਣੇ ਲਟਕੇ ਰਹੇ। ਇਸੇ ਲਈ ਉਨ੍ਹਾਂ ਦਾ ਦੁਖ ਹੋਰ ਡੂੰਘਾ ਹੋ ਰਿਹਾ ਸੀ।

ਦਿੱਲੀ ਨੂੰ ਫੌਜ ਦੇ ਸਪੁਰਦ ਕਰ ਦਿੱਤੇ ਜਾਣ ਦੇ ਬਾਵਜੂਦ ਪੂਰਬੀ ਦਿੱਲੀ ਵਿਚ ਸਿੱਖਾਂ ਦ

ਹਤਿਆਕਾਂਡ ਨੂੰ ਰੋਕਿਆ ਨਾ ਜਾ ਸਕਿਆ, ਕਿਉਂਕ ਫੌਜ ਦਾ ਕਹਿਣਾ ਸੀ ਕਿ ਪੁਲਿਸ ਉਨ੍ਹਾਂ ਨੂੰ ਮਿਲਵਰਤਣ ਨਹੀਂ ਸੀ ਦੇ ਰਹੀ। ਇਸੇ ਲਈ ਦਿੱਲੀ ਵਿਚ ਮੰਗੋਲਪੁਰੀ,

ਦਿੱਲੀ ਨੂੰ ਫੌਜ ਦੇ ਸਪੁਰਦ ਕਰ ਦਿੱਤੇ ਜਾਣ ਦੇ ਬਾਵਜੂਦ ਪੂਰਬੀ ਦਿੱਲੀ ਵਿਚ ਸਿੱਖਾਂ ਦੇ ਹਤਿਆਕਾਂਡ ਨੂੰ ਰੋਕਿਆ ਨਾ ਜਾ ਸਕਿਆ, ਕਿਉਂਕ ਫੌਜ ਦਾ ਕਹਿਣਾ ਸੀ ਕਿ ਪੁਲਿਸ ਉਨ੍ਹਾਂ ਨੂੰ ਮਿਲਵਰਤਣ ਨਹੀਂ ਸੀ ਦੇ ਰਹੀ।

ਬਹੁਤ ਸਾਰੇ ਸਿੱਖਾਂ ਦੀਆਂ ਦਾੜ੍ਹੀਆਂ ਤੇ ਵਾਲ ਕੈਂਪ ਵਿਚ ਪਹੁੰਚਣ ਤੋਂ ਪਿਛੋਂ ਪੁਲਿਸ ਇੰਸਪੈਕਟਰ ਦੀ ਦੇਖ-ਰੇਖ ਵਿਚ ਮੁੰਨੇ ਗਏ। ਇਹ ਲੋਕ ਇਸ ਘਟਨਾ ਕਾਰਨ ਅਜੇ ਵੀ ਭੈ-ਭੀਤ ਸਨ।

ਸੁਲਤਾਨਪੁਰੀ, ਕਿਸ਼ਨਗੰਜ ਆਦਿ ਕਾਲੋਨੀਆਂ ਵਿਚ ਜਦੋਂ ਤਕ ਫੌਜ ਪਹੁੰਚੀ, ਵਧੇਰੇ ਸਿੱਖ ਤਬਾਹ ਹੋ ਚੁੱਕੇ ਸਨ। ਪੂਰਬੀ ਦਿੱਲੀ ਚ ਤ੍ਰਿਲੋਕਪੁਰੀ



ਤੇ ਪੱਛਮੀ ਦਿੱਲੀ ਵਿਚ ਮੰਗੋਲਪੁਰੀ ਚ ਰਲਾ ਕੇ 700 ਤੋਂ 800 ਤਕ ਜਾਨਾਂ ਗਈਆਂ।"(ਯੁਵਕਧਾਰਾ, ਨਵੰਬਰ 1984)

ਇਕ ਕੈਂਪ ਦਾ ਦੁਖਾਂਤ:"ਇਸ ਘੱਲੂਘਾਰੇ ਦਾ ਸ਼ਿਕਾਰ ਹੋਏ ਵਿਅਕਤੀਆਂ ਲਈ ਜੋ ਕੈਂਪ ਲਾਏ ਗਏ, ਉਨ੍ਹਾਂ ਸਭ ਦੀ ਕਹਾਣੀ ਹੀ ਦੁਖਦਾਈ ਤੇ ਰੌਂਗਟੇ ਖੜੇ ਕਰ ਦੇਣ ਵਾਲੀ ਹੈ। ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰਾਂ-ਵੀਨਾ ਦਾਸ, ਆਰ.ਕੇ. ਦਾਸ, ਮਨੋਰੰਜਨ ਮੋਹੰਤੀ, ਅਸ਼ੀਸ਼ ਨੰਦੀ ਨੇ ਰਾਣੀ ਬਾਗ ਦਿੱਲੀ ਦੇ ਕੈਂਪ ਦਾ ਸਰਵੇਖਣ ਕੀਤਾ, ਜਿਥੇ ਸੁਲਤਾਨਪੁਰੀ ਦਿੱਲੀ ਦੇ 400 ਬਚ ਗਏ ਵਿਅਕਤੀਆਂ, ਵਿਧਵਾਵਾਂ ਤੇ ਬੱਚਿਆਂ ਨਾਲ ਮੁਲਾਕਾਤ ਕੀਤੀ, ਉਹ ਇਸ ਪ੍ਰਕਾਰ ਹੈ:-

"ਇਥੇ ਹਾਜ਼ਰ ਬਹੁਤੇ ਸਿੱਖਾਂ ਨੂੰ ਦਾੜ੍ਹੀਆਂ ਮੁੰਨਵਾਉਣ ਲਈ ਮਜਬੂਰ ਕੀਤਾ ਗਿਆ ਸੀ। ਬਹੁਤ ਸਾਰੇ ਸਿੱਖਾਂ ਦੀਆਂ ਦਾੜ੍ਹੀਆਂ ਤੇ ਵਾਲ ਕੈਂਪ ਵਿਚ ਪਹੁੰਚਣ ਤੋਂ ਪਿਛੋਂ ਪੁਲਿਸ ਇੰਸਪੈਕਟਰ ਦੀ ਦੇਖ-ਰੇਖ ਵਿਚ ਮੁੰਨੇ ਗਏ। ਇਹ ਲੋਕ ਇਸ ਘਟਨਾ ਕਾਰਨ ਅਜੇ ਵੀ ਭੈ-ਭੀਤ ਸਨ। ਲੋਕਾਂ ਦੇ ਲੱਗੀਆਂ ਸੱਟਾਂ, ਜ਼ਖਮ ਅਜੇ ਵੀ ਨਜ਼ਰ ਆ ਰਹੇ ਸਨ। ਕੁਝ ਔਰਤਾਂ ਨੇ ਅੱਗ ਨਾਲ ਸੜੇ ਅੰਗ ਦਿਖਾਏ। ਇਕ ਔਰਤ ਨੇ ਦੱਸਿਆ ਕਿ ਉਸ ਦੇ ਪਤੀ ਤੇ ਜਦੋਂ ਤੇਲ ਛਿੜਕ ਕੇ ਅੱਗ ਲਾਈ ਗਈ ਤਾਂ ਉਹ ਉਸ ਨੂੰ ਚਿੰਬੜ ਗਈ ਤੇ ਉਸ ਨੂੰ ਖਿੱਚ ਕੇ ਵੱਖਰਾ ਕੀਤਾ ਗਿਆ, ਇਉਂ ਉਹ ਝੁਲਸੀ ਗਈ। ਉਸ ਦੇ ਵੀ ਝਿੰਮਣੀਆਂ, ਭਰਵੱਟੇ, ਠੋਡੀ, ਹੱਥ, ਸੜੇ ਹੋਏ ਸਨ। ਕਈ ਬੱਚੇ ਵੀ ਜ਼ਖਮੀ ਸਨ, ਉਹਨਾਂ ਦੇ ਸਿਰ ਪੱਟੀਆਂ ਬੱਝੀਆਂ ਹੋਈਆਂ ਸਨ। ਬਲਾਕ ਏ ਵਿਚ ਰਹਿੰਦੇ ਕੇਵਲ ਚਾਰ ਮਰਦ ਹੀ ਬਚੇ ਸਨ। ਬਾਕੀ ਸਭ ਮਾਰ ਦਿੱਤੇ ਗਏ ਸਨ। ਬਲਾਕ ਏ-4 ਤੇ ਸੀ-4 ਦੇ ਸਾਰੇ ਮਰਦ ਮਾਰੇ ਗਏ ਸਨ। ਸੀ-4 ਦੇ 60 ਮਰਦ ਮਾਰੇ ਗਏ। ਔਰਤਾਂ ਨੇ ਦੱਸਿਆ ਕਿ ਉਹਨਾਂ ਨੂੰ ਹਮਲਾਵਰ ਗੁੰਡਿਆਂ ਨੇ ਆਖਿਆ ਕਿ ਜੇ ਉਹਨਾਂ ਸ਼ੋਰ ਪਾਇਆ ਜਾਂ

ਮਰਦਾਂ ਨੂੰ ਬਚਾਉਣ ਦਾ ਯਤਨ ਕੀਤਾ, ਤਾਂ ਉਹਨਾਂ ਨੂੰ ਤੇ ਉਹਨਾਂ ਦੀਆਂ ਧੀਆਂ ਨੂੰ ਰੇਪ ਕੀਤਾ ਜਾਏਗਾ। ਨੌਜੁਆਨ ਮੁੰਡਿਆਂ ਨੂੰ ਮਾਵਾਂ ਨੇ ਕੁੜੀਆਂ ਦਾ ਲਿਬਾਸ ਪਹਿਨਾ ਕੇ ਬਚਾਇਆ। ਬੱਚਿਆਂ ਨੂੰ ਫਿਰ ਵੀ ਪਛਾਣ ਕੇ ਕੋਹ ਦਿੱਤਾ ਗਿਆ। ਅਸੀਂ ਸੁਲਤਾਨਪੁਰੀ ਕਾਲੋਨੀ ਵਿਚ ਜਾ ਕੇ ਦੇਖਿਆ ਕਿ ਕਿਵੇਂ ਪੂਰੀ ਸਕੀਮ ਨਾਲ ਤਬਾਹੀ ਮਚਾਈ ਗਈ ਸੀ। ਜਿਥੇ ਗਲੀਆਂ ਲਾਸ਼ਾਂ ਸਾੜੀਆਂ ਗਈਆਂ ਸਨ, ਉਥੇ ਹੁਣ ਰੇਤ ਪਾਈ ਗਈ ਸੀ, ਪਰ ਅਸੀਂ ਥੋੜ੍ਹੀ ਜਿਹੀ ਰੇਤ ਨੂੰ ਪਰ੍ਹਾਂ ਕਰ ਕੇ ਦੇਖਦੇ ਤਾਂ ਥਲੇ ਵਾਲ ਲੱਭਦੇ ਜਾਂ ਕਿਤੇ ਕਿਤੇ ਕੋਨਿਆਂ ਤੇ ਇਕੱਠੀ ਹੋਈ ਰਾਖ ਵਿਚ ਹੱਡੀਆਂ ਦੇ ਟੁਕੜੇ। ਟੁੱਟੇ ਫੁੱਟੇ ਘਰਾਂ ਦੀਆਂ ਦੀਵਾਰਾਂ ਤੇ ਖ਼ੂਨ ਦ ਨਿਸ਼ਾਨ ਸਨ। ਆਬਾਦੀ ਵਿਚਲਾ ਗੁਰਦੁਆਰਾ ਬਿਲਕੁਲ ਹੀ ਸਵਾਹ ਹੋ ਚੁੱਕਾ ਸੀ। ਗਰੰਥੀ ਦੀ ਲਾਸ਼ ਦੀ ਰਾਖ ਉਥੇ ਹੀ



ਪਈ ਸੀ। ਕੁਝ ਉਥੇ ਰਹਿ ਹਿੰਦੂਆਂ ਨੇ ਵੀ ਜੋ ਦੁਖਾਂਤ ਦੀ ਕਹਾਣੀ ਸੁਣਾਈ, ਉਸ ਤੋਂ ਲੜੀ ਇਉਂ ਬਣੀ: ਬਲਾਕ ਸੀ-4 ਦੇ ਸਿੱਖਾਂ ਦੇ ਘਰਾਂ ਤੇ 2 ਨਵੰਬਰ ਨੂੰ ਸਵੇਰੇ 10 ਵਜੇ ਹਮਲਾ ਕੀਤਾ ਗਿਆ, ਹਮਲਾਵਰ ਨੇੜੇ ਦੇ ਪਿੰਡ ਪੂਟ ਤੋਂ ਆਏ ਗੁੱਜਰ ਸਨ, ਕੁਝ ਲੋਕ ਸੀ-ਬਲਾਕ ਤੋਂ ਵੀ ਉਨ੍ਹਾਂ ਦੇ ਨਾਲ ਸਨ। ਸਾਰੀ ਭੀੜ ਵਿਚ ਜਮਾਂਦਾਰ, ਚਮਾਰ, ਚੂੜ੍ਹੇ ਅਤੇ ਗੁੰਡੇ ਸਨ। ਉਹਨਾਂ ਨੇ ਘਰਾਂ ਦੀਆਂ ਚੀਜ਼ਾਂ ਲੁੱਟੀਆਂ, ਸਿੱਖ ਮਰਦਾਂ ਨੂੰ ਬਾਹਰ ਘੜੀਸਿਆ। ਕੁਝ ਹੋਰ ਸਿੱਖਾਂ ਕੋਲ ਜੋ ਡਾਂਗਾਂ ਸੋਟੀਆਂ ਇਕ ਅੱਧ ਕੋਲ ਜੋ ਬੰਦੂਕ ਆਦਿ ਸੀ, ਉਹ ਬਾਹਰ ਆਏ। ਕੁਝ ਦੇਰ ਲੜਾਈ ਹੋਈ। ਇੰਨੀ ਦੇਰ ਨੂੰ ਪੁਲਿਸ ਤੇ ਐਸ.ਐਚ.ਓ. ਆ ਗਏ। ਪੁਲਿਸ ਨੇ ਭੀੜ ਨੂੰ ਖਿੰਡਾ ਦਿੱਤਾ ਅਤੇ ਸਿੱਖਾਂ ਨੂੰ ਹਿਰਾਸਤ ਵਿਚ ਲੈ ਲਿਆ। ਉਹਨਾਂ ਦੀਆਂ ਤਲਵਾਰਾਂ ਆਦਿ ਲੈ ਲਈਆਂ ਤੇ ਨਿਹੱਥਿਆਂ ਨੂੰ ਫਿਰ ਘਰ ਜਾਣ ਲਈ ਆਖਿਆ। ਹੁਣ ਫਿਰ ਭੀੜ ਆਈ ਤੇ ਉਹਨਾਂ ਨੇ ਸਿੱਖਾਂ ਨੂੰ ਘਰਾਂ ਚੋਂ ਕੱਢ ਕੇ ਕੁੱਟਿਆ ਮਾਰਿਆ ਸਾੜਿਆ ਤੇ ਘਰਾਂ ਨੂੰ ਅੱਗ ਲਗਾਈ। ਜੋ ਮਰਦ ਬਚ ਗਏ ਉਹਨਾਂ ਤੇ ਹਮਲਾ ਅਗਲੀ ਸਵੇਰ ਫਿਰ ਕੀਤਾ ਗਿਆ। ਐਸ.ਐਚ.ਓ. ਹਰੀ ਰਾਮ ਭੱਟੀ ਨੇ ਸਿੱਖ ਮੁਖੀ ਸੁੰਦਰ ਸਿੰਘ ਨੂੰ ਆਪ ਗੋਲੀ ਨਾਲ ਮਾਰਿਆ। ਸਿੱਖਾਂ ਦੇ ਨਿਕਲਣ ਲਈ ਆਸ-ਪਾਸ ਦੇ ਰਾਹ ਪੁਲਿਸ ਨੇ ਬੰਦ ਕਰ ਦਿੱਤੇ ਸਨ। ਇਉਂ ਐਸ.ਐਚ.ਓ. ਦੀ ਦੇਖ ਰੇਖ ਵਿਚ ਹੀ ਇਹ ਸਾਰਾ ਦੁਖਾਂਤ ਵਾਪਰਿਆ। ਚਾਰ ਕੁੜੀਆਂ ਨੂੰ ਗੁੰਡੇ ਚੁਕ ਕੇ ਲੈ ਗਏ ਤੇ ਤੀਜੇ ਦਿਨ ਵਾਪਸ ਭੇਜੀਆਂ ਗਈਆਂ। ਕੈਂਪ ਵਿਚ ਕੁਝ ਔਰਤਾਂ ਇਹ ਸਭ ਕੁਝ ਦੱਸਦੀਆਂ ਬੇਹੋਸ਼ ਹੋ ਗਈਆਂ। ਏ-2 ਦੇ ਇਕ ਸਿੱਖ ਪ੍ਰਵਾਰ ਨੂੰ ਏ-4 ਦੇ ਪੂਰਬੀਆਂ ਨੇ ਲੁਕਾਈ ਰੱਖਿਆ। ਕੁਝ ਪ੍ਰਵਾਰਾਂ ਨੂੰ ਉਥੋਂ ਦੇ ਹੀ ਮੁਸਲਮਾਨ ਪ੍ਰਵਾਰਾਂ ਨੇ ਲੁਕਾਈ ਰੱਖਿਆ। ਕੁਝ ਹਿੰਦੂਆਂ ਨੂੰ ਗੁੰਡਿਆਂ ਨੇ ਡਰਾਇਆ ਵੀ, ਉਹਨਾਂ ਦੇ ਬੱਚਿਆਂ ਨੂੰ ਕਤਲ ਕਰਨ ਤੇ ਔਰਤਾਂ ਨੂੰ ਰੇਪ ਕਰਨ ਦਾ ਡਰਾਵਾ ਦਿੱਤਾ। ਸਾਨੂੰ ਸਿੱਖਾਂ ਨੇ ਇਕ ਹਿੰਦੂ ਮਿਲਾਇਆ, ਜਿਸ ਨੇ 16 ਸਿੱਖਾਂ ਦੀ ਜਾਨ ਬਚਾਈ ਸੀ। ਫਿਰ ਵੀ ਇਥੇ .. ਕੇਵਲ ਨੌਜਵਾਨ ਸਿੱਖ ਹੀ ਮਾਰੇ ਗਏ। ਕੁਝ ਸਿੱਖ ਜੋ ਅਜੇ ਵੀ ਆਪਣੇ ਬਰਬਾਦ ਹੋਏ ਘਰਾਂ ਚ ਕਿਸੇ ਕੋਨੇ ਲੁਕੇ ਹੋਏ ਸਨ, ਜਦੋਂ ਉਹ ਆਪਣੀ ਭੁੱਖ ਪਿਆਸ ਤੋਂ ਆਤੁਰ ਹੋ ਕੇ ਬਾਹਰ ਨਿਕਲੇ ਤਾਂ ਉਹਨਾਂ ਨੂੰ ਉਦੋਂ ਮਾਰਿਆ ਗਿਆ।

ਕੈਂਪਾਂ ਵਿਚ ਜੋ ਵਿਅਕਤੀ ਹਾਜ਼ਰ ਸਨ, ਉਹ ਕਈ ਉਹਨਾਂ ਲੋਕਾਂ ਨੂੰ ਪਛਾਣਦੇ ਸਨ, ਜਿਨ੍ਹਾਂ ਨੇ ਬਾਹਰੋਂ ਗੁੰਡਿਆਂ ਨੂੰ ਉਤਸ਼ਾਹਤ ਕੀਤਾ, ਆਪ ਵੀ ਲੁੱਟਿਆ ਪੁਟਿਆ ਤੇ ਕਤਲਾਮ ਚ ਹਿੱਸਾ ਲਿਆ ਇਹ ਸਨ ਇਕ ਗੋਰਖਾ ਡੈਨੀ, ਪ੍ਰਾਪਰਟੀ ਡੀਲਰ ਪਰੇਮ ਚੰਦ, ਅਸ਼ੋਕ ਕੁਮਾਰ, ਸੁਨੀਲ ਕੁਮਾਰ ਆਦਿ। ਸਜਨ ਕੁਮਾਰ ਕਾਂਗਰਸੀ ਐਮ.ਪੀ. ਦਾ ਖਾਸ ਏਜੰਟ ਜੈ ਕਿਸ਼ਨ ਇਹਨਾਂ ਦਾ ਨੇਤਾ ਸੀ। ਉਸ ਨੇ ਹੀ ਇਸ ਜ਼ੁਲਮ ਦਾ ਮਾਹੌਲ ਬਣਾਇਆ ਸੀ। ਹਵਾਲਦਾਰ ਜੈ ਭਗਵਾਨ ਨੇ ਇਕ ਘਰ ਚ ਇਕ ਔਰਤ ਨੂੰ ਬਚਾਉਣ ਦੇ ਬਹਾਨੇ ਦਾਖਲ ਹੋ ਕੇ ਉਸ ਦਾ ਰੇਪ ਕੀਤਾ।

ਇਸ ਆਬਾਦੀ ਵਿਚ ਵਧੇਰੇ ਸਿੱਖ ਰਾਜਿਸਥਾਨ (ਅਲਵਰ) ਤੋਂ ਆ ਕੇ ਵਸੇ ਸਨ। ਜੋ ਪਹਿਲਾਂ ਸਿੰਧ ਪਾਕਿਸਤਾਨ ਤੋਂ ਉਥੇ ਆਏ ਸਨ। ਇਹ ਸਿੱਖ ਪੰਜਾਬੀ ਵੀ ਘਟ ਹੀ ਬੋਲ ਸਕਦੇ ਸਨ। ਆਪਣੇ ਰਵਾਇਤੀ ਧੰਦੇ ਕਰਦੇ ਸਨ, ਜਿਵੇਂ ਜੁਲਾਹਾ ਜਾਂ ਤਰਖਾਣਾ ਕੰਮ, ਕੁਝ ਸਬਜ਼ੀ ਵੇਚਦੇ ਸਨ, ਕੁਝ ਸਕੂਟਰ-ਰਿਕਸ਼ਾ ਚਲਾਉਂਦੇ ਸਨ। ਐਮਰਜੈਂਸੀ ਵਿਚ ਇਹਨਾਂ ਨੂੰ ਝੁੱਗੀਆਂ ਝੌਂਪੜੀਆਂ ਚੋਂ ਕੱਢ ਕੇ ਇਥੇ ਵਸਾਇਆ ਗਿਆ ਸੀ।


ਸਫ਼ਾ 12 ਦਾ ਬਾਕੀ

## ਡਾਕਟਰਾਂ ਤੋਂ ਵੀ ਪਹਿਲਾਂ...

ਇਨ੍ਹਾਂ ਹਾਲਤਾਂ ਵਿੱਚ ਸਤਵੰਤ ਸਿੰਘ ਨੂੰ ਇੰਦਰਾ ਦੀ ਮੌਕੇ 'ਤੇ ਹੀ ਮੌਤ ਹੋ ਜਾਣ ਦਾ ਬਿਲਕੁਲ ਯਕੀਨ ਸੀ।ਡਾਕਟਰੀ ਨਜ਼ਰੀਏ ਮੁਤਾਬਕ ਵੀ ਕਿਸੇ ਮਨੁੱਖ ਦੇ ਗੋ.ਲੀਆਂ ਨਾਲ ਚਾਰ ਵਰਟੀਬਰੇ ਉੱਡ ਜਾਣ ਤਾਂ ਅਜਿਹੀ ਸੂਰਤ ਵਿੱਚ ਬੰਦੇ ਮੌਤ ਮੌਕੇ ਤੇ ਹੋ ਗਈ ਸਮਝੋ ।ਏਮਜ਼ ਹਸਪਤਾਲ ਦੀ ਕੈਜ਼ੂਐਲਟੀ ਵਿੱਚ ਜਦੋਂ ਡਾਕਟਰਾਂ ਨੇ ਸ਼੍ਰੀਮਤੀ ਗਾਂਧੀ ਨੂੰ ਚੈੱਕ ਕੀਤਾ ਤਾਂ ਉਨ੍ਹਾਂ ਦੀ ਨਬਜ਼ ਰੁਕੀ ਹੋਈ ਸੀ ਅੱਖਾਂ ਖੁੱਲ੍ਹੀਆਂ ਤੇ ਖੜ੍ਹੀਆਂ ਸਨ। ਅੱਖਾਂ ਵਿੱਚ ਰੌਸ਼ਨੀ ਪਾ ਕੇ ਚੈੱਕ ਕੀਤਾ ਗਿਆ ਤੇ ਦੇਖਿਆ ਗਿਆ ਕਿ ਅਲਾਮਤ ਉਹ ਹੈ ਜੋ ਦਿਮਾਗ਼ ਡੈਡ ਹੋਣ ਵੇਲੇ ਹੁੰਦੀ ਹੈ। ਭਾਵ ਦਿਮਾਗ਼ ਅਤੇ ਦਿਲ ਦੋਵੇਂ ਕੰਮ ਛੱਡ ਚੁੱਕੇ ਨੇ। ਡਾਕਟਰਾਂ ਨੇ ਇੰਦਰਾ ਗਾਂਧੀ ਦੇ ਉੱਥੇ ਹਾਜ਼ਰ ਖ਼ਾਸਮਖ਼ਾਸ ਬੰਦਿਆਂ ਆਰ.ਕੇ ਧਵਨ ਅਤੇ ਐਮ.ਐਲ. ਫੋਤੇਦਾਰ ਨੂੰ ਸਪਸ਼ਟ ਆਖ ਦਿੱਤਾ ਕੰਮ ਤਮਾਮ ਜਾਪਦਾ ਹੈ ਤੇ ਤੁਸੀਂ ਮੈਡਮ ਨੂੰ ਮਰ ਚੁੱਕੀ ਸਮਝ ਕੇ ਜੋ ਕੋਈ ਤਿਆਰੀ-ਬਿਆਰੀ ਕਰਨੀ ਹੈ ਉਹ ਸ਼ੁਰੂ ਕਰ ਸਕਦੇ ਹੋ। ਪਰ ਆਖ਼ਰ ਨੂੰ ਉਹ ਪ੍ਰਧਾਨ ਮੰਤਰੀ ਸੀ ,ਇੰਝ ਇੰਨੀ ਛੇਤੀ ਕਿਵੇਂ ਉਹਨੂੰ ਮੋਈ ਸਮਝ ਕੇ ਕੋਈ ਹੋਰ ਹੀਲਾ ਨਾ ਕੀਤਾ ਜਾਂਦਾ। ਨਾਲੇ ਸ਼੍ਰੀਮਤੀ ਗਾਂਧੀ ਦੇ ਪੁੱਤਰ ਰਾਜੀਵ ਗਾਂਧੀ ਦੇ ਰਾਜਧਾਨੀ ਪੁੱਜਣ ਦੀ ਉਡੀਕ ਵੀ ਕੀਤੀ ਜਾਣੀ ਸੀ ਜੋ ਕੇ ਉਸ ਦਿਨ ਪੱਛਮੀ ਬੰਗਾਲ ਦੇ ਦੌਰੇ ਤੇ ਸੀ । ਮੈਡਮ ਨੂੰ ਅੱਧੇ ਪੌਣੇ ਘੰਟੇ ਤੋਂ ਬਾਅਦ ਕੈਜ਼ੂਐਲਟੀ ਤੋਂ ਓਪਰੇਸ਼ਨ ਥੇਟਰ ਵਿੱਚ ਸ਼ਿਫ਼ਟ ਕੀਤਾ ਗਿਆ। ਉੱਥੇ ਉਨ੍ਹਾਂ 'ਤੇ ਉਹ ਜੰਤਰ ਲਾਏ ਗਏ ਜੋ ਫੇਫੜਿਆਂ ਤੇ ਦਿਲ ਦੇ ਕੰਮ ਛੱਡਣ ਦੇ ਬਾਵਜੂਦ ਵੀ ਖ਼ੂਨ ਦਾ ਸਰਕਲ ਚਲਾ ਸਕਦੇ ਹਨ। ਇਸ ਤਰੀਕੇ ਨਾਲ ਮੈਡਮ ਨੂੰ 88 ਬੋਤਲਾਂ ਖ਼ੂਨ ਚਾੜ੍ਹਿਆ ਗਿਆ ਜੋ ਕਿ ਸਰੀਰ ਦੇ ਕੁੱਲ ਖ਼ੂਨ ਦਾ 4-5 ਗੁਣਾ ਬਣਦਾ ਹੈ। ਇਹ ਤਾਂ ਕੀਤਾ ਗਿਆ ਕਿ ਜਿੰਨਾ ਖ਼ੂਨ ਸਰੀਰ 'ਚੋਂ ਨਿਕਲ ਰਿਹਾ ਹੈ ਉਹ ਪੂਰਾ ਹੁੰਦਾ ਰਹੇ। ਪਰ ਅਖੀਰ ਨੂੰ ਬਾਅਦ ਦੁਪਹਿਰ ਢਾਈ ਵਜੇ ਡਾਕਟਰਾਂ ਨੇ ਹੱਥ ਖੜ੍ਹੇ ਕਰ ਦਿੱਤੇ। ਪਰ ਇਸ ਗੱਲ 'ਤੇ ਡਾਕਟਰਾਂ ਵਿੱਚ ਬਹਿਸ ਹੋਈ ਕਿ ਮੌਤ ਦਾ ਸਮਾਂ ਕਿੰਨੇ ਵਜੇ ਦਾ ਮੰਨ ਕੇ ਲਿਖਿਆਂ ਜਾਵੇ। ਅਖੀਰ ਨੂੰ ਡਾਕਟਰ ਇਸ ਸਿੱਟੇ ਤੇ ਪੁੱਜੇ ਕਿ ਇਹ ਸ਼੍ਰੀਮਤੀ ਗਾਂਧੀ ਦੀ ਮੌਤ ਹਸਪਤਾਲ ਆਉਣ ਤੋਂ ਪਹਿਲਾਂ ਹੀ ਹੋ ਚੁੱਕੀ ਸੀ ਤੇ ਡੈੱਥ ਸਰਟੀਫਿਕੇਟ ਚ ਵੀ ਇਹੀ ਮੌਤ ਦਾ ਸਮਾ ਇਹੀ ਲਿਖਿਆ ਗਿਆ । ਹਸਪਤਾਲ ਦਾ ਇਹ ਸਰਟੀਫਿਕੇਟ ਵੀ ਸਤਵੰਤ ਸਿੰਘ ਦੀ ਦਿੱਤੀ ਜਾਣਕਾਰੀ ਦੀ ਤਸਦੀਕ ਕਰਦਾ ਹੈ।ਪੋਸਟ ਮਾਰਟਮ ਵਿੱਚ ਇੰਦਰਾ ਗਾਂਧੀ ਦੇ ਸਰੀਰ ਚ ਤੀਹ ਗੋਲੀਆਂ ਵੱਜਣ ਅਤੇ ਰੀੜ੍ਹ ਦੀ ਹੱਡੀ ਦੇ ਚਾਰ ਮਣਕੇ ਉੱਡ ਜਾਣ ਦੀ ਰਿਪੋਰਟ ਦੇਣੀ ਤੇ ਉਹਨੂੰ ਮੋਈ ਹਾਲਤ ਵਿੱਚ ਲਿਆਉਣ ਦੀ ਗੱਲ ਲਿਖੇ ਜਾਣਾ ਸਤਵੰਤ ਸਿੰਘ ਦਾਅਵੇ ਦੇ ਹੱਕ ਚ ਗਵਾਹੀ ਹੈ ਕਿ ਮੈਡਮ ਦੀ ਮੌਤ ਮੌਕੇ ਤੇ ਹੀ ਗਈ ਸੀ ।ਇਨ੍ਹਾਂ ਹਾਲਤਾਂ ਦੇ ਮੱਦੇਨਜ਼ਰ ਸਤਵੰਤ ਸਿੰਘ ਵੱਲੋਂ ਇੰਦਰਾ ਗਾਂਧੀ ਦੀ ਮੌਤ ਦੀ ਤਸਦੀਕ ਵਾਲਾ ਐਲਾਨ ਬਿਲਕੁਲ ਦਰੁਸਤ ਸਾਬਤ ਹੁੰਦਾ ਹੈ । ਕਿਉਂਕਿ ਡਾਕਟਰਾਂ ਨੇ ਜੋ ਕੁਝ ਪੋਸਟ ਮਾਰਟਮ ਚ ਦੇਖਿਆ ਉਹਦਾ ਸਤਵੰਤ ਨੂੰ ਪਹਿਲਾਂ ਹੀ ਪਤਾ ਸੀ ਕਿਉਂਕਿ ਇਹ ਸਭ ਕੁਝ ਆਪਦੇ ਹੱਥੀਂ ਕੀਤਾ ਹੀ ਉਹਨੇ ਸੀ । ਭਾਵੇਂ ਸਤਵੰਤ ਸਿੰਘ ਦੇ ਇਸ ਐਲਾਨ ਨੂੰ ਸੁਣਨ ਵਾਲ਼ਿਆਂ ਨੇ ਮੌਕੇ ਤੇ ਉਹਦੀ ਗੱਲ ਨੂੰ ਇਤਬਾਰ ਲਾਇਕ ਨਾ ਵੀ ਮੰਨਿਆ ਹੋਵੇ ਪਰ ਇਹ ਸਹੀ ਸੀ । ਸਤਵੰਤ ਸਿੰਘ ਵੱਲੋਂ ਆਖੀ ਗਈ ਇਸ ਗੱਲ ਨੂੰ ਸਰਕਾਰ ਨੇ ਜ਼ੋਰ ਲਾ ਕੇ ਹੋਰ ਅਗਾਂਹ ਫੈਲਣ ਤੋਂ ਰੋਕ ਲਿਆ ਪਰ ਉਹ ਇੰਦਰਾ ਗਾਂਧੀ ਦੀ ਫੌਤਗੀ ਨੂੰ ਨਸ਼ਰ ਕਰਨ ਵਾਲਾ ਉਹ ਪਹਿਲਾ ਸ਼ਖ਼ਸ ਬਣ ਗਿਆ ।

# ਸਾਡੀ ਨਵੀਂ ਪੀੜ੍ਹੀ 1984 ਦੇ ਸਿੱਖ ਕਤਲੇਆਮ ਬਾਰੇ ਕਿੰਨਾ ਕੁੱਝ ਜਾਣਦੀ ਹੈ ?





ਲੇਖਕ : ਨਿਮਰਤ ਕੌਰ

ਨਵੰਬਰ 1984 ਦੇ ਆਉਂਦਿਆਂ ਹੀ, ਸਿੱਖ ਨਸਲਕੁਸ਼ੀ ਦੀ ਯਾਦ ਕਈਆਂ ਨੂੰ ਤਾਂ ਹੋਰ ਤੇਜ਼ੀ ਨਾਲ ਚੁੱਭਣ ਲਗਦੀ ਹੈ ਪਰ ਕਿਤੇ ਕਿਤੇ ਅੱਜ ਦੀ ਪੀੜ੍ਹੀ ਦੀ '84 ਦੇ ਕਤਲੇਆਮ ਬਾਰੇ ਅਣਜਾਣਤਾ ਤੇ ਅਭਿੱਜਤਾ ਵੀ ਨਜ਼ਰ ਆ ਰਹੀ ਸੀ। ਸਪੋਕਸਮੈਨ ਟੀ.ਵੀ. ਰਾਹੀਂ ਨੌਜੁਆਨਾਂ ਨਾਲ ਗੱਲਬਾਤ ਕਰ ਕੇ ਪਤਾ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਅੱਜ ਦੀ ਪੀੜ੍ਹੀ ਦੀ ਕਠੋਰਤਾ ਸਮਝ ਵੀ ਆਈ। ਨੌਜੁਆਨਾਂ ਨੂੰ ਇਕ ਤਾਂ ਪਤਾ ਹੀ ਨਹੀਂ ਸੀ ਕਿ ਨਵੰਬਰ '84 'ਚ ਕੁੱਝ ਹੋਇਆ ਵੀ ਸੀ। ਕੁੱਝ ਨੇ ਅਤਿਵਾਦ ਦਾ ਨਾਂ ਲਿਆ। ਸਾਰਿਆਂ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਾ ਘਰੋਂ ਅਤੇ ਨਾ ਹੀ ਸਕੂਲ ਵਿਚੋਂ ਦਿਤੀ ਗਈ। ਤਾਂ ਫਿਰ ਕਸੂਰਵਾਰ ਤਾਂ ਮਾਂ-ਬਾਪ ਹੋਏ।

ਪਰ ਕੀ ਮਾਂ-ਬਾਪ ਨੂੰ ਅਸੀਂ ਅਪਣੇ ਬੱਚਿਆਂ ਨੂੰ '84 ਦੇ ਕਤਲੇਆਮ ਤੋਂ ਦੂਰ ਰੱਖਣ ਲਈ ਕਸੂਰਵਾਰ ਠਹਿਰਾ ਸਕਦੇ ਹਾਂ? ਜਦੋਂ ਸਰਕਾਰ ਨੇ ਆਪ ਹੀ ਘਰਾਂ ਦੀ ਪਛਾਣ ਕਰਵਾ ਕੇ ਸਿੱਖਾਂ ਨੂੰ ਚੁਣ-ਚੁਣ ਕੇ ਮਰਵਾਇਆ ਤਾਂ ਵਿਸ਼ਵਾਸ ਟੁਟਣਾ ਹੀ ਸੀ ਪਰ ਉਸ ਤੋਂ ਬਾਅਦ ਜੋ ਪੀੜਤਾਂ ਉਤੇ ਬੀਤੀ, ਉਹ ਅਸਲ ਕਾਰਨ ਅੱਜ ਦੀ ਕਠੋਰਤਾ ਵਾਸਤੇ ਜ਼ਿੰਮੇਵਾਰ ਹੈ। ਸਿੱਖਾਂ ਵਾਂਗ ਜਦੋਂ ਯਹੂਦੀਆਂ ਦੀ ਨਸਲਕੁਸ਼ੀ ਹੋਈ ਸੀ ਤਾਂ ਨਾ ਸਿਰਫ਼ ਉਨ੍ਹਾਂ ਦੀ ਮਦਦ ਤੇ ਸਾਰੀ ਦੁਨੀਆਂ ਆਈ ਸੀ ਸਗੋਂ ਉਹ ਆਪ ਵੀ ਖੁਲ੍ਹ ਕੇ ਇਕ ਦੂਜੇ ਦੀ ਮਦਦ ਤੇ ਆਏ ਸਨ। ਯਹੂਦੀਆਂ ਨੇ ਦੁਨੀਆਂ ਦੇ ਕੋਨੇ-ਕੋਨੇ ਵਿਚ ਯਾਦਗਾਰਾਂ ਬਣਵਾਈਆਂ ਤਾਂ ਜੋ ਦੁਨੀਆਂ ਕਦੇ ਭੁੱਲ ਨਾ ਸਕੇ ਕਿ ਉਨ੍ਹਾਂ ਨਾਲ ਕੀ ਹੋਇਆ ਸੀ। ਫਿਰ ਉਨ੍ਹਾਂ ਨੇ ਅਪਣੇ ਇਕ-ਇਕ ਬੱਚੇ ਨੂੰ ਪੜ੍ਹਾਇਆ-ਲਿਖਾਇਆ ਅਤੇ ਅਪਣੀ ਪੂਰੀ ਕੌਮ ਨੂੰ ਤਾਕਤਵਰ ਬਣਾਇਆ।

ਸਿੱਖਾਂ ਨਾਲ ਕੀ ਹੋਇਆ? ਅੱਜ ਕਿਸੇ ਵੀ ਪੀੜਤ ਤੋਂ ਪੁੱਛੋ, ਇਕ ਨਹੀਂ ਬੋਲੇਗਾ ਕਿ ਮੇਰੇ ਨਾਲ ਕੋਈ ਸਿਆਸੀ ਜਾਂ ਧਾਰਮਕ ਆਗੂ ਖੜਾ ਸੀ। ਇਕ ਆਵਾਜ਼ ਨਾਲ ਹਰ ਪੀੜਤ ਆਖੇਗਾ ਕਿ ਸਾਨੂੰ 35 ਸਾਲਾਂ ਵਿਚ ਜੋ ਸਹਿਣਾ ਪਿਆ, ਉਹ ਉਨ੍ਹਾਂ 72 ਘੰਟਿਆਂ ਦੇ ਜ਼ੁਲਮ ਨਾਲੋਂ ਘੱਟ ਨਹੀਂ ਸੀ। ਤਰਨਦੀਪ ਕੌਰ, ਉਹ ਔਰਤ ਜਿਸ ਨੇ ਅਪਣੇ ਸੰਘਰਸ਼ ਵਿਚ ਅਪਣੀ ਸਾਰੀ ਜ਼ਿੰਦਗੀ ਲਾ ਦਿਤੀ, ਜਿਸ ਦੇ ਸਿਰ ਉਤੇ ਅੱਜ ਕਰਜ਼ਾ ਹੈ, ਉਹ ਇਕ ਇਨਸਾਨ ਨੂੰ ਅਪਣੇ ਨਾਲ ਖੜਾ ਨਹੀਂ ਆਖ ਸਕਦੀ। ਵਕੀਲਾਂ ਨੇ ਪੈਸੇ ਲਏ ਅਤੇ ਮਦਦ ਜ਼ਰੂਰ ਕੀਤੀ ਪਰ ਕੋਈ ਇਕ ਵੀ ਸਵਾਰਥ ਰਹਿਤ ਹੋ ਕੇ ਨਹੀਂ ਆਇਆ, ਸਿਵਾਏ ਸੀ.ਬੀ.ਆਈ. ਦੇ ਵਕੀਲ ਚੀਮਾ ਜੀ ਤੋਂ। ਉਨ੍ਹਾਂ ਨੇ ਦਸਿਆ ਕਿ ਉਨ੍ਹਾਂ ਨੇ ਜਦੋਂ ਸੱਜਣ ਕੁਮਾਰ ਦਾ ਕੇਸ ਜਿਤਿਆ ਤਾਂ ਡੀ.ਜੀ.ਪੀ.ਸੀ. ਅਤੇ ਅਕਾਲੀ ਦਲ ਉਨ੍ਹਾਂ ਦੀ ਸਫ਼ਲਤਾ ਦਾ ਸਿਹਰਾ ਅਪਣੇ ਸਿਰ ਬੰਨ੍ਹਣ ਲਈ ਉਨ੍ਹਾਂ ਦੁਆਲੇ ਆ ਖੜੇ ਹੋਏ ਪਰ ਇਕ ਪੈਸੇ ਦੀ ਕਿਸੇ ਨੇ ਮਦਦ ਨਾ ਕੀਤੀ।

ਇਸ ਤਰ੍ਹਾਂ ਹੋਰ ਕਿੰਨੇ ਹੀ ਪੀੜਤਾਂ ਨਾਲ ਗੱਲ ਕੀਤੀ ਅਤੇ ਉਹ ਉਭਾਸਰ ਪਏ ਕਿ ਸਿੱਖ ਸਿਆਸਤਦਾਨਾਂ ਨੇ ਉਨ੍ਹਾਂ ਭਿਖਾਰੀ ਬਣਾ ਦਿਤਾ ਹੈ। ਜਿਸ ਡੀ.ਜੀ.ਪੀ. ਸੈਣੀ ਵਰਗੇ ਨੇ ਉਨ੍ਹਾਂ ਨੂੰ ਮਾਰਿਆ ਸੀ, ਉਨ੍ਹਾਂ ਨੂੰ ਹੀ ਪੰਜਾਬ ਦੇ ਸਿਰ ਤੇ ਬਿਠਾ ਕੇ, ਅਕਾਲੀ ਦਲ ਨੇ ਇਨ੍ਹਾਂ ਦੇ ਜ਼ਖ਼ਮਾਂ ਉਤੇ ਹੋਰ ਲੂਣ ਛਿੜਕਿਆ। ਕੁੱਝ ਇਹ ਵੀ ਮੰਨਦੇ ਹਨ ਕਿ ਸ਼੍ਰੋਮਣੀ ਕਮੇਟੀ, ਦਿੱਲੀ ਗੁ. ਪ੍ਰਬੰਧਕ ਕਮੇਟੀ ਤੇ ਅਕਾਲੀ ਦਲ ਨੇ ਉਨ੍ਹਾਂ ਨੂੰ ਹੋਰ ਵੀ ਤੰਗ ਕੀਤਾ ਤੇ ਭਿਖਾਰੀ ਬਣਾਇਆ। ਐਚ.ਕੇ.ਐਲ. ਭਗਤ ਵਰਗਿਆਂ ਨੂੰ ਬਚਾਉਣ ਲਈ ਇਨ੍ਹਾਂ ਉਤੇ ਪਰਚੇ ਕਰਵਾਏ।

ਸਾਰਿਆਂ ਦੀ ਇਕ ਅਪੀਲ ਸੀ ਕਿ ਅਪਣੇ ਸਿਆਸੀ ਆਗੂਆਂ ਵਲ ਨਾ ਤੱਕੋ, ਇਹ ਉਨ੍ਹਾਂ ਹੀ ਦਰਿੰਦਿਆਂ ਵਰਗੇ ਹਨ ਜੋ ਭਾੜਾ ਲੈ ਕੇ ਸਿੱਖ-ਮਾਰੂ ਭੀੜ ਬਣ ਗਏ ਸਨ। ਸ਼ਾਇਦ ਇਹ ਉਨ੍ਹਾਂ ਤੋਂ ਵੀ ਹੋਰ ਵੱਡੇ ਹੈਵਾਨ ਸਨ ਕਿਉਂਕਿ ਇਹ ਅਪਣੇ ਸਨ। ਅਤੇ ਇਹ ਲੋਕ ਅੱਜ ਦੀ ਨਵੀਂ ਪੀੜ੍ਹੀ ਦੀ 1984 ਬਾਰੇ ਅਗਿਆਨਤਾ ਦਾ ਅਸਲ ਕਾਰਨ ਹਨ ਕਿਉਂਕਿ ਜਦੋਂ ਮਾਂ-ਬਾਪ ਜਾਣਦੇ ਹਨ ਕਿ ਸਰਕਾਰ ਕਦੇ ਵੀ ਕਾਤਲ ਬਣ ਸਕਦੀ ਹੈ ਅਤੇ ਅਪਣੇ ਹੀ ਧਾਰਮਕ, ਪੰਥਕ ਆਗੂ ਉਨ੍ਹਾਂ ਨੂੰ ਪੀੜਤਾਂ ਦੀ ਭੀੜ ਨੂੰ ਵੇਚ ਕੇ ਕੁਰਸੀਆਂ ਖ਼ਰੀਦ ਸਕਦੇ ਹਨ, ਫਿਰ ਕੌਣ ਅਪਣੇ ਬੱਚਿਆਂ ਨੂੰ ਪੰਜਾਬ ਦੇ ਮੁੱਦਿਆਂ ਬਾਰੇ ਸਮਝਾ ਕੇ ਅਪਣੇ ਬੱਚਿਆਂ ਨੂੰ ਗਵਾਉਣਾ ਚਾਹੇਗਾ?

ਅਸਲ ਵਿਚ ਜੇ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੀ ਪੰਥਕ ਸੋਚ ਬਣੀ ਰਹਿੰਦੀ ਤਾਂ ਕੀ ਪੰਜਾਬ ਦੇ ਸਕੂਲਾਂ ਵਿਚ ਉਨ੍ਹਾਂ 'ਅਤਿਵਾਦੀਆਂ' ਦੀ ਕ੍ਰਾਂਤੀ ਦਾ ਸੱਚ ਨਾ ਦਸਿਆ ਜਾਂਦਾ? ਕੀ ਅੱਜ ਪੰਜਾਬੀਆਂ ਵਿਚ ਏਨੀ ਤਾਕਤ ਨਹੀਂ ਕਿ ਉਹ ਇਕ-ਇਕ ਪੀੜਤ ਦੀ ਕਹਾਣੀ ਦਾ ਅਜਾਇਬ ਘਰ ਉਸਾਰਦੇ ਅਤੇ ਸਾਰੀ ਦੁਨੀਆਂ ਸਾਹਮਣੇ ਪੇਸ਼ ਕਰਦੇ? ਸਾਡੇ ਸਿਆਸਤਦਾਨਾਂ ਦੀਆਂ ਕਈ ਲਾਲਸਾਵਾਂ ਮਾਫ਼, ਪਰ ਅਪਣਿਆਂ ਦੇ ਦਰਦ ਨੂੰ ਲੈ ਕੇ ਕੀਤੀ ਸੌਦੇਬਾਜ਼ੀ ਮਾਫ਼ੀਯੋਗ ਨਹੀਂ। ਜਿਨ੍ਹਾਂ ਨੂੰ ਅੱਜ ਸੱਤਾ ਤੋਂ ਬਾਹਰ ਜਾ ਕੇ '84 ਦੇ ਪੀੜਤ ਯਾਦ ਆ ਰਹੇ ਹਨ, ਉਨ੍ਹਾਂ ਮਗਰਮੱਛਾਂ ਨੂੰ ਤਾਂ ਬੇਦਖ਼ਲ ਕਰਨਾ ਹੀ ਠੀਕ ਰਹੇਗਾ।

# ਇੰਦਰਾ ਦੀ ਮੌਤ ਦਾ ਸੱਚ

ਲੇਖਕ : ਜ਼ੋਰਾਵਰ ਸਿੰਘ ਤਰਸਿੱਕਾ

31 ਅਕਤੂਬਰ 1984 ਵਾਲੇ ਦਿਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸਵੇਰੇ 9 ਵੱਜ ਕੇ 18 ਮਿੰਟ 'ਤੇ ਗੋਲੀਆਂ ਮਾਰੀਆਂ ਗਈਆਂ ਤੇ ਉਨ੍ਹਾਂ ਨੂੰ 9 ਵੱਜ ਕੇ 30 ਮਿੰਟ 'ਤੇ ਹਸਪਤਾਲ ਪਹੁੰਚਾ ਦਿੱਤਾ ਗਿਆ। ਪ੍ਰਧਾਨ ਮੰਤਰੀ ਦੇ ਗੋਲੀਆਂ ਵੱਜਣ ਦੀ ਖ਼ਬਰ ਤਾਂ 10-11 ਵਜੇ ਤੱਕ ਅਕਾਸ਼ਬਾਣੀ ਨਾਮ ਵਾਲੇ ਸਰਕਾਰੀ ਰੇਡੀਓ ਦੇ ਜ਼ਰੀਏ ਨਸ਼ਰ ਹੋ ਗਈ ਸੀ। ਪਰ ਮੌਤ ਦੀ ਖ਼ਬਰ ਦੇਣ ਵਾਲਾ ਸਭ ਤੋਂ ਪਹਿਲਾ ਰੇਡੀਓ ਬੀ.ਬੀ.ਸੀ. ਸੀਗਾ ਜੀਹਨੇ ਦੁਪਹਿਰ 1 ਵਜੇ ਇਹ ਖ਼ਬਰ ਸੁਣਾਈ। ਹਸਪਤਾਲ ਵੱਲੋਂ ਇੰਦਰਾ ਗਾਂਧੀ ਦੀ ਮੌਤ ਦਾ ਬਕਾਇਦਾ ਐਲਾਨ ਏਮਜ਼ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਏ.ਐਨ. ਸਫ਼ਈਆ ਵੱਲੋਂ 4 ਵਜੇ ਓਪਰੇਸ਼ਨ ਥੇਟਰ ਦੇ ਬਾਹਰ ਕੀਤਾ। 12 ਵਜੇ ਸ਼੍ਰੀਮਤੀ ਗਾਂਧੀ ਦੇ ਨਿੱਜੀ ਸਕੱਤਰ ਆਰ.ਕੇ. ਧਵਨ ਨੇ ਹਸਪਤਾਲ ਦੇ ਬਾਹਰ ਆਉਂਦਿਆਂ ਇਹ ਕਿਹਾ ਕਿ ਅਜੇ ਕੁਝ ਨਹੀਂ ਆਖਿਆ ਜਾ ਸਕਦਾ ਕਿਉਂਕਿ ਮੈਡਮ ਹਾਲੇ ਓਪ੍ਰੇਸ਼ਨ ਥੇਟਰ ਵਿੱਚ ਹੀ ਨੇ । ਸਰਕਾਰੀ ਰੇਡੀਓ ਅਕਾਸ਼ਬਾਣੀ ਨੇ ਆਥਣੇ 6 ਵਜੇ ਮੌਤ ਦੀ ਖ਼ਬਰ ਦਿੱਤੀ। ਉਦੋਂ ਤੱਕ ਇਹੀ ਕਿਹਾ ਗਿਆ ਕਿ ਡਾਕਟਰ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਨੇ। ਪਰ ਓਧਰ ਗੋਲੀਆਂ ਮਾਰਨ ਵਾਲਾ ਸਰਦਾਰ ਸਤਵੰਤ ਸਿੰਘ ਸਵੇਰੇ ਲੱਗਭੱਗ ਪੌਣੇ 10 ਵਜੇ ਹੀ ਪ੍ਰਧਾਨ ਮੰਤਰੀ ਦੀ ਮੌਤ ਦਾ ਐਲਾਨ ਕਰ ਚੁੱਕਿਆ ਸੀ। ਸਰਕਾਰੀ ਤੰਤਰ ਨੇ ਸਤਵੰਤ ਸਿੰਘ ਦੇ ਐਲਾਨ ਨੂੰ ਪੂਰੇ ਜ਼ੋਰ ਨਾਲ ਲੁਕੋ ਕੇ ਰੱਖਿਆ। ਸਤਵੰਤ ਸਿੰਘ ਦੇ ਇਸ ਐਲਾਨ ਦੇ ਸੱਚੇ ਹੋਣ ਦੀ ਤਸਦੀਕ ਹਸਪਤਾਲ ਦੇ ਰਿਕਾਰਡ ਤੋਂ ਵੀ ਹੁੰਦੀ ਹੈ। ਹਸਪਤਾਲ ਦੇ ਡਾਕਟਰਾਂ ਨੇ ਬਕਾਇਦਾ ਲਿਖਿਆ ਹੈ ਕਿ ਇੰਦਰਾ ਗਾਂਧੀ ਨੂੰ ਮੋਈ ਹਾਲਤ ਵਿੱਚ ਹੀ ਹਸਪਤਾਲ ਲਿਆਂਦਾ ਗਿਆ। ਬੀ.ਬੀ.ਸੀ. ਦਾ ਨਾਮਾਨਿਗਾਰ ਸਤੀਸ਼ ਜੈਕਬ 'ਦਾ ਟੈਲੀਗ੍ਰਾਫ਼' ਅਖ਼ਬਾਰ ਨੂੰ 26 ਅਕਤੂਬਰ 2014 ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਦੱਸਦਾ ਹੈ ਕਿ 31 ਅਕਤੂਬਰ ਸਵੇਰੇ ਸਾਢੇ 9 ਵਜੇ ਜਦੋਂ ਮੈਂ ਆਪਦੇ ਘਰ ਨੂੰ ਜਿੰਦਾ ਮਾਰਕੇ ਹਟਿਆ ਹੀ ਸੀ ਤਾਂ ਮੈਨੂੰ ਅੰਦਰ ਟੈਲੀਫੋਨ ਦੀ ਘੰਟੀ ਖੜਕਦੀ ਸੁਣੀ। ਜਕੋਂ-ਤੱਕੋਂ ਵਿੱਚ ਮੈਂ ਜਿੰਦਾ ਖੋਲ੍ਹ ਕੇ ਮੁੜ ਅੰਦਰ ਵੜਿਆ ਤੇ ਟੈਲੀਫੋਨ ਸੁਣਿਆ। ਜਿਸ ਵਿੱਚ ਮੇਰੇ ਇੱਕ ਪੱਤਰਕਾਰ ਮਿੱਤਰ ਨੇ ਮੈਨੂੰ ਦੱਸਿਆ ਕਿ ਪ੍ਰਧਾਨ ਮੰਤਰੀ ਦੇ ਘਰ ਚ ਮੈਨੂੰ ਖ਼ੈਰ ਨਹੀਂ ਜਾਪਦੀ। ਹਫੜਾ-ਦਫੜੀ ਦੇ ਮਾਹੌਲ ਵਿੱਚ ਮੈਂ ਇੱਕ ਐਂਬੂਲੈਂਸ ਪ੍ਰਧਾਨ ਮੰਤਰੀ ਦੇ ਘਰੋਂ ਘੁੱਗੂ ਮਾਰਦੀ ਨਿਕਲਦੀ ਦੇਖੀ ਗਈ ਹੈ। ਜੈਕਬ ਦੱਸਦਾ ਹੈ ਕਿ ਮੈਂ ਫੌਰਨ ਰਾਜੀਵ ਗਾਂਧੀ ਦੇ ਸੈਕਟਰੀ ਵਿਨਸੈਂਟ ਜੌਰਜ ਨੂੰ ਫੋਨ 'ਤੇ ਸਿੱਧਾ ਹੀ ਪੁੱਛ ਲਿਆ ਕਿ ਇਹ ਭਾਣਾ ਕਿਵੇਂ ਵਾਪਰਿਆ। ਮੇਰੇ ਵੱਲੋਂ ਸਿੱਧਾ ਭਾਣਾ ਕਿਵੇਂ ਵਾਪਰਿਆ ਪੁੱਛਣ 'ਤੇ ਜਾਰਜ ਨੇ ਸਮਝਿਆ ਕਿ ਮੈਨੂੰ ਗੱਲ ਪਤਾ ਲੱਗ ਚੁੱਕੀ ਹੈ ਜਿਸ ਕਰਕੇ ਜਾਰਜ ਨੇ ਮੈਨੂੰ ਦੱਸ ਦਿੱਤਾ ਕਿ ਮੈਡਮ ਨੂੰ ਗੋਲੀਆਂ ਮਾਰੀਆਂ ਗਈਆਂ ਨੇ ਤੇ ਉਨ੍ਹਾਂ ਨੂੰ ਏਮਜ਼ ਹਸਪਤਾਲ ਲਿਜਾਇਆ ਗਿਆ ਹੈ। ਜੈਕਬ 10 ਵਜੇ ਸਿੱਧਾ ਏਮਜ਼ ਪੁੱਜ ਗਿਆ। ਇੰਦਰਾ ਗਾਂਧੀ ਨੂੰ ਗੋਲੀਆਂ ਮਾਰਨ ਤੋਂ ਬਾਅਦ ਸਤਵੰਤ ਸਿੰਘ ਅਤੇ ਬੇਅੰਤ ਸਿੰਘ ਨੇ ਬਾਕੀ ਸਿਕਿਉਰਟੀ ਮੁਲਾਜ਼ਮਾਂ ਨੂੰ ਮੁਖ਼ਾਤਿਬ ਹੋ ਕੇ ਕਿਹਾ 'ਲਓ! ਅਸੀਂ ਜੋ ਕਰਨਾ ਸੀ ਕਰਤਾ ਹੁਣ ਜੋ ਥੋਡੀ ਮਰਜ਼ੀ ਆ ਤੁਸੀਂ ਕਰੋ'। ਸਿਕਿਉਰਿਟੀ ਮੁਲਾਜ਼ਮ ਉਨ੍ਹਾਂ ਨੂੰ ਫੜ੍ਹ ਕੇ ਕੁਆਟਰ ਗਾਰਡ ਵਿੱਚ ਲੈ ਗਏ ਕਿ ਦੋਵਾਂ ਨੂੰ ਗੋਲੀਆਂ ਮਾਰੀਆਂ ਤੇ ਉਨ੍ਹਾਂ ਨੂੰ ਮਰ ਚੁੱਕੇ ਸਮਝ ਲਿਆ। ਸਰਦਾਰ ਬੇਅੰਤ ਸਿੰਘ ਦੀ ਮੌਤ ਤਾਂ ਮੌਕੇ 'ਤੇ ਹੀ ਹੋ ਗਈ ਜਦ ਕਿ ਸਤਵੰਤ ਸਿੰਘ ਦੇ ਸਾਹ ਚਲਦੇ ਰਹੇ। ਦੋਵਾਂ ਨੂੰ ਐਂਬੂਲੈਂਸ ਵਿੱਚ ਪਾ ਕੇ ਰਾਮ ਮਨੋਹਰ ਲੋਹੀਆ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਦੇ ਹਸਪਤਾਲ ਪਹੁੰਚਣ ਤੋਂ ਪਹਿਲਾਂ ਹਸਪਤਾਲ ਦੇ ਅਮਲੇ ਨੂੰ ਇਹ ਇਤਲਾਹ ਮਿਲੀ ਸੀ ਕਿ ਪ੍ਰਧਾਨ ਮੰਤਰੀ ਦੇ ਗੋਲੀਆਂ ਵੱਜੀਆਂ ਨੇ ਤੇ ਉਨ੍ਹਾਂ ਨੂੰ ਇੱਥੇ ਲਿਆਇਆ ਜਾ ਰਿਹਾ ਹੈ। ਰਾਮ ਮਨੋਹਰ ਲੋਹੀਆ ਹਸਪਤਾਲ ਵਿੱਚ ਯੂਰੋਲੋਜੀ ਡਿਪਾਰਟਮੈਂਟ ਦੇ ਹੈੱਡ ਡਾਕਟਰ ਰਾਜੀਵ ਸੂਦ ਨੇ ਇੱਕ ਇੰਟਰਵਿਊ ਵਿੱਚ ਦੱਸਿਆ ਕਿ ਮੈਨੂੰ ਇੱਕ ਨਰਸ ਨੇ ਆ ਕੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਗੋਲੀਆਂ ਵੱਜੀਆਂ ਨੇ ਤੇ ਉਨ੍ਹਾਂ ਨੂੰ ਇੱਥੇ ਲਿਆਇਆ ਜਾ ਰਿਹਾ ਹੈ। ਮੈਨੂੰ ਮੇਰੇ ਸੀਨੀਅਰ ਨੇ ਕਿਹਾ ਕਿ ਤੁਸੀਂ ਛੇਤੀ ਕੈਜੂਇਲਟੀ ਵਿੱਚ ਚਲੇ ਜਾਓ। ਡਾ. ਸੂਦ ਦੱਸਦੇ ਹਨ ਕਿ ਮੈਂ ਹੈਰਾਨ ਹੋਇਆ ਕਿ ਜਦੋਂ ਕੈਜੂਇਲਟੀ ਵਿੱਚ ਪੁਲਿਸ ਵਾਲੇ ਸਤਵੰਤ ਸਿੰਘ ਤੇ ਬੇਅੰਤ ਸਿੰਘ ਨੂੰ ਲੈ ਆਏ। ਸਤੀਸ਼ ਜੈਕਬ ਨੂੰ ਜਿਹੜੇ ਬੰਦੇ ਨੇ ਇਹ ਖ਼ਬਰ ਦਿੱਤੀ ਸੀ ਕਿ ਉਨੇ ਪ੍ਰਧਾਨ ਮੰਤਰੀ ਦੇ ਘਰੋਂ ਐਂਬੂਲੈਂਸ ਨਿਕਲਦੀ ਦੇਖੀ ਹੈ ਉਹ ਸਤਵੰਤ ਸਿੰਘ ਵਾਲੀ ਹੀ ਸੀ। ਕਿਉਂਕਿ ਇੰਦਰਾ ਗਾਂਧੀ ਨੂੰ ਚੱਕਣ ਵੇਲੇ ਤਾਂ ਐਂਬੂਲੈਂਸ ਦਾ ਡਰਾਇਵਰ ਹੀ ਨਹੀਂ ਸੀ ਥਿਆਇਆ ਤੇ ਉਨ੍ਹਾਂ ਨੂੰ ਅਬੈਸਡਰ ਕਾਰ ਰਾਹੀਂ ਹੀ ਏਮਜ਼ ਹਸਪਤਾਲ ਵਿੱਚ ਲਿਜਾਇਆ ਗਿਆ। ਜੈਕਬ ਨੂੰ ਐਂਬੂਲੈਂਸ ਨਿਕਲਣ ਦੀ ਇਤਲਾਹ ਦੇਣ ਮੌਕੇ ਸਾਢੇ 9 ਦਾ ਟਾਇਮ ਸੀ ਜੀਹਦਾ ਮਤਲਬ ਇਹ ਨਿਕਲਦਾ ਹੈ ਕਿ ਸਤਵੰਤ ਸਿੰਘ ਨੂੰ ਵੱਧ ਤੋਂ ਵੱਧ ਪੌਣੇ 10 ਤੱਕ ਹਸਪਤਾਲ ਪੁਚਾ ਦਿੱਤਾ ਗਿਆ ਹੋਵੇਗਾ। ਇਹ ਓਹੀ ਟਾਇਮ ਹੈ ਜਦੋਂ ਸਤਵੰਤ ਸਿੰਘ ਨੇ ਇੰਦਰਾ ਗਾਂਧੀ ਦੀ ਮੌਤ ਹੋ ਜਾਣ ਦਾ ਐਲਾਨ ਕੀਤਾ। ਡਾ. ਰਾਜੀਵ ਸੂਦ ਦੱਸਦੇ ਹਨ ਕਿ ਸਟਰੈਚਰ 'ਤੇ ਪਏ ਸਤਵੰਤ ਸਿੰਘ ਨੇ ਪੰਜਾਬੀ ਵਿੱਚ ਗਰਜ ਕੇ ਕਿਹਾ 'ਸ਼ੇਰਾਂ ਵਾਲਾ ਕੰਮ ਕਰ ਦਿੱਤਾ, ਮੈਂ ਉਹਨੂੰ ਮਾਰ ਦਿੱਤਾ'।

ਜਾਹਿਰ ਹੈ ਕਿ ਡਾ. ਸੂਦ ਤੋਂ ਇਲਾਵਾ ਸਹਾਇਕ ਡਾਕਟਰਾਂ ਤੇ ਹੋਰ ਅਮਲੇ ਫੈਲੇ ਨੇ ਵੀ ਸਤਵੰਤ ਸਿੰਘ ਦੇ ਇਸ ਐਲਾਨ ਨੂੰ ਸੁਣਿਆ ਹੋਵੇਗਾ। ਸਤਵੰਤ ਸਿੰਘ ਦੀ ਰਾਖੀ 'ਤੇ ਦੋ ਪੁਲਿਸ ਮੁਲਾਜਿਮ ਕੈਜੂਐਲਟੀ ਦੇ ਅੰਦਰ ਖੜ੍ਹੇ ਕੀਤੇ ਗਏ। ਬਾਹਰ ਹੋਰ ਗਾਰਡ ਇਹ ਹਦਾਇਤ ਦੇ ਕੇ ਬਿਠਾਏ ਗਏ ਕਿ ਅੰਦਰਲੇ ਪਹਿਰੇਦਾਰਾਂ ਨੂੰ ਬਾਹਰ ਨਹੀਂ ਨਿਕਲਣ ਦੇਣਾ। ਇਹ ਖ਼ਤਰਾ ਸੀ ਕਿ ਅੰਦਰਲੇ ਮੁਲਾਜ਼ਮ ਬਾਹਰ ਆ ਕੇ ਸਤਵੰਤ ਸਿੰਘ ਵੱਲੋਂ ਆਖੀਆਂ ਤੇ ਹੋਰ ਕਹੀਆਂ ਜਾ ਸਕਣ ਵਾਲੀਆਂ ਗੱਲਾਂ ਬਾਹਰ ਲੀਕ ਨਾ ਕਰ ਦੇਣ। ਸੋ ਇਸ ਤਰੀਕੇ ਨਾਲ ਸਤਵੰਤ ਸਿੰਘ ਵੱਲੋਂ ਇੰਦਰਾ ਗਾਂਧੀ ਦੀ ਮੌਤ ਬਾਬਤ ਸਭ ਤੋਂ ਪਹਿਲਾਂ ਦੁਨੀਆਂ ਨੂੰ ਦਿੱਤੀ ਖ਼ਬਰ ਨੂੰ ਪੂਰਾ ਜ਼ੋਰ ਲਾ ਕੇ ਲਕੋਇਆ ਗਿਆ। ਭਾਵੇਂ ਇਹਨੂੰ ਲਕੋ ਲਿਆ ਗਿਆ ਪਰ ਸਭ ਤੋਂ ਪਹਿਲੀ ਖ਼ਬਰ ਸਤਵੰਤ ਸਿੰਘ ਨੇ ਹੀ ਜਾਰੀ ਕੀਤੀ ਸੀ। ਆਓ! ਹੁਣ ਦੇਖਦੇ ਹਾਂ ਕਿ ਪੌਣੇ 10 ਵਜੇ ਸਤਵੰਤ ਸਿੰਘ ਵੱਲੋਂ ਇੰਦਰਾ ਦੀ ਮੌਤ ਤਸਦੀਕ ਕਿਨੀ ਕੁ ਸਹੀ ਹੈ। ਪਹਿਲੀ ਗੱਲ ਇਹ ਕਿ ਇਸ ਗੱਲ ਦਾ ਸਭ ਤੋਂ ਵੱਧ ਇਲਮ ਸਤਵੰਤ ਸਿੰਘ ਨੂੰ ਹੀ ਸੀ ਕਿ ਇੰਦਰਾ ਗਾਂਧੀ ਦੇ ਕਿੰਨੀਆਂ ਗੋਲੀਆਂ ਵੱਜੀਆਂ ਨੇ ਤੇ ਕਿੱਥੇ-ਕਿੱਥੇ ਵੱਜੀਆਂ ਨੇ। ਸਤਵੰਤ ਸਿੰਘ ਨੇ ਆਪਣੀ ਸਟੇਨਗੰਨ 'ਚੋਂ 25 ਗੋਲੀਆਂ ਇੰਦਰਾ ਗਾਂਧੀ 'ਤੇ ਦਾਗੀਆਂ ਤੇ ਸਾਰੀਆਂ ਦੀਆਂ ਸਾਰੀਆਂ ਗੋਲੀਆਂ ਇੰਦਰਾ ਦੇ ਸਰੀਰ ਵਿੱਚ ਖੁੱਭੀਆਂ।ਸਿਰਫ਼ ਖੁੱਭੀਆਂ ਹੀ ਨਹੀਂ ਬਲਕਿ ਸਰੀਰ ਨੂੰ ਚੀਰ ਕੇ ਸਾਰ-ਪਾਰ ਲੰਘ ਗਈਆਂ। ਹਸਪਤਾਲ ਨੇ 30 ਗੋਲੀਆਂ ਵੱਜਣ ਦੀ ਤਸਦੀਕ ਕੀਤੀ ਹੈ। 6 ਗੋਲੀਆਂ ਬੇਅੰਤ ਸਿੰਘ ਦੇ ਪਸਤੌਲ 'ਚੋਂ ਚੱਲੀਆਂ। ਜਿਨ੍ਹਾਂ 'ਚੋਂ 1 ਗੋਲੀ ਇੱਕ ਹੋਰ ਪੁਲਿਸ ਮੁਲਾਜ਼ਮ ਨੂੰ ਵੱਜੀ। ਇੰਦਰਾ ਗਾਂਧੀ ਦੇ ਢਿੱਡ ਵਿੱਚ ਐਨ ਨੇੜਿਓਂ ਵੱਜੀਆਂ 30 ਗੋਲੀਆਂ ਨਾਲ ਹੀ ਉਨ੍ਹਾਂ ਦੇ ਜਿਊਂਦੇ ਬਚਣ ਦਾ ਕੋਈ ਚਾਂਸ ਨਹੀਂ ਹੋ ਸਕਦਾ। ਢਿੱਡ (ਓਬਡੋਮਣ)ਵਿੱਚ ਵੱਜੀਆਂ ਗੋਲੀਆਂ ਨੇ ਪਿੱਠ ਵਿੱਚ ਕਮਰੋੜ (ਸਪਾਈਨਲ ਕੌਰਡ) ਦੇ 4 ਮਣਕੇ (ਵਰਟੀਬਰੇ/ਵਰਟਣਬਰਓ)ਵੀ ਉਡਾ ਦਿੱਤੇ ਸੀ। ਇਨ੍ਹਾਂ ਹਾਲਾਤਾਂ ਵਿੱਚ ਸਤਵੰਤ ਸਿੰਘ ਨੂੰ ਇੰਦਰਾ ਦੀ ਮੌਕੇ 'ਤੇ ਹੀ ਮੌਤ ਹੋ ਜਾਣ ਦਾ ਬਿਲਕੁਲ ਯਕੀਨ ਸੀ।ਡਾਕਟਰੀ ਨਜ਼ਰੀਏ ਮੁਤਾਬਕ ਵੀ ਕਿਸੇ ਮਨੁੱਖ ਦੇ ਗੋਲੀਆਂ ਨਾਲ ਚਾਰ ਵਰਟੀਬਰੇ ਉੱਡ ਜਾਣ ਨਾਲ ਜਾਨ ਬਚਣ ਦੀ ਸੰਭਾਵਨਾ ਅੱਧਾ ਫੀਸਦ ਵੀ ਨਹੀਂ ਰਹਿੰਦੀ।ਏਮਜ਼ ਹਸਪਤਾਲ ਦੀ ਕੈਜੂਐਲਟੀ ਵਿੱਚ ਜਦੋਂ ਡਾਕਟਰਾਂ ਨੇ ਸ਼੍ਰੀਮਤੀ ਗਾਂਧੀ ਨੂੰ ਚੈੱਕ ਕੀਤਾ ਤਾਂ ਉਨ੍ਹਾਂ ਦੀ ਨਬਜ਼ ਰੁਕੀ ਹੋਈ ਸੀ ਅੱਖਾਂ ਖੁੱਲ੍ਹੀਆਂ ਤੇ ਖੜ੍ਹੀਆਂ ਸਨ। ਅੱਖਾਂ ਵਿੱਚ ਰੌਸ਼ਨੀ ਪਾ ਕੇ ਚੈੱਕ ਕੀਤਾ ਗਿਆ ਤੇ ਦੇਖਿਆ ਗਿਆ ਕਿ ਅਲਾਮਤ ਉਹ ਹੈ ਜੋ ਦਿਮਾਗ ਡੈੱਡ ਹੋਣ ਵੇਲੇ ਹੁੰਦੀ ਹੈ। ਭਾਵ ਦਿਮਾਗ ਅਤੇ ਦਿਲ ਦੋਵੇਂ ਕੰਮ ਛੱਡ ਚੁੱਕੇ ਨੇ। ਡਾਕਟਰਾਂ ਨੇ ਇੰਦਰਾ ਗਾਂਧੀ ਦੇ ਉੱਥੇ ਹਾਜ਼ਰ ਖ਼ਾਸਮਖ਼ਾਸ ਬੰਦਿਆਂ ਆਰ.ਕੇ ਧਵਨ ਅਤੇ ਐਮ.ਐਲ. ਫੋਤੇਦਾਰ ਨੂੰ ਸਪੱਸ਼ਟ ਆਖ ਦਿੱਤਾ ਕੰਮ ਖ਼ਤਮ ਜਾਪਦਾ ਹੈ ਤੇ ਤੁਸੀਂ ਮੈਡਮ ਨੂੰ ਮਰ ਚੁੱਕੀ ਸਮਝ ਕੇ ਜੋ ਕੋਈ ਤਿਆਰੀ-ਬਿਆਰੀ ਕਰਨੀ ਹੈ ਉਹ ਸ਼ੁਰੂ ਕਰ ਸਕਦੇ ਹੋ। ਪਰ ਆਖਰ ਨੂੰ ਉਹ ਪ੍ਰਧਾਨ ਮੰਤਰੀ ਸੀ ,ਇੰਝ ਇੰਨੀ ਛੇਤੀ ਕਿਵੇਂ ਉਹਨੂੰ ਮੋਈ ਸਮਝ ਕੇ ਕੋਈ ਹੋਰ ਹੀਲਾ ਨਾ ਕੀਤਾ ਜਾਂਦਾ। ਨਾਲੇ ਸ਼੍ਰੀਮਤੀ ਗਾਂਧੀ ਦੇ ਪੁੱਤਰ ਰਾਜੀਵ ਗਾਂਧੀ ਦੇ ਰਾਜਧਾਨੀ ਪੁੱਜਣ ਦੀ ਉਡੀਕ ਵੀ ਕੀਤੀ ਜਾਣੀ ਸੀ ਜੋ ਕੇ ਉਸ ਦਿਨ ਪੱਛਮੀ ਬੰਗਾਲ ਦੇ ਦੌਰੇ ਤੇ ਸੀ ।ਮੈਡਮ ਨੂੰ ਅੱਧੇ ਪੌਣੇ ਘੰਟੇ ਤੋਂ ਬਾਅਦ ਕੈਜੂਐਲਟੀ ਤੋਂ ਓਪਰੇਸ਼ਨ ਥੇਟਰ ਵਿੱਚ ਸ਼ਿਫਟ ਕੀਤਾ ਗਿਆ। ਉੱਥੇ ਉਨ੍ਹਾਂ 'ਤੇ ਉਹ ਜੰਤਰ ਲਾਏ ਗਏ ਜੋ ਫੇਫੜਿਆਂ ਤੇ ਦਿਲ ਦੇ ਕੰਮ ਛੱਡਣ ਦੇ ਬਾਵਜੂਦ ਵੀ ਖ਼ੂਨ ਦਾ ਸਰਕਲ ਚਲਾ ਸਕਦੇ ਹਨ। ਇਸ ਤਰੀਕੇ ਨਾਲ ਮੈਡਮ ਨੂੰ 88 ਬੋਤਲਾਂ ਖ਼ੂਨ ਚੜ੍ਹਿਆ ਗਿਆ ਜੋ ਕਿ ਸਰੀਰ ਦੇ ਕੁੱਲ ਖ਼ੂਨ ਦਾ 4-5 ਗੁਣਾ ਬਣਦਾ ਹੈ। ਇਹ ਤਾਂ ਕੀਤਾ ਗਿਆ ਕਿ ਜਿੰਨਾ ਖ਼ੂਨ ਸਰੀਰ 'ਚੋਂ ਨਿੱਕਲ ਰਿਹਾ ਹੈ ਉਹ ਪੂਰਾ ਹੁੰਦਾ ਰਹੇ। ਪਰ ਅਖੀਰ ਨੂੰ ਬਾਅਦ ਦੁਪਹਿਰ ਢਾਈ ਵਜੇ ਡਾਕਟਰਾਂ ਨੇ ਹੱਥ ਖੜ੍ਹੇ ਕਰ ਦਿੱਤੇ। ਪਰ ਇਸ ਗੱਲ 'ਤੇ ਡਾਕਟਰਾਂ ਵਿੱਚ ਬਹਿਸ ਹੋਈ ਕਿ ਮੌਤ ਦਾ ਸਮਾਂ ਕਿੰਨੇ ਵਜੇ ਦਾ ਮੰਨ ਕੇ ਲਿਖਿਆਂ ਜਾਵੇ। ਅਖ਼ੀਰ ਨੂੰ ਇਹ ਸਰਟੀਫਿਕੇਟ ਬਣਾਇਆ ਗਿਆ ਕਿ ਸ਼੍ਰੀਮਤੀ ਗਾਂਧੀ ਦੀ ਮੌਤ ਹਸਪਤਾਲ ਆਉਣ ਤੋਂ ਪਹਿਲਾਂ ਹੀ ਹੋ ਚੁੱਕੀ ਸੀ। ਹਸਪਤਾਲ ਦਾ ਇਹ ਸਰਟੀਫਿਕੇਟ ਵੀ ਸਤਵੰਤ ਸਿੰਘ ਦੀ ਦਿੱਤੀ ਜਾਣਕਾਰੀ ਦੀ ਤਸਦੀਕ ਕਰਦਾ ਹੈ।ਪੋਸਟ ਮਾਰਟਮ ਵਿੱਚ ਇੰਦਰਾ ਗਾਂਧੀ ਦੇ ਸਰੀਰ ਚ ਤੀਹ ਗੋਲੀਆਂ ਵੱਜਣ ਅਤੇ ਰੀੜ ਦੀ ਹੱਡੀ ਦੇ ਚਾਰ ਮਣਕੇ ਉੱਡ ਜਾਣ ਦੀ ਰਿਪੋਰਟ ਦੇਣੀ ਤੇ ਉਹਨੂੰ ਮੋਈ ਹਾਲਤ ਵਿੱਚ ਲਿਆਉਣ ਦੀ ਗੱਲ ਲਿਖੇ ਜਾਣਾ ਸਾਬਤ ਕਰਦਾ ਹੈ ਕਿ ਮੈਡਮ ਦੀ ਮੌਤ ਮੌਕੇ ਤੇ ਹੀ ਗਈ ਸੀ ।ਇਨਾ ਹਾਲਤਾਂ ਦੇ ਮੱਦੇਨਜਰ ਸਤਵੰਤ ਸਿੰਘ ਵੱਲੋਂ ਇੰਦਰਾ ਗਾਂਧੀ ਦੀ ਮੌਤ ਦੀ ਤਸਦੀਕ ਵਾਲਾ ਐਲਾਨ ਬਿਲਕੁਲ ਦਰੁਸਤ ਸਾਬਤ ਹੁੰਦਾ ਹੈ । ਕਿਉਂਕਿ ਡਾਕਟਰਾਂ ਨੇ ਜੋ ਕੁਝ ਪੋਸਟ ਮਾਰਟਮ ਚ ਦੇਖਿਆ ਉਹਦਾ ਸਤਵੰਤ ਨੂੰ ਪਹਿਲਾਂ ਹੀ ਪਤਾ ਸੀ ਕਿਉਂਕਿ ਇਹ ਸਭ ਕੁਝ ਆਪਦੇ ਹੱਥੀਂ ਕੀਤਾ ਹੀ ਉਹਨੇ ਸੀ । ਭਾਵੇਂ ਸਤਵੰਤ ਸਿੰਘ ਦੇ ਇਸ ਐਲਾਨ ਨੂੰ ਸੁਣਨ ਵਾਲਿਆਂ ਨੇ ਮੌਕੇ ਤੇ ਉਹਦੀ ਗੱਲ ਨੂੰ ਇਤਬਾਰ ਲਾਇਕ ਨਾ ਵੀ ਮੰਨਿਆ ਹੋਵੇ ਪਰ ਇਹ ਸਹੀ ਸੀ । ਸਤਵੰਤ ਸਿੰਘ ਵੱਲੋਂ ਆਖੀ ਗਈ ਇਸ ਗੱਲ ਨੂੰ ਸਰਕਾਰ ਨੇ ਜ਼ੋਰ ਲਾ ਕੇ ਹੋਰ ਅਗਾਂਹ ਫੈਲਣ ਤੋਂ ਰੋਕ ਲਿਆ ਪਰ ਉਹ ਇੰਦਰਾ ਗਾਂਧੀ ਦੀ ਫੌਤਗੀ ਨੂੰ ਨਸ਼ਰ ਕਰਨ ਵਾਲਾ ਉਹ ਪਹਿਲਾ ਸਖ਼ਸ਼ ਬਣ ਗਿਆ ।

# ਨਵੰਬਰ-84 ਦਾ ਕਤਲੇਆਮ ਅਤੇ ਭਾਰਤ ਵਿਚ ਸਿੱਖੀ ਦਾ ਭਵਿੱਖ







1984 ਦਾ ਸਾਲ, ਹਿੰਦੋਸਤਾਨ ਦੇ ਇਤਿਹਾਸ ਦਾ ਉਹ ਕਾਲਾ ਤੇ ਮਨਹੂਸ ਪੰਨਾ ਹੈ, ਜਿਸ ਨੂੰ ਸਿੱਖ ਰਹਿੰਦੀ ਦੁਨੀਆਂ ਤੱਕ ਯਾਦ ਰੱਖਣਗੇ ਅਤੇ ਭਾਰਤ ਸਰਕਾਰ ਵੱਲੋਂ ਕੀਤੇ ਸਿੱਖ ਕਤਲੇਆਮ ਅਤੇ ਨਸਲਕੁਸ਼ੀ ਦੇ ਆਪਣੇ ਸਮੂਹ ਸਹੀਦਾਂ ਨੂੰ ਯਾਦ ਕਰਕੇ ਹਮੇਸ਼ਾ ਸ਼ਰਧਾ ਦੇ ਫੁੱਲ ਭੇਟ ਕਰਦੇ ਰਹਿਣਗੇ।

**ਅਬਲਾਂ ਦੀਆਂ ਇੱਜਤਾਂ ਲੁੱਟੀਆਂ, ਬੋਟਾਂ ਨੂੰ ਕੋਹ ਕੋਹ ਮਾਰਿਆ,**
**ਤੜਪ ਤੜਪ ਕੇ ਮਰ ਗਿਆ, ਹਰ ਸਰਦਾਰ ਤੇਰੇ ਸ਼ਹਿਰ ਦਾ।**
**ਜਿੱਥੇ ਦੁੱਧ ਚੁੰਘਦੇ ਬੱਚਿਆਂ ਨੂੰ ਵੀ, ਟਾਇਰ ਪਾ ਕੇ ਸਾੜਿਆ,**
**ਕੌਣ ਮੂਰਖ ਕਰੇ ਹੁਣ ਦੱਸ, ਇਤਬਾਰ ਤੇਰੇ ਸ਼ਹਿਰ ਦਾ।**
**ਕੁਝ ਜ਼ਖਮਾਂ 'ਤੇ ਮੱਲ੍ਹਮ ਲੱਗਦੀ, ਜੇ ਕਾਤਲਾਂ ਨੂੰ ਵੇਖਦੇ,**
**ਪਰ ਇਨਸਾਫ਼ ਤੋਂ ਵੀ ਹੋ ਗਿਆ ਇਨਕਾਰ ਤੇਰੇ ਸ਼ਹਿਰ ਦਾ।**
**ਹਰ ਖੁਸ਼ੀ ਗਮੀ ਨੂੰ ਭੁੱਲ ਸਕਦੇ, ਭੁੱਲ ਸਕਦੇ ਹਰ ਇੱਕ ਦਾਸਤਾਂ**
**ਪਰ ਨਹੀਂ ਭੁੱਲਣਾ ਜੋ ਦਿੱਤਾ ਤੋਹਫਾ, ਯਾਰ ਤੇਰੇ ਸ਼ਹਿਰ ਦਾ।**

ਜਿਹੜੇ ਲੋਕ ਕਹਿੰਦੇ ਹਨ ਕਿ ਉਨੀ ਸੌ ਚੁਰਾਸੀ ਨੂੰ ਭੁੱਲ ਜਾਵੋ, ਕੀ ਉਨ੍ਹਾਂ ਕਦੇ ਸੋਚਿਆ ਹੈ, ਕਿਸ ਤਰ੍ਹਾਂ ਭੁੱਲਣਗੀਆਂ ਉਹ ਮਾਂਵਾਂ ਜਿਨ੍ਹਾਂ ਦੇ ਸਾਹਮਣੇ ਉਨ੍ਹਾਂ ਦੇ ਪੁੱਤਰਾਂ ਨੂੰ ਕੋਹ ਕੋਹ ਕੇ ਮਾਰਿਆ ਅਤੇ ਜਿਉਂਦੇ ਸਾੜਿਆ ਗਿਆ; ਕਿਵੇਂ ਭੁੱਲ ਜਾਣਗੀਆਂ ਉਹ ਪਤਨੀਆਂ ਜਿਨ੍ਹਾਂ ਦੇ ਸੁਹਾਗ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਲੋਹੇ ਦੀਆਂ ਸਲਾਖ਼ਾਂ ਨਾਲ ਕੁੱਟ ਕੁੱਟ ਕੇ ਮਾਰ ਅਤੇ ਗਲਾਂ 'ਚ ਟਾਇਰ ਪਾ ਕੇ ਸਾੜ ਦਿੱਤੇ ਗਏ। ਕਿਵੇਂ ਭੁੱਲ ਜਾਣਗੇ ਉਹ ਬੱਚੇ ਜਿਨ੍ਹਾਂ ਦੇ ਸਾਹਮਣੇ ਉਨ੍ਹਾਂ ਦੇ ਮਾਪੇ, ਭੈਣ-ਭਰਾ, ਦਾਦਾ-ਦਾਦੀ, ਨਾਨਾ ਨਾਨੀ, ਚਾਚੇ-ਤਾਏ ਜਿਉਂਦੇ ਸਾੜ ਦਿੱਤੇ ਗਏ? ਕਿਵੇਂ ਭੁੱਲ ਜਾਣਗੀਆਂ ਉਹ ਭੈਣਾਂ ਜਿਨ੍ਹਾਂ ਨੂੰ ਆਪਣਿਆਂ ਦੀ ਮੌਤ ਅਤੇ ਸੋਗ ਦੀਆਂ ਘੜੀਆਂ ਵਿਚ ਬਲਾਤਕਾਰਾਂ ਦਾ ਸ਼ਿਕਾਰ ਹੋਣਾ ਪਿਆ? ਕਿਸ ਤਰ੍ਹਾਂ ਮਿਟਣਗੇ ਉਨ੍ਹਾਂ ਪੀੜਤਾਂ ਦੇ ਦਿਲ-ਦਿਮਾਗਾਂ ਤੋਂ ਉਹ ਦਰਦਨਾਕ ਦ੍ਰਿਸ਼, ਜਿਨ੍ਹਾਂ ਨੂੰ ਵੇਖ ਵੇਖ ਉਹ ਹਰ ਰੋਜ਼ ਕਈ ਕਈ ਵਾਰ ਮਰਦੇ ਹਨ? ਕੀ ਕਦੇ ਚੁਰਾਸੀ ਨੂੰ ਭੁੱਲ ਜਾਣ ਲਈ ਕਹਿਣ ਵਾਲਿਆਂ ਨੇ ਉਨ੍ਹਾਂ ਦੇ ਦਰਦ ਨੂੰ ਸਮਝਣ ਦੀ ਕੋਸ਼ਿਸ ਕੀਤੀ ਹੈ? ਕੀ ਕਦੇ ਉਨ੍ਹਾਂ ਦਾ ਦੁੱਖ ਵੰਡਾਉਣ ਜਾਂ ਘਟਾਉਣ ਦੀ ਕੋਈ ਕੋਸ਼ਿਸ ਕੀਤੀ ਹੈ? ਕੀ 1984 ਨੂੰ ਭੁੱਲ ਜਾਣ ਲਈ ਕਹਿਣ ਵਾਲੇ, ਉਨ੍ਹਾਂ ਬਜੁਰਗਾਂ, ਮਾਂਵਾਂ, ਵੀਰਾਂ-ਭੈਣਾਂ ਅਤੇ ਬੱਚਿਆਂ ਦੀ ਮਾਨਸਿਕਤਾ ਨੂੰ ਕਦੇ ਸਮਝਣ ਦੀ ਕੋਸ਼ਿਸ ਸਕਣਗੇ?

ਸਿਰਦਾਰ ਕਪੂਰ ਸਿੰਘ ਦਾ ਮੰਨਣਾ ਹੈ ਕਿ ਸਿੱਖਾਂ ਨੂੰ ਆਪਣੇ ਨਾਲ ਹੋਏ ਧੋਖੇ ਅਤੇ ਅਵਿਸ਼ਵਾਸ ਦਾ ਅਹਿਸਾਸ ਦੇਸ਼ ਦੀ ਆਜ਼ਾਦੀ ਤੋਂ ਤੁਰੰਤ ਬਾਅਦ ਉਦੋਂ ਹੀ ਹੋ ਗਿਆ ਸੀ, ਜਦੋਂ ਉਨ੍ਹਾਂ ਨੂੰ ਆਪਣੀਆਂ ਕੁਰਬਾਨੀਆਂ ਬਦਲੇ ਜ਼ਰਾਇਮ ਪੇਸ਼ਾ ਕੌਮ ਹੋਣ ਦਾ ਖਿਤਾਬ ਦਿੱਤਾ ਗਿਆ ਸੀ। ਬੜੀ ਚਲਾਕੀ ਅਤੇ ਗੁਮਰਾਹਕੁਨ ਤਰੀਕੇ ਨਾਲ ਆਜ਼ਾਦ ਭਾਰਤ ਦੇ ਸੰਵਿਧਾਨ ਵਿਚ ਇਸ ਦੀ ਧਾਰਾ 25 ਰਾਹੀਂ ਸਿੱਖਾਂ ਨੂੰ ਹਿੰਦੂ ਧਰਮ ਦਾ ਇੱਕ ਹਿੱਸਾ ਗਰਦਾਨਿਆ ਗਿਆ ਸੀ, ਜਿਸ ਦਾ ਸਿੱਖ ਉਸ ਵੇਲੇ ਤੋਂ ਲੈ ਕੇ ਅੱਜ ਤੱਕ ਵਿਰੋਧ ਕਰਦੇ ਆ ਰਹੇ ਹਨ। ਇਥੇ ਹੀ ਬੱਸ ਨਹੀਂ, ਬਾਕੀ ਸੂਬਿਆਂ ਦੀ ਤਰਜ਼ ਅਤੇ ਭਾਸ਼ਾ ਦੇ ਆਧਾਰ 'ਤੇ ਬਣੇ ਹੋਰ ਸੂਬਿਆਂ ਵਾਂਗ, ਪੰਜਾਬੀ ਸੂਬਾ ਲੈਣ ਲਈ ਸਿੱਖਾਂ ਨੂੰ 13 ਸਾਲ ਸੰਘਰਸ਼ ਕਰਨਾ ਪਿਆ ਤਾਂ ਕਿਧਰੇ ਹਰਿਆਣਾ ਅਤੇ ਹਿਮਾਚਲ ਨੂੰ ਪੰਜਾਬ ਨਾਲੋਂ ਵੱਖ ਕਰਕੇ 1966 ਵਿਚ ਮਿਨੀ ਪੰਜਾਬੀ ਸੂਬਾ ਹੋਂਦ ਵਿਚ ਆਇਆ ਜਿਸ ਵਿਚ ਕਦੇ ਵੀ ਲੋਕਤੰਤਰਕ ਤਰੀਕੇ ਨਾਲ ਚੁਣੀ ਨਿਰੋਲ ਸਿੱਖਾਂ ਦੀ ਕਿਸੇ ਵੀ ਸਰਕਾਰ ਨੂੰ ਕੇਂਦਰੀ ਹਿੰਦ ਸਰਕਾਰ ਨੇ ਆਪਣਾ ਸਮਾਂ ਕਾਲ ਪੂਰਾ ਨਹੀਂ ਕਰਨ ਦਿੱਤਾ।

ਸਾਲ 1984 ਵਿਚ ਸਿੱਖ ਅਤੇ ਸਿੱਖੀ 'ਤੇ ਹੋਏ ਦੋ ਵੱਡੇ ਹਮਲਿਆਂ ਨੇ, ਸਿੱਖ ਕੌਮ ਨੂੰ ਆਪਣੇ ਹੀ ਮੁਲਕ ਵਿਚ, ਗੁਲਾਮ ਹੋਣ ਦਾ ਅਹਿਸਾਸ ਕਰਵਾ ਦਿੱਤਾ ਹੈ, ਜਿਸ ਸਦਕਾ ਹੁਣ ਬਹੁਤ ਸਾਰੇ ਸਿੱਖ ਇਹ ਗੱਲ ਸਮਝਣ ਲੱਗ ਪਏ ਹਨ ਕਿ ਭਾਰਤ ਸਰਕਾਰ ਦੀਆਂ ਸਿੱਖ ਵਿਰੋਧੀ ਨੀਤੀਆਂ ਦੇ ਚਾਰ ਮੁੱਖ ਪਹਿਲੂ ਹਨ।

ਪਹਿਲਾ: ਸਿੱਖ ਅਤੇ ਸਿੱਖਾਂ ਦੀ ਪਹਿਚਾਣ ਨੂੰ ਖ਼ਤਮ ਕਰਨਾ ਅਤੇ ਉਨ੍ਹਾਂ ਦੇ ਧਾਰਮਿਕ ਮਸਲਿਆਂ ਵਿਚ ਦਖ਼ਲਅੰਦਾਜ਼ੀ ਕਰਨਾ। ਦੂਜਾ: ਸਿੱਖ ਵਿਰਸੇ, ਸਿੱਖ ਇਤਿਹਾਸ, ਸਿੱਖ ਸਭਿਆਚਾਰ ਅਤੇ ਸਿੱਖ ਧਰਮ ਵਿਚ ਮਿਲਾਵਟ ਕਰਨਾ। ਤੀਜਾ: ਸਿੱਖਾਂ ਨੂੰ ਆਤਮ-ਨਿਰਭਰ, ਆਜ਼ਾਦ ਹੋਣ ਅਤੇ ਰਾਜ ਕਰਨ ਤੋਂ ਰੋਕਣਾ ਅਤੇ ਪੰਜਾਬ ਵਿਚ ਸਿੱਖਾਂ ਦੀ ਬਹੁਗਿਣਤੀ ਨੂੰ ਘਟਾਉਣਾ। ਚੌਥਾ: ਪੰਜਾਬ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨਾ ਅਤੇ ਇਸ ਦੇ ਸਾਧਨਾਂ ਦੀ ਲੁੱਟ-ਖਸੁੱਟ ਕਰਨਾ ਜਿਸ ਵਿਚ ਭਾਖੜਾ ਡੈਮ ਦੀ ਬਿਜਲੀ, ਨਹਿਰੀ ਪਾਣੀ ਅਤੇ ਲਾਹੌਰ ਦੀ ਥਾਂ ਤੇ ਪੰਜਾਬ ਲਈ ਬਣਾਈ ਰਾਜਧਾਨੀ ਚੰਡੀਗੜ੍ਹ ਆਦਿ ਸ਼ਾਮਲ ਹਨ।

ਭਾਵੇਂ ਇਹ ਗੱਲ ਬਹੁਤੀ ਹੈਰਾਨੀ ਵਾਲੀ ਨਹੀਂ, ਪਰ ਸੱਚ ਹੈ ਕਿ ਹਿੰਦੋਸਤਾਨ ਵਿਚ ਮੀਡੀਆ 'ਤੇ ਪੂਰੀ ਤਰ੍ਹਾਂ ਬਹੁਮੱਤ ਹਿੰਦੂ ਜਮਾਤ ਦਾ ਕਬਜ਼ਾ ਹੈ ਜਿਸ ਨੇ ਹਮੇਸ਼ਾ ਹੀ ਘੱਟ ਗਿਣਤੀਆਂ ਅਤੇ ਸਿੱਖਾਂ ਪ੍ਰਤੀ ਪੱਖਪਾਤੀ ਹੋਣ ਦਾ ਸਬੂਤ ਦਿੱਤਾ ਹੈ। 'ਮੀਡੀਆ ਸਟੱਡੀਜ਼ ਗਰੁਪ ਦਿੱਲੀ' ਦੀ ਰਿਪੋਰਟ ਵਿਚ ਸਰਗਰਮ ਪੱਤਰਕਾਰਾਂ ਦੀ ਇੱਕ ਸਰਵੇਖਣ ਟੀਮ ਵੱਲੋਂ ਤਿਆਰ ਕੀਤੇ ਗਏ ਇੱਕ ਸਾਧਾਰਨ ਚਾਰਟ ਤੋਂ ਇਹ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ ਜੋ ਇਸ ਪ੍ਰਕਾਰ ਹੈ:

| | ਹਿੰਦੂ | ਮੁਸਲਮਾਨ | ਈਸਾਈ | ਸਿੱਖ |
|---|---|---|---|---|
| ਭਾਰਤ ਵਿਚ ਕੁੱਲ ਆਬਾਦੀ ਦਾ ਹਿੱਸਾ | 81% | 13% | 2% | 2% |
| ਹਿੰਦੀ ਦਾ ਪ੍ਰਿੰਟ ਮੀਡੀਆ | 97% | 2% | 0% | 0% |
| ਅੰਗਰੇਜ਼ੀ ਦਾ ਪ੍ਰਿੰਟ ਮੀਡੀਆ | 90% | 3% | 4% | 0% |
| ਇਲੈਕਟ੍ਰਾਨਿਕ ਹਿੰਦੀ ਮੀਡੀਆ | 90% | 6% | 1% | 0% |
| ਇਲੈਕਟ੍ਰਾਨਿਕ ਅੰਗਰੇਜ਼ੀ ਮੀਡੀਆ | 85% | 0% | 13% | 2% |
| ਕੁੱਲ | 90% | 3% | 4% | 1% |

ਇਸ ਚਾਰਟ ਤੋਂ ਇੱਕ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ ਕਿ ਸਿੱਖਾਂ ਨੂੰ ਆਪਣੀ ਗੱਲ ਆਪਣਿਆਂ, ਦੇਸ਼ ਵਾਸੀਆਂ ਅਤੇ ਦੁਨੀਆਂ ਦੇ ਹੋਰ ਲੋਕਾਂ ਤੱਕ ਪਹੁੰਚਾਣ ਲਈ ਹਰ ਤਰ੍ਹਾਂ ਦੇ ਮੀਡੀਏ ਅਤੇ ਵੱਖ ਵੱਖ ਭਾਸ਼ਾਵਾਂ ਰਾਹੀਂ ਪਹੁੰਚਾਉਣ ਵੱਲ ਖਾਸ ਧਿਆਨ ਦੇਣ ਦੀ ਸਖ਼ਤ ਜ਼ਰੂਰਤ ਹੈ। ਵਿਦੇਸ਼ਾਂ ਵਿਚਲਾ ਸਿੱਖ ਮੀਡੀਆ ਕੁਝ ਹੱਦ ਤੱਕ ਆਪਣਾ ਰੋਲ ਨਿਭਾ ਰਿਹਾ ਹੈ ਪਰ ਇਸ ਦਾ ਵੀ ਕਾਫੀ ਹਿੱਸਾ ਅਤੇ


**ਲੇਖਕ : ਕੁਲਦੀਪ ਸਿੰਘ ਢੀਂਡਸਾ**
**ਫੋਨ: 510-676-4440**

ਸਮਾਂ ਆਪਸੀ ਵਿੱਤਕਰੇ, ਮੱਤ-ਭੇਦਾਂ, ਇਸ਼ਤਿਹਾਰਾਂ ਅਤੇ ਨਿੱਜੀ ਸ਼ੋਹਰਤਬਾਜ਼ੀ ਦੇ ਧੱਕੇ ਚੜ੍ਹ ਜਾਂਦਾ ਹੈ। ਅੱਜ ਲੋੜ ਹੈ ਥੋੜ੍ਹਾ ਹੋਰ ਸੁਹਿਰਦ ਹੋਣ ਦੀ। ਸ਼ਾਇਦ ਇਹੀ ਕਾਰਨ ਹੈ ਕਿ ਸਿੱਖ ਕੌਮ ਆਪਣੇ ਨਾਲ ਵਾਪਰੀਆਂ ਅਤੇ ਵਾਪਰ ਰਹੀਆਂ ਘਟਨਾਵਾਂ ਨੂੰ ਸਿੱਖ ਸੰਦਰਭ ਵਿਚ ਵੇਖਣ ਅਤੇ ਸਮਝਣ ਵਿਚ ਅਸਮਰਥ ਰਹੀ ਹੈ ਜਿਸ ਦਾ ਸਬੂਤ ਬਹੁਤ ਸਾਰੇ ਸਿੱਖਾਂ ਵੱਲੋਂ ਅਜੇ ਵੀ ਸਰਕਾਰ ਅਤੇ ਬਹੁਮਤ ਪ੍ਰੈਸ ਵੱਲੋਂ ਇਸਤੇਮਾਲ ਕੀਤੇ ਅਤੇ ਕੀਤੇ ਜਾ ਰਹੇ ਪ੍ਰਚਾਰ ਅਤੇ ਸ਼ਬਦਾਂ ਦਾ ਇਸਤੇਮਾਲ ਕਰਨਾ ਸ਼ਾਮਿਲ ਹੈ ਜਿਵੇਂ ਕਿ 'ਸਾਕਾ ਨੀਲਾ ਤਾਰਾ' ਆਦਿ। ਬਹੁਤ ਸਾਰੇ ਸਿੱਖ ਚਿੰਤਕਾਂ ਅਤੇ ਵਿਦਵਾਨਾਂ ਦਾ ਵਿਚਾਰ ਹੈ ਕਿ ਸਿੱਖ ਸੰਦਰਭ ਵਿਚ ਇਨ੍ਹਾਂ ਘਟਨਾਵਾਂ ਨੂੰ ਕ੍ਰਮਵਾਰ 'ਅੰਮ੍ਰਿਤਸਰ ਦੀ ਲੜਾਈ' ਅਤੇ 'ਸਰਕਾਰੀ ਕਤਲੇਆਮ' ਜਾਂ 'ਸਿੱਖ ਨਸਲਕੁਸ਼ੀ' ਦੇ ਨਾਮ ਨਾਲ ਸੱਦਿਆ ਜਾਣਾ ਚਾਹੀਦਾ ਸੀ ਕਿਉਂਕਿ ਜੂਨ 1984 ਦੀ ਇਹ ਲੜਾਈ ਭਾਰਤੀ ਫੌਜ ਅਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀ ਕੁਝ ਧਰਮੀ ਸਿੱਖਾਂ ਵਿਚਕਾਰ ਸੀ, ਭਾਵ ਦਿੱਲੀ ਦੇ ਤਖਤ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਿਚਕਾਰ ਸੀ ਜਿਸ ਵਿਚ ਮੁੱਠੀ ਭਰ ਸਿੰਘਾਂ ਨੇ ਖਾਲਸੇ ਦੇ ਸਵਾ ਸਵਾ ਲੱਖ ਨਾਲ ਲੜਨ ਦੇ ਇਤਿਹਾਸ ਨੂੰ ਇੱਕ ਵਾਰ ਫਿਰ ਦੁਹਰਾ ਦਿੱਤਾ। ਜੇਕਰ ਇਹ ਲੜਾਈ ਸਿਰਫ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਕੁਝ ਸਾਥੀਆਂ ਨੂੰ ਬਾਹਰ ਕੱਢਣ ਤੱਕ ਹੀ ਸੀਮਤ ਹੁੰਦੀ ਤਾਂ ਪੰਜਾਬ ਦੇ ਅਨੇਕਾਂ ਹੋਰ ਗੁਰਦੁਆਰਿਆਂ 'ਤੇ ਫੌਜੀ ਹਮਲੇ ਦੀ ਕੀ ਲੋੜ ਸੀ ਜਿਥੋਂ ਫੌਜ ਵਿਰੁਧ ਗੋਲੀ ਚਲਾਏ ਜਾਣ ਦੀ ਕਿਸੇ ਵੀ ਥਾਂ ਤੋਂ ਕੋਈ ਖਬਰ ਨਹੀਂ। ਨਵੰਬਰ 1984 ਦੀ ਘਟਨਾ ਨੂੰ ਦੰਗੇ ਨਹੀਂ ਕਿਹਾ ਜਾ ਸਕਦਾ ਇਹ ਤਾਂ ਸਿੱਖਾਂ ਦਾ ਸਮੇਂ ਦੀ ਸਰਕਾਰ ਵੱਲੋਂ ਕੀਤਾ ਗਿਆ 'ਕਤਲੇਆਮ' ਅਤੇ 'ਨਸਲਕੁਸ਼ੀ' ਸੀ। ਦੰਗੇ ਉਹ ਹੁੰਦੇ ਹਨ- ਜਦੋਂ ਦੋ ਧਿਰਾਂ ਆਪਸ ਵਿਚ ਲੜਦੀਆਂ ਹੋਣ। ਪਰ ਨਵੰਬਰ 1984 ਵਿਚ ਤਾਂ ਸਿੱਖਾਂ ਵੱਲੋਂ ਕਿਸੇ ਧਿਰ 'ਤੇ ਕੋਈ ਹਮਲਾ ਨਹੀਂ ਕੀਤਾ ਗਿਆ ਸਗੋਂ ਸਿੱਖਾਂ ਨੂੰ ਤਾਂ ਉਨ੍ਹਾਂ ਦੇ ਆਪਣੇ ਹੀ ਘਰਾਂ ਵਿਚ ਜਾਂ ਜਿੱਥੇ ਵੀ ਕੋਈ ਸਿੱਖ ਮਿਲਿਆ ਧਾੜਵੀਆਂ ਦੀ ਫੌਜ ਨੇ ਜਾਨੋਂ ਮਾਰ ਦਿੱਤਾ। ਸਿੱਖ ਨਸਲਕੁਸ਼ੀ ਵਿਚ ਸਥਾਨਕ ਪੁਲਿਸ, ਪ੍ਰਸ਼ਾਸਨ ਅਤੇ ਰਾਜਨੀਤਕ ਲੀਡਰਾਂ ਦੇ ਆਪਸੀ ਤਾਲ-ਮੇਲ ਦੇ ਪੁਖਤਾ ਸਬੂਤ ਮੌਜੂਦ ਹੋਣ ਦੇ ਬਾਵਜੂਦ ਵੀ ਭਾਰਤੀ ਅਦਾਲਤਾਂ ਵੱਲੋਂ ਕਾਤਲਾਂ ਅਤੇ ਕਾਤਲਾਂ ਦੀਆਂ ਭੀੜਾਂ ਵਿਰੁਧ ਕੋਈ ਕਾਰਵਾਈ ਨਹੀਂ ਹੋਈ। ਇੱਥੋਂ ਤੱਕ ਕਿ ਮੁੱਖ ਦੋਸ਼ੀਆਂ ਵਿਰੁਧ ਐਫ ਆਈ ਆਰ ਤੱਕ ਦਰਜ ਕਰਵਾਉਣ ਲਈ ਸਿੱਖਾਂ ਨੂੰ 13 ਸਾਲ ਜਦੋਜਹਿਦ ਕਰਨੀ ਪਈ। ਉਪਰੰਤ ਚਾਰਜਸ਼ੀਟ ਪੇਸ਼ ਕਰਵਾਉਣ ਵਿਚ ਹੋਰ 7 ਸਾਲ ਲੱਗੇ ਜਦੋਂਕਿ ਇੰਦਰਾ ਗਾਂਧੀ ਨੂੰ ਮਾਰਨ ਵਾਲਿਆਂ ਨੂੰ 2 ਸਾਲ ਵਿਚ ਹੀ ਫਾਂਸੀ 'ਤੇ ਲਟਕਾ ਦਿੱਤਾ ਗਿਆ। ਇਸ ਦੂਹਰੇ ਮਾਪ-ਦੰਡ ਸਦਕਾ ਸਿੱਖਾਂ ਦੇ ਮਨਾਂ ਵਿਚੋਂ ਹੁਣ ਭਾਰਤੀ ਨਿਆਂ ਪ੍ਰਣਾਲੀ ਤੋਂ ਬਿਲਕੁਲ ਵਿਸ਼ਵਾਸ ਉਠ ਚੁੱਕਾ ਹੈ।

1984 ਦੇ ਦੁਖਾਂਤ ਦੇ ਸਮਕਾਲੀ ਲੋਕ, ਗਾਂਧੀਵਾਦੀ ਸੋਚ ਰੱਖਣ ਵਾਲੇ ਮੀਡੀਏ ਵੱਲੋਂ ਨਿਭਾਈ ਅਤੇ ਨਿਭਾਈ ਜਾ ਰਹੀ ਭੂਮਿਕਾ ਤੋਂ ਭਲੀਭਾਂਤ ਜਾਣੂ ਹਨ। ਉਹ ਇਹ ਵੀ ਜਾਣਦੇ ਹਨ ਕਿ ਕਿਸ ਤਰ੍ਹਾਂ ਵਿਦੇਸ਼ੀ ਪ੍ਰੈਸ ਨੂੰ ਪੰਜਾਬ ਤੋਂ ਦੂਰ ਰੱਖਿਆ ਗਿਆ ਅਤੇ ਕਿਸ ਤਰ੍ਹਾਂ ਸੰਤ ਜਰਨੈਲ ਸਿੰਘ ਖਾਲਸਾ ਵਰਗੇ ਇੱਕ ਸੱਚੇ ਸੁੱਚੇ ਸਿੱਖ ਦੀ ਛਵੀ ਵਿਗਾੜ ਕੇ ਲੋਕਾਂ ਸਾਹਮਣੇ ਪੇਸ਼ ਕੀਤੀ ਜਾਂਦੀ ਰਹੀ। ਪਰ ਸੰਤ ਜਰਨੈਲ ਸਿੰਘ ਖਾਲਸਾ ਆਪਣੇ ਨਾਂ ਨਾਲ ਜੁੜੇ ਸਬਦਾਂ ਸੰਤ, ਜਰਨੈਲ ਅਤੇ ਖਾਲਸਾ 'ਤੇ ਪੂਰਾ ਉਤਰਿਆ। ਅੱਜ ਤੱਕ ਕੋਈ ਅਜਿਹਾ ਸਬੂਤ ਨਜ਼ਰ ਨਹੀਂ ਆਇਆ ਜੋ ਇਹ ਸਿੱਧ ਕਰਦਾ ਹੋਵੇ ਕਿ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਸਿੱਧੇ ਤੌਰ 'ਤੇ ਕਿਸੇ ਦੀ ਜਾਨ ਲਈ ਹੋਵੇ ਪਰ ਇਸ ਗੱਲ ਦੇ ਸਬੂਤ ਜ਼ਰੂਰ ਮਿਲਦੇ ਹਨ ਕਿ ਉਹ ਹਰ ਇਨਸਾਨ ਨੂੰ ਆਪੋ-ਆਪਣੇ ਧਰਮ ਵਿਚ ਪਰਪੱਕ ਵੇਖਣਾ ਚਾਹੁੰਦੇ ਸਨ। ਅੱਜ ਸਿੱਖਾਂ ਨੂੰ ਵੱਧ ਤੋਂ ਵੱਧ ਗਿਣਤੀ ਅਤੇ ਭਾਸ਼ਾਵਾਂ ਵਿਚ ਹਰ ਪ੍ਰਕਾਰ ਦਾ ਆਪਣਾ ਮੀਡੀਆ ਸਥਾਪਤ ਕਰਕੇ ਆਪਣੇ ਦੇਸ਼ ਵਾਸੀਆਂ ਅਤੇ ਦੁਨੀਆਂ ਦੇ ਲੋਕਾਂ ਨੂੰ ਇਹ ਗੱਲ ਸਮਝਾਉਣ ਦੀ ਸਖ਼ਤ ਜ਼ਰੂਰਤ ਹੈ ਕਿ ਸਿੱਖ ਇਨਸਾਨੀਅਤ ਦਾ ਪਹਿਰੇਦਾਰ ਹੈ ਕਿਸੇ ਦਾ ਦੁਸ਼ਮਣ ਨਹੀਂ। ਨੌਜਵਾਨਾਂ ਨੂੰ ਇਸ ਕੰਮ ਵਿਚ ਅੱਗੇ ਆਉਣਾ ਚਾਹੀਦਾ ਹੈ। ਸਿੱਖ ਕਿਸੇ ਵੀ ਕੌਮ, ਜਾਤ ਜਾਂ ਧਰਮ ਦਾ ਵਿਰੋਧੀ ਨਹੀਂ ਸਗੋਂ ਸਾਰੀਆਂ ਕੌਮਾਂ, ਜਾਤਾਂ ਅਤੇ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਹੈ। ਸਿੱਖ ਹਰ ਵੇਲੇ ਸਰਬੱਤ ਦਾ ਭਲਾ ਮੰਗਣ ਵਾਲਾ ਵਿਅਕਤੀ ਹੈ ਅਤੇ ਮੁਨੱਖਤਾ ਦੇ ਹਰ ਦੁੱਖ-ਸੁੱਖ ਦਾ ਭਾਈਵਾਲ ਹੈ। ਸਿੱਖ ਸਿਰਫ ਜ਼ੁਲਮ ਅਤੇ ਜ਼ਾਬਰ ਦਾ ਵਿਰੋਧੀ ਹੈ। ਸਿੱਖਾਂ ਵੱਲੋਂ ਆਹੁਤੀਆਂ ਦੇ ਕੇ ਦੂਜੇ ਧਰਮਾਂ ਅਤੇ ਲੋਕਾਂ ਦੀ ਰੱਖਿਆ ਕਰਨ ਦੀਆਂ ਬਹੁਤ ਸਾਰੀਆਂ ਇਤਿਹਾਸਕ ਮਿਸਾਲਾਂ ਵੀ ਮੌਜੂਦ ਹਨ। ਅੱਜ ਹਰ ਸਿੱਖ ਨੂੰ ਸਿੱਖਾਂ ਨਾਲ ਹੋ ਰਹੇ ਵਿਤਕਰੇ, ਭੇਦ-ਭਾਵ, ਧਰਮ ਅਤੇ ਉਨ੍ਹਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ, ਤਸ਼ੱਦਦ, ਕਤਲੇਆਮ ਅਤੇ ਨਸਲਕੁਸ਼ੀ ਦੇ ਕਾਰਣਾਂ ਨੂੰ ਜਾਣਨ, ਸੋਚਣ, ਸਮਝਣ ਅਤੇ ਵਿਚਾਰਨ ਦੀ ਲੋੜ ਹੈ। ਇਤਿਹਾਸ ਗਵਾਹ ਹੈ ਕਿ ਭਾਰਤੀ ਹੁਕਮਰਾਨ, ਗਾਂਧੀਵਾਦੀ ਸੋਚ ਨਾਲ, ਭਾਰਤ ਵਿਚ ਵਸਦੀਆਂ ਘੱਟਗਿਣਤੀਆਂ ਅਤੇ ਬਹੁ-ਕੌਮਾਂ ਨੂੰ ਹਿੰਦੂ ਧਰਮ ਵਿਚ ਤਬਦੀਲ ਕਰਨ ਲਈ ਲਗਾਤਾਰ ਕਾਨੂੰਨੀ, ਪ੍ਰਬੰਧਕੀ ਅਤੇ ਰਾਜਨੀਤਕ ਸਾਧਨਾਂ ਦਾ ਇਸਤੇਮਾਲ ਕਰਦੇ ਹੋਏ, ਖ਼ਤਮ ਕਰਦੇ ਆ ਰਹੇ ਹਨ। ਗਾਂਧੀਵਾਦੀ ਸੋਚ ਦੇ ਇਨ੍ਹਾਂ ਭਾਰਤੀ ਹੁਕਮਰਾਨਾਂ ਨੂੰ ਆਪਣੇ ਮਨਸੂਬੇ ਪੂਰੇ ਕਰਨ ਵਿਚ ਸਭ ਤੋਂ ਵੱਡੀ ਚੁਣੌਤੀ ਸਿੱਖਾਂ ਤੋਂ ਹੈ ਜਿਸ ਕਰਕੇ ਪਿਛਲੇ ਕੁਝ ਸਾਲਾਂ ਤੋਂ ਉਨ੍ਹਾਂ ਦੀ ਪੂਰੀ ਤਾਕਤ ਸਿੱਖ ਅਤੇ ਸਿੱਖੀ ਨੂੰ ਖਤਮ ਕਰਨ 'ਤੇ ਲੱਗੀ ਹੋਈ ਹੈ। ਆਉ ਸਾਰੇ ਰਲ ਕੇ ਜ਼ਰਾ ਸੋਚੀਏ ਅਤੇ ਵਿਚਾਰੀਏ ਕਿ

**ਬੇਜ਼ਾਰੀਆਂ, ਲਾਚਾਰੀਆਂ, ਬਦਨਾਮੀਆਂ, ਦੁਸ਼ਵਾਰੀਆਂ,**
**ਅੱਜ ਸਾਡੇ ਹੀ ਲੇਖੀਂ ਕਿਉਂ ਆਈਆਂ ਇਹ ਸਾਰੀਆਂ?**
**ਵਾਰੇ ਜਿਨ੍ਹਾਂ ਲਈ ਸੀਸ, ਚਲਵਾਈਆਂ ਸਿਰਾਂ 'ਤੇ ਆਰੀਆਂ**
**ਲਾਉਣ ਸਾਡੇ ਹੀ ਖੂਨ ਵਿਚ ਉਹ ਹੱਸ ਹੱਸ ਤਾਰੀਆਂ।**
**ਕੁਝ ਸੋਚੀਏ, ਪੜਤਾਲੀਏ, ਰਲ ਲੱਭੀਏ ਇਸ ਦੀ ਵਜ੍ਹਾ**
**ਕਿ ਅਸਾਂ ਜਿੱਤ ਕੇ ਹੀ ਸਦਾ, ਬਾਜ਼ੀਆਂ ਕਿਉਂ ਹਾਰੀਆਂ?**
**ਲੜਦੇ ਰਹੇ ਆਪਸ 'ਚ ਹੀ, ਨਾ ਸਮਝੇ ਹੁਣ ਵੀ ਅਗਰ**
**ਇਤਿਹਾਸ ਬਣ ਜਾਣੀਆਂ ਇਹ ਵੇਖਿਓ ਸਰਦਾਰੀਆਂ।**






# ਸਾਕਾ ਪੰਜਾ ਸਾਹਿਬ ਅੱਖੀਂ ਡਿੱਠਾ ਹਾਲ



ਲੇਖਕ : ਗਿਆਨੀ ਹਰਭਜਨ ਸਿੰਘ

ਭਾਈ ਕਰਮ ਸਿੰਘ ਜੀ ਅਤੇ ਭਾਈ ਪਰਤਾਪ ਸਿੰਘ ਜੀ ਪਹਿਲੇ ਦੋ ਸਿੰਘ ਸਨ, ਜੋ ਹਸਨ ਅਬਦਲ ਰੇਲਵੇ ਸਟੇਸ਼ਨ 'ਤੇ ਪੰਜਾ ਸਾਹਿਬ ਦੇ ਮੋਰਚੇ ਸਮੇਂ ਰੇਲਗੱਡੀ ਹੇਠ ਆ ਕੇ ਸ਼ਹੀਦ ਹੋਏ। ਬਾਕੀਆਂ ਨੂੰ ਕਾਫ਼ੀਆਂ ਸੱਟਾਂ ਲੱਗੀਆਂ ਸਨ। (ਪੰਜਾ ਸਾਹਿਬ ਸਾਕਾ-ਇਕ ਚਸ਼ਮਦੀਦ ਦੀ ਜ਼ੁਬਾਨੀ)

ਸਿੱਖ ਵਿਦਵਾਨ ਗਿਆਨੀ ਭਜਨ ਸਿੰਘ, ਪੰਜਾ ਸਾਹਿਬ ਸਾਕੇ ਦੇ ਸ਼ਹੀਦ ਭਾਈ ਪਰਤਾਪ ਸਿੰਘ ਦੀ ਧਰਮ ਪਤਨੀ ਬੀਬੀ ਹਰਨਾਮ ਕੌਰ ਜੀ ਕੋਲ ਗਏ ਅਤੇ ਉਨ੍ਹਾਂ ਨੂੰ ਇਸ ਮੋਰਚੇ ਬਾਰੇ ਇੰਟਰਵਿਊ ਕੀਤੀ। ਇਥੇ ਇਸ ਇੰਟਰਵਿਊ ਦੇ ਕੁਝ ਅੰਸ਼ ਪ੍ਰਕਾਸ਼ਤ ਕੀਤੇ ਜਾ ਰਹੇ ਹਨ।

ਗਿਆਨੀ ਭਜਨ ਸਿੰਘ : ਮਾਤਾ ਜੀ ! (ਸ਼ਹੀਦ ਭਾਈ ਪਰਤਾਪ ਸਿੰਘ ਦੀ ਧਰਮ ਪਤਨੀ) ਕੀ ਤੁਸੀਂ ਪੰਜਾ ਸਾਹਿਬ ਦੇ ਸਾਕੇ ਬਾਰੇ ਕੁਝ ਦੱਸ ਸਕੋਗੇ। ਮੈਂ ਵਿਸ਼ੇਸ਼ ਤੌਰ 'ਤੇ ਇਸ ਘਟਨਾ ਦੀ ਸਿੱਧੀ ਜਾਣਕਾਰੀ ਲੈਣ ਲਈ ਤੁਹਾਡੇ ਕੋਲ ਆਇਆ ਹਾਂ।

ਬੀਬੀ ਹਰਨਾਮ ਕੌਰ : ਮੈਂ ਤੁਹਾਨੂੰ ਉਸ ਮੰਦਭਾਗੇ ਦਿਨ ਵਾਪਰੀ ਘਟਨਾ ਬਾਰੇ ਕਿਉਂ ਨਹੀਂ ਦੱਸਾਂਗੀ। ਮੈਨੂੰ ਤਾਂ ਇਹ ਘਟਨਾ ਇਸ ਤਰ੍ਹਾਂ ਯਾਦ ਹੈ ਕਿ ਜਿਵੇਂ ਅਜੇ ਕੱਲ੍ਹ ਵਾਪਰੀ ਹੋਵੇ। ਮੈਂ ਉਨ੍ਹਾਂ ਲੋਕਾਂ ਵਿਚ ਸ਼ਾਮਲ ਸੀ, ਜੋ ਉਸ ਦਿਨ ਰੇਲ ਗੱਡੀ ਰੋਕਣ ਲਈ ਰੇਲ ਪਟੜੀ 'ਤੇ ਬੈਠੇ ਸਨ। ਮੈਂ ਆਪਣੇ ਪਤੀ (ਸ਼ਹੀਦ ਪਰਤਾਪ ਸਿੰਘ) ਦੇ ਪਿੱਛੇ ਬੈਠੀ ਸਾਂ। ਮੈਂ ਪੰਜਾ ਸਾਹਿਬ ਸਾਕੇ ਦੀ ਅਸਲ ਕਹਾਣੀ ਬਹੁਤ ਲੋਕਾਂ ਨੂੰ ਸੁਣਾ ਚੁੱਕੀ ਹਾਂ ਪਰ ਕਿਸੇ ਨੇ ਇਸ ਤਰ੍ਹਾਂ ਲਿਖਣ ਦੀ ਕੋਸ਼ਿਸ਼ ਨਹੀਂ ਕੀਤੀ, ਜੋ ਮੈਂ ਦੱਸਿਆ। ਮੈਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਹੈ ਕਿ ਤੁਸੀਂ ਇਸ ਘਟਨਾ ਬਾਰੇ ਜਾਣਕਾਰੀ ਲੈਣ ਲਈ ਵਿਸ਼ੇਸ਼ ਤੌਰ 'ਤੇ ਚੱਲ ਕੇ ਆਏ ਹੋ ਤੇ ਮੈਨੂੰ ਇਹ ਵੀ ਖ਼ੁਸ਼ੀ ਹੈ ਕਿ ਤੁਸੀਂ ਉਸੇ ਤਰ੍ਹਾਂ ਲਿਖੋਗੇ ਜਿਵੇਂ ਕਿ ਮੈਂ ਤੁਹਾਨੂੰ ਅਸਲ ਕਹਾਣੀ ਦੱਸਾਂਗੀ।

ਗਿਆਨੀ ਭਜਨ ਸਿੰਘ : ਇਹ ਘਟਨਾ ਕਿਵੇਂ ਵਾਪਰੀ ਮੈਨੂੰ ਸਾਰਾ ਕੁਝ ਦੱਸੋ। ਤੁਸੀਂ ਇਹ ਸਮਝੋ ਕਿ ਮੈਨੂੰ ਇਸ ਸਾਕੇ ਬਾਰੇ ਕੁਝ ਨਹੀਂ ਪਤਾ, ਤੁਸੀਂ ਜਿਵੇਂ ਕਿਸੇ ਨਵੇਂ ਬੰਦੇ ਨੂੰ ਇਹ ਕਹਾਣੀ ਦੱਸ ਰਹੇ ਹੋ।

ਬੀਬੀ ਹਰਨਾਮ ਕੌਰ : ਇਹ ਗੁਰੂ ਕੇ ਬਾਗ ਦੇ ਮੋਰਚੇ (1922) ਦਾ ਸਮਾਂ ਸੀ। ਪੁਲਿਸ ਨੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਗ੍ਰਿਫਤਾਰ ਕੀਤੇ ਸਿੰਘਾਂ ਨੂੰ ਰੇਲ ਗੱਡੀਆਂ ਵਿੱਚ ਅਟਕ ਅਤੇ ਕੈਮਲਪੁਰ ਦੀਆਂ ਜੇਲ੍ਹਾਂ ਵਿਚ ਲਿਜਾ ਰਹੀ ਸੀ। ਦੋ ਰੇਲ ਗੱਡੀਆਂ ਪੰਜਾ ਸਾਹਿਬ ਤੋਂ ਗੁਜ਼ਰ ਗਈਆਂ ਅਤੇ ਮੇਰੇ ਪਤੀ ਨੇ ਸਟੇਸ਼ਨ ਮਾਸਟਰ, ਜੋ ਕਿ ਹਿੰਦੂ ਸਨ, ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੇ ਸਿੱਖ ਮਰਜੀਵੜਿਆਂ ਦੀਆਂ ਰੇਲ ਗੱਡੀਆਂ ਬਾਰੇ ਸੰਗਤ ਨੂੰ ਕਿਉਂ ਨਹੀਂ ਦੱਸਿਆ, ਕਿਉਂਕਿ ਸੰਗਤ ਇਨ੍ਹਾਂ ਸਿੰਘਾਂ ਦੀ ਸੇਵਾ ਕਰਨੀ ਚਾਹੁੰਦੀ ਸੀ।

ਉਸ ਵਕਤ ਮੇਰੇ ਪਤੀ ਸ੍ਰੀ ਪੰਜਾ ਸਾਹਿਬ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ ਅਤੇ ਖਜ਼ਾਨਚੀ ਵਜੋਂ ਸੇਵਾ ਨਿਭਾਅ ਰਹੇ ਸਨ। ਇਸ ਤੋਂ ਪਹਿਲਾਂ ਉਹ ਜਨਰਲ ਸਕੱਤਰ ਰਹਿ ਚੁੱਕੇ ਸਨ। ਇਕ ਦਿਨ ਉਸ ਹਿੰਦੂ ਸਟੇਸ਼ਨ ਮਾਸਟਰ ਨੇ ਮੇਰੇ ਪਤੀ ਨੂੰ ਸੂਚਨਾ ਦਿੱਤੀ ਕਿ ਅਗਲੇ ਦਿਨ ਸਵੇਰੇ 8.00 ਵਜੇ ਸਿੱਖ ਕੈਦੀਆਂ ਦੀ ਰੇਲਗੱਡੀ ਪੰਜਾ ਸਾਹਿਬ ਰੇਲਵੇ ਸਟੇਸ਼ਨ 'ਤੇ ਪਹੁੰਚ ਰਹੀ ਹੈ। ਜਿਉਂ ਹੀ ਸੰਗਤ ਨੂੰ ਇਸ ਦਾ ਪਤਾ ਲੱਗਾ, ਉਨ੍ਹਾਂ ਨੇ ਸਿੰਘਾਂ ਲਈ ਲੰਗਰ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਅਗਲੇ ਦਿਨ ਸਵੇਰੇ ਦੇ ਦੀਵਾਨ ਮਗਰੋਂ ਅਰਦਾਸ ਕੀਤੀ ਗਈ, ਹੇ ਸੱਚੇ ਪਾਤਸ਼ਾਹ ! ਅਸੀਂ ਤੁਹਾਡੇ ਸਿੰਘਾਂ ਲਈ ਪਰਸ਼ਾਦਾ ਤਿਆਰ ਕੀਤਾ ਹੈ। ਸਾਡੀ ਆਪਣੇ ਗੁਰਸਿੱਖ ਭਰਾਵਾਂ ਨੂੰ ਇਹ ਲੰਗਰ ਛਕਾਉਣ ਦੀ ਇੱਛਾ ਪੂਰੀ ਕਰੋ ਅਤੇ ਸਾਨੂੰ ਸ਼ਕਤੀ ਬਖਸ਼ੋ ਕਿ ਅਸੀਂ ਇਹ ਲੰਗਰ ਛਕਾ ਕੇ ਹੀ ਗੁਰਦੁਆਰਾ ਸਾਹਿਬ ਪਰਤੀਏ।

ਅਰਦਾਸ ਤੋਂ ਬਾਅਦ ਜਦ ਸੰਗਤ ਰੇਲਵੇ ਸਟੇਸ਼ਨ 'ਤੇ ਪਹੁੰਚੀ ਤਾਂ ਸਟੇਸ਼ਨ ਮਾਸਟਰ ਨੇ ਦੱਸਿਆ ਕਿ ਉਪਰੋਂ ਹੁਕਮ ਆਏ ਹਨ ਕਿ ਪੰਜਾ ਸਾਹਿਬ ਰੇਲਵੇ ਸਟੇਸ਼ਨ 'ਤੇ ਗੱਡੀ ਨਹੀਂ ਰੋਕੀ ਜਾਵੇਗੀ। ਸੰਗਤ ਵਿਚ ਉਦਾਸੀ ਤੇ ਗੁੱਸੇ ਦੀ ਲਹਿਰ ਦੌੜ ਗਈ। ਸੰਗਤ ਨੇ ਉਸੇ ਵਕਤ ਗੁਰਮਤਾ ਪਾਸ ਕੀਤਾ ਕਿ ਲੰਗਰ ਹਰ ਹਾਲਤ ਵਿਚ ਛਕਾਇਆ ਜਾਵੇਗਾ ਅਤੇ ਲੰਗਰ ਛਕਾਏ ਬਗੈਰ ਗੱਡੀ ਅੱਗੇ ਨਹੀਂ ਜਾਣ ਦੇਣਗੇ।

ਗਿਆਨੀ ਭਜਨ ਸਿੰਘ : ਕੁਲ ਸੰਗਤ ਕਿੰਨੀ ਕੁ ਸੀ ?

ਬੀਬੀ ਹਰਨਾਮ ਕੌਰ : ਕੋਈ 300 ਲੋਕ ਹੋਣਗੇ।

ਗਿਆਨੀ ਭਜਨ ਸਿੰਘ : ਫਿਰ ਕੀ ਹੋਇਆ ?

ਬੀਬੀ ਹਰਨਾਮ ਕੌਰ : ਜਦ ਗੱਡੀ ਰੇਲਵੇ ਸਟੇਸ਼ਨ ਦੇ ਨੇੜੇ ਆਈ ਸੰਗਤਾਂ ਰੇਲ ਪਟੜੀ 'ਤੇ ਬੈਠ ਗਈਆਂ। ਕੁਝ ਆਦਮੀ ਸਿਗਨਲ ਦੇ ਨੇੜੇ ਬੈਠ ਗਏ।

ਗਿਆਨੀ ਭਜਨ ਸਿੰਘ : ਕੀ ਰੇਲਗੱਡੀ ਨੇੜੇ ਆਉਂਦੀ ਵੇਖ ਕੇ ਕੋਈ ਦੌੜਿਆ ?

ਬੀਬੀ ਹਰਨਾਮ ਕੌਰ : ਭੱਜਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਸਾਰਿਆਂ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਹੋਇਆ ਸੀ। ਉਸ ਵਕਤ ਕਿਸੇ ਵੀ ਵਿਅਕਤੀ ਨੂੰ ਮੌਤ ਦਾ ਖੌਫ਼ ਨਹੀਂ ਸੀ। ਇਸ ਸ਼ੁਭ ਕਰਮ ਲਈ ਸਾਰੇ ਮਰ ਮਿਟਣ ਵਾਸਤੇ ਤਿਆਰ ਸਨ।

ਗਿਆਨੀ ਭਜਨ ਸਿੰਘ : ਫਿਰ ਕੀ ਹੋਇਆ ?

ਬੀਬੀ ਹਰਨਾਮ ਕੌਰ : ਰੇਲ ਗੱਡੀ ਆਈ। ਇਹ ਸੀਟੀਆਂ ਮਾਰਦੀ ਰਹੀ ਪਰ ਕੋਈ ਨਾ ਉਠਿਆ। ਸਭ ਤੋਂ ਅੱਗੇ ਮੇਰੇ ਪਤੀ (ਸ਼ਹੀਦ) ਪਰਤਾਪ ਸਿੰਘ ਜੀ ਬੈਠੇ ਸਨ। ਉਨ੍ਹਾਂ ਦੇ ਨਾਲ ਭਾਈ ਕਰਮ ਸਿੰਘ ਜੀ ਸਨ ਅਤੇ ਹੋਰ ਕਈ ਸਿੰਘ ਬੈਠੇ ਸਨ। ਰੇਲਗੱਡੀ ਮੇਰੇ ਪਤੀ ਵਿਚ ਟਕਰਾਈ ਅਤੇ ਉਨ੍ਹਾਂ ਨੂੰ ਸ਼ਹੀਦ ਕਰਕੇ ਅੱਗੇ ਲੰਘ ਗਈ। ਭਾਈ ਕਰਮ ਸਿੰਘ ਵੀ ਰੇਲ ਗੱਡੀ ਹੇਠ ਆ ਕੇ ਸ਼ਹੀਦ ਹੋ ਗਏ। ਹੋਰ ਕਈ ਸਿੰਘਾਂ ਨੂੰ ਰੇਲਗੱਡੀ ਦੇ ਬੰਪਰ ਨੇ ਪਰ੍ਹੇ ਵਗਾਹ ਮਾਰਿਆ। 6 ਹੋਰ ਸਿੰਘ ਗੱਡੀ ਦੇ ਪਹੀਆਂ ਹੇਠ ਆ ਕੇ ਜ਼ਖ਼ਮੀ ਹੋ ਗਏ। ਉਨ੍ਹਾਂ ਦੀਆਂ ਲੱਤਾਂ ਕੱਟੀਆਂ ਗਈਆਂ। ਮੈਨੂੰ ਵੀ ਕਾਫ਼ੀ ਸੱਟਾਂ ਲੱਗੀਆਂ ਅਤੇ ਮੈਂ ਕਈ ਮਹੀਨੇ ਹਸਪਤਾਲ ਵਿਚ ਦਾਖ਼ਲ ਰਹੀ।

ਗਿਆਨੀ ਭਜਨ ਸਿੰਘ : ਕੀ ਭਾਈ ਪਰਤਾਪ ਸਿੰਘ ਉਸੇ ਥਾਂ 'ਤੇ ਸ਼ਹੀਦ ਹੋਏ ਜਾਂ ਬਾਅਦ ਵਿਚ। ਸਾਰਾ ਕੁਝ ਦੱਸੋ ?

ਬੀਬੀ ਹਰਨਾਮ ਕੌਰ : ਉਨ੍ਹਾਂ ਦੀ ਸ਼ਹੀਦੀ ਉਸੇ ਵੇਲੇ ਨਹੀਂ ਸੀ ਹੋਈ। ਜਿਉਂ ਹੀ ਰੇਲਗੱਡੀ ਰੁਕੀ। ਸੰਗਤਾਂ ਰੇਲ ਗੱਡੀ ਹੇਠਾਂ ਆ ਕੇ ਕੁਚਲੇ ਗਏ ਸਿੰਘਾਂ ਨੂੰ ਵੇਖਣ ਲਈ ਅੱਗੇ ਵਧੀਆਂ, ਮੇਰੇ ਪਤੀ ਗੰਭੀਰ ਰੂਪ ਜ਼ਖ਼ਮੀ ਸਨ। ਉਨ੍ਹਾਂ ਨੇ ਸੰਗਤਾਂ ਨੂੰ ਕਿਹਾ ਕਿ ਪਹਿਲਾਂ ਗੁਰਸਿੱਖ ਕੈਦੀਆਂ ਨੂੰ ਲੰਗਰ ਛਕਾਓ ਫਿਰ ਸਾਡੀ ਸੰਭਾਲ ਕਰਨਾ। ਜੇ ਤੁਸੀਂ ਸਾਨੂੰ ਗੱਡੀ ਹੇਠੋਂ ਕੱਢ ਲਿਆ ਡਰਾਈਵਰ ਫਿਰ ਗੱਡੀ ਚਲਾ ਲਵੇਗਾ ਤੇ ਅਸੀਂ ਆਪਣੇ ਸਿੰਘਾਂ ਨੂੰ ਲੰਗਰ ਨਹੀਂ ਛਕਾ ਸਕਾਂਗੇ।

ਲੰਗਰ ਛਕਾਉਣ ਤੋਂ ਬਾਅਦ ਜ਼ਖ਼ਮੀ ਸਿੰਘਾਂ ਨੂੰ ਗੱਡੀ ਹੇਠੋਂ ਕੱਢਿਆ ਗਿਆ। ਭਾਈ ਕਰਮ ਸਿੰਘ ਕੁਝ ਘੰਟਿਆਂ ਬਾਅਦ ਸਵਾਸ ਛੱਡ ਗਏ ਅਤੇ ਮੇਰੇ ਪਤੀ ਨੇ ਅਗਲੇ ਦਿਨ ਸਵੇਰੇ ਅੰਮ੍ਰਿਤ ਵੇਲੇ ਸਰੀਰ ਛੱਡਿਆ।

ਗਿਆਨੀ ਭਜਨ ਸਿੰਘ : ਕਿਰਪਾ ਕਰਕੇ ਮੈਨੂੰ ਇਸ ਘਟਨਾ ਬਾਰੇ ਹੋਰ ਦੱਸੋ, ਜਦ ਤੁਹਾਡੇ ਪਤੀ ਰੇਲਗੱਡੀ ਹੇਠ ਆ ਕੇ ਜ਼ਖ਼ਮੀ ਹੋਏ ਅਤੇ ਉਨ੍ਹਾਂ ਨੇ ਅਗਲੇ ਦਿਨ ਸਵੇਰੇ ਸਵਾਸ ਤਿਆਗੇ, ਉਸ ਸਮੇਂ ਦੌਰਾਨ ਹੋਰ ਕੀ ਵਾਪਰਿਆ ?

ਬੀਬੀ ਹਰਨਾਮ ਕੌਰ : ਜਦ ਉਨ੍ਹਾਂ ਦੇ ਜ਼ਖ਼ਮੀ ਹੋਣ ਮਗਰੋਂ ਮੈਂ ਉਨ੍ਹਾਂ ਦੇ ਨੇੜੇ ਜਾਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਜੇ ਤੁਸੀਂ ਮੇਰੀ ਧਰਮ ਪਤਨੀ ਹੋ ਤਾਂ ਮੇਰੀ ਹਾਲਤ ਉਪਰ ਰੋਵੋਂ ਨਾ, ਸਗੋਂ ਖ਼ੁਸ਼ ਹੋਵੋ ਕਿ ਮੈਂ ਗੁਰਸਿੱਖੀ ਦੇ ਇਮਤਿਆਲ ਵਿਚੋਂ ਪਾਸ ਹੋ ਗਿਆ ਹਾਂ। ਉਨ੍ਹਾਂ ਦਾ ਜੁਬਾੜਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਸੀ। ਉਹ ਵਾਹਿਗੁਰੂ ਦਾ ਵੀ ਸ਼ੁਕਰਾਨਾ ਕਰ ਰਹੇ ਸਨ ਕਿ ਉਨ੍ਹਾਂ ਦੀ ਲੰਗਰ ਛਕਾਉਣ ਦੀ ਅਰਦਾਸ ਪੂਰੀ ਹੋ ਗਈ।

ਗਿਆਨੀ ਭਜਨ ਸਿੰਘ : ਉਨ੍ਹਾਂ ਦੀ ਜ਼ਿੰਦਗੀ ਬਾਰੇ ਹੋਰ ਵੀ ਕੁਝ ਦੱਸੋ। ਉਹ ਕਿੰਨੇ ਵਰ੍ਹਿਆਂ ਦੇ ਸਨ ?


ਬੀਬੀ ਹਰਨਾਮ ਕੌਰ : ਸ਼ਹੀਦੀ ਵੇਲੇ ਉਹ 24-25 ਸਾਲਾਂ ਦੇ ਹੋਣਗੇ। ਸਾਡੀ ਸ਼ਾਦੀ 4 ਸਾਲ ਪਹਿਲਾਂ ਹੋਈ ਸੀ। ਉਹ ਕੁਝ ਸਮਾਂ ਫੌਜ ਵਿਚ ਵੀ ਰਹੇ ਸਨ। ਉਨ੍ਹਾਂ ਨੂੰ ਕਾਲੀ ਪੱਗ ਬੰਨ੍ਹਣ ਕਰਕੇ ਫੌਜ ਛੱਡਣੀ ਪਈ ਸੀ। ਅਸੀਂ ਫਿਰ ਰਾਵਲਪਿੰਡੀ ਆ ਕੇ ਰਹਿਣਾ ਸ਼ੁਰੂ ਕਰ ਦਿੱਤਾ। ਪੰਜਾ ਸਾਹਿਬ ਗੁਰਦੁਆਰਾ ਮੁਕਤ ਕਰਾਉਣ ਵੇਲੇ ਉਹ ਜਥੇ ਵਿਚ ਸਭ ਤੋਂ ਅੱਗੇ ਸਨ। ਗੁਰਦੁਆਰਾ ਸਾਹਿਬ ਤੋਂ ਮਹੰਤ ਦਾ ਕਬਜ਼ਾ ਹਟਣ ਮਗਰੋਂ ਮੇਰੇ ਪਤੀ ਨੂੰ ਇਸ ਦਾ ਮੈਨੇਜਰ ਤੇ ਸਕੱਤਰ ਬਣਾਇਆ ਗਿਆ। ਉਨ੍ਹਾਂ ਨੇ ਬਿਨਾਂ ਕਿਸੇ ਤਨਖਾਹ ਜਾਂ ਸੇਵਾਫਲ ਦੇ ਨਿਸ਼ਕਾਮ ਸੇਵਾ ਕੀਤੀ। ਉਸ ਵਕਤ ਸਾਨੂੰ ਆਪਣੀਆਂ ਕਈ ਚੀਜ਼ਾਂ ਵੀ ਵੇਚਣੀਆਂ ਪਈਆਂ। ਸਾਡੇ ਕੋਲ ਕੋਈ ਪੈਸਾ ਨਹੀਂ ਸੀ। ਮੇਰੇ ਪਤੀ ਨੇ ਇਸ ਦੀ ਕੋਈ ਪਰਵਾਹ ਨਹੀਂ ਕੀਤੀ। ਜਦੋਂ ਉਹ ਸ਼ਹੀਦ ਹੋਏ, ਉਸ ਵਕਤ ਵੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਕੰਮ ਕਰਦੇ ਸਨ। ਉਨ੍ਹਾਂ ਦੇ ਸ਼ਹੀਦ ਹੋਣ ਤੋਂ ਪਹਿਲਾਂ ਸਾਡੇ ਘਰ ਇਕ ਪੁੱਤਰ ਪੈਦਾ ਹੋਇਆ, ਜੋ 2 ਸਾਲ ਦੀ ਉਮਰ ਵਿਚ ਸਵਰਗਵਾਸ ਹੋ ਗਿਆ। ਉਸ ਦੀ ਮੌਤ ਤੇ ਮੇਰੇ ਪਤੀ ਵਾਹਿਗੁਰੂ ਦੀ ਰਜ਼ਾ ਵਿਚ ਰਹੇ ਅਤੇ ਉਹ ਬਿਲਕੁਲ ਨਹੀਂ ਡੋਲੇ। ਆਪਣੇ ਪੁੱਤਰ ਦੇ ਅੰਤਮ ਸਸਕਾਰ ਸਮੇਂ ਉਨ੍ਹਾਂ ਨੇ ਉਸ ਦਾ ਬਬਾਨ ਕੱਢਿਆ ਅਤੇ ਉਸ ਦੀ ਅਰਥੀ ਸ਼ਮਸ਼ਾਨਘਾਟ ਤੱਕ ਲਿਜਾਣ ਸਮੇਂ ਬੈਂਡ ਪਾਰਟੀ ਬੁਲਾਈ ਗਈ। ਮੇਰੇ ਪਤੀ ਦੀ ਸ਼ਹੀਦੀ ਤੋਂ ਕੁਝ ਮਹੀਨਿਆਂ ਬਾਅਦ ਸਾਡੇ ਘਰ ਦੂਜਾ ਬੱਚਾ ਪੈਦਾ ਹੋਇਆ, ਜੋ ਬੇਟੀ ਸੀ। ਉਸ ਦਾ ਨਾਂ ਜੋਗਿੰਦਰ ਕੌਰ ਰੱਖਿਆ ਗਿਆ।

ਗਿਆਨੀ ਭਜਨ ਸਿੰਘ : ਕੀ ਤੁਹਾਨੂੰ ਪੰਜਾ ਸਾਹਿਬ ਦੇ ਸਾਕੇ ਨਾਲ ਸਬੰਧਤ ਕੋਈ ਘਟਨਾ ਯਾਦ ਹੈ ? ?

ਬੀਬੀ ਹਰਨਾਮ ਕੌਰ : ਰੇਲਗੱਡੀ ਦਾ ਡਰਾਈਵਰ ਪਾਕਿਸਤਾਨ ਦੇ ਗੁਜਰਾਤ ਸ਼ਹਿਰ ਦਾ ਅਰਾਈਂ ਮੁਸਲਮਾਨ ਸੀ। ਮੈਨੂੰ ਹੁਣ ਉਸ ਦਾ ਨਾਮ ਯਾਦ ਨਹੀਂ। ਇਕ ਰਿਟਾਇਰ ਜੱਜ ਵੱਲੋਂ ਉਸ ਦੀ ਜਾਂਚ ਕੀਤੀ ਗਈ ਕਿ ਉਸ ਨੇ ਰੇਲਗੱਡੀ ਕਿਉਂ ਰੋਕੀ ਜਦ ਅਜਿਹਾ ਨਾ ਕਰਨ ਦੇ ਹੁਕਮ ਸਨ। ਉਸ (ਡਰਾਈਵਰ) ਨੇ ਜੱਜਾਂ ਦੇ ਟ੍ਰਿਬਿਊਨਲ ਅੱਗੇ ਜੋ ਬਿਆਨ ਦਿੱਤਾ, ਉਹ ਇਤਿਹਾਸਕ ਤੌਰ 'ਤੇ ਬਹੁਤ ਮਹੱਤਤਾ ਰੱਖਦਾ ਹੈ।

'ਮੈਨੂੰ ਰੇਲ ਗੱਡੀ ਨਾ ਰੋਕਣ ਦੇ ਹੁਕਮ ਸਨ ਤੇ ਰੇਲਗੱਡੀ ਪੂਰੀ ਰਫ਼ਤਾਰ 'ਤੇ ਆ ਰਹੀ ਸੀ ਪਰ ਜਦ ਜੇਲਗੱਡੀ ਪਰਤਾਪ ਸਿੰਘ ਨਾਲ ਟਕਰਾਈ ਤਾਂ ਮੈਨੂੰ ਜਾਪਿਆ ਜਿਵੇਂ ਇਹ ਇਕ ਵੱਡੇ ਪਰਬਤ ਨਾਲ ਟਕਰਾ ਗਈ ਹੋਵੇ ਤੇ ਮੇਰਾ ਹੱਥ ਆਪਣੇ ਆਪ ਸਪੀਡਰ 'ਤੇ ਚਲਾ ਗਿਆ ਤੇ ਰੇਲਗੱਡੀ ਰੁਕ ਗਈ। ਇੰਜਣ ਦੀ ਜਾਂਚ ਤੋਂ ਪਤਾ ਲੱਗਾ ਕਿ ਗੱਡੀ ਦੇ ਬਰੇਕ ਨਹੀਂ ਲਾਏ ਗਏ ਸਨ। ਇਕ ਕੋਈ ਅਦਿੱਖ ਸ਼ਕਤੀ ਸੀ ਜਿਸ ਨੇ ਗੱਡੀ ਰੋਕ ਦਿੱਤੀ।' ਡਰਾਈਵਰ ਨੂੰ ਉਸ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ। ਉਸ ਦੇ ਬਿਆਨ ਨੇ ਇਹ ਸਾਬਤ ਕਰ ਦਿੱਤਾ ਕਿ ਸਤਿਗੁਰ ਨੇ ਖੁਦ ਰੇਲਗੱਡੀ ਰੋਕੀ।

ਸੁਆਲ ਪੈਦਾ ਹੁੰਦਾ ਹੈ ਕਿ ਕੀ ਹੁਣ ਸਾਡੇ ਵਿਚ ਗੁਰਸਿੱਖੀ ਦੀ ਉਹ ਭਾਵਨਾ ਮੌਜੂਦ ਹੈ ? ਇਹ ਸਵਾਲ ਹਰ ਇਕ ਗੁਰਸਿੱਖ ਤੋਂ ਜੁਆਬ ਮੰਗਦਾ ਹੈ।




# ਸਿੱਖ ਰਾਜ ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਕਿਸ਼ਤ - 50

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਬਾਕਬਬਇਸ ਲੜਾਈ ਵਿਚ ਮੁਸਲਮ ਫ਼ੌਜ ਦੀ ਗਿਣਤੀ ਸਿੰਘਾਂ ਨਾਲੋਂ ਕਈ ਗੁਣਾ ਵਧੇਰੇ ਸੀ, ਪਰ ਨੁਕਸਾਨ ਦੋਹਾਂ ਧਿਰਾਂ ਦਾ ਇਕੋ ਜਿਹਾ ਹੋਇਆ।

ਅਬਦਾਲੀ ਦੇ ਹਮਲੇ ਵੇਲੇ ਸਿੰਘਾਂ ਨੇ ਦੁਆਬਾ ਜਲੰਧਰ ਦਾ ਬਹੁਤ ਬੁਰਾ ਹਾਲ ਕੀਤਾ ਸੀ। ਸਰਹਿੰਦ ਤੋਂ ਲਾਹੌਰ ਨੂੰ ਆਉਂਦਾ ਹੋਇਆ ਦੁਰਾਨੀ ਫ਼ੌਜ ਦਾ ਇਕ ਦਸਤਾ ਸਿੰਘਾਂ ਨੇ ਕਰਤਾਰਪੁਰ ਕੋਲ ਕਤਲ ਕਰ ਦਿੱਤਾ ਸੀ।

## ਨਾਸਰ ਅਲੀ ਤੇ ਥੰਮ ਸਾਹਿਬ

ਉਸਦਾ ਬਦਲਾ ਲੈਣ ਵਾਸਤੇ ਜਹਾਨ ਖਾਂ ਨੇ ਜਲੰਧਰ ਨੂੰ ਫ਼ੌਜ ਭੇਜੀ। ਜਲੰਧਰ ਦੇ ਫ਼ੌਜਦਾਰ ਨਾਸਰ ਅਲੀ ਨੇ ਉਸ ਫੌਜ ਦੀ ਮਦਦ ਨਾਲ ' ਕਰਤਾਰਪੁਰ ਨੂੰ ਘੇਰ ਲਿਆ ਤੇ ਸੋਢੀ ਵਡਭਾਗ ਸਿੰਘ ਨੂੰ ਫੜ ਕੇ ਬਹੁਤ ਮਾਰਿਆ। ਰਾਤ ਨੂੰ ਸੋਢੀ ਕਿਸੇ ਢੰਗ ਨਾਲ (ਰਾਖਿਆਂ ਨੂੰ ਵੱਢੀ ਦੇ ਕੇ) ਵੈਰੀ ਦੀ ਕੈਦ ਵਿਚੋਂ ਨਿਕਲ ਕੇ ਪਹਾੜਾਂ ਨੂੰ ਚਲਾ ਗਿਆਂ ਤੇ ਪਿੰਡ ਬਹੋੜੀ (ਜ਼ਿਲਾ ਹੁਸ਼ਿਆਰਪੁਰ) ਵਿਚ ਜਾ ਡੇਰਾ ਲਾਇਆ । ਨਾਸਰ ਅਲੀ ਨੇ ਗੁਰਦੁਆਰਾ ਥੰਮ ਸਾਹਿਬ ਸਾੜ ਦਿੱਤਾ ਤੇ ਉਹਦੇ ਵਿਚ ਗਾਂਈਂ ਮਾਰੀਆਂ, ਸ਼ਹਿਰ ਲੁੱਟ ਲਿਆ ਤੇ ਓਥੋਂ ਦੀਆਂ ਹਿੰਦੂ ਦੇਵੀਆਂ ਫੜ ਕੇ ਮੁਸਲਮਾਨ ਬਣਾ ਲਈਆਂ 1 ਇਹ ਘਟਨਾ ਦਸੰਬਰ, 1757 ਈ। ਦੀ ਹੈ।

ਇਹ ਖ਼ਬਰ ਸੁਣ ਕੇ ਸਿੰਘ ਭੜਕ ਉਠੇ। ਸਿੰਘਾਂ ਦਾ ਇਕ ਜੱਥਾ ਪਹਾੜਾਂ ਤੋਂ ਉਤਰਿਆ ਤੇ ਜਲੰਧਰ ਵੱਲ ਵਧਿਆ। ਸ਼ਮਸ ਖਾਂ ਬਿਜਵਾੜਾ, ਸੌਦੇ ਖਾਂ ਟਾਂਡਾ, ਜਾਫ਼ਰ ਖਾਂ ਹੁਸ਼ਿਆਰਪੁਰ, ਪੈਂਦੇ ਖਾਂ ਬੱਸੀ ਵਾਲਾ ਆਦਿ ਚੌਧਰੀਆਂ ਤੇ ਫ਼ੌਜਦਾਰਾਂ ਨੂੰ ਨਾਲ ਲੈ ਕੇ ਨਾਸਰ ਅਲੀ ਜਲੰਧਰੀਏ ਨੇ ਸਿੰਘਾਂ ਨੂੰ ਜਾਂ ਰੋਕਿਆ। ਆਦਮਪੁਰ ਕੋਲ ਲੜਾਈ ਹੋਈ, ਜਿਸ ਵਿਚ ਸੈਦੇ ਖਾਂ ਤੇ ਜਾਫ਼ਰ ਖਾਂ ਮਾਰੇ ਗਏ। ਸਿੰਘਾਂ ਨੇ ਵੇਖਿਆ, ਕਿ ਵੈਰੀ ਦੀ ਗਿਣਤੀ ਵਧੇਰੇ ਹੈ, ਤਾਂ ਉਹ ਸਮਾਂ ਵਿਚਾਰ ਕੇ ਰਾਤ ਨੂੰ ਚਲੇ ਗਏ।

## ਆਦਮ ਪੁਰ ਦੀ ਲੜਾਈ

ਅਦੀਨਾ ਬੇਗ ਤੇ ਵਡਭਾਗ ਸਿੰਘਦਾ ਮੇਲ ਪਹਾੜਾਂ ਵਿਚ ਅਦੀਨਾ ਬੇਗ ਨੇ ਸੋਢੀ ਵਡਭਾਗ ਸਿੰਘ ਨੂੰ ਮਿਲ ਕੇ ਬੇਨਤੀ ਕੀਤੀ, ਸਿੰਘ ਕਿ ਆਪ ਦਲ ਖ਼ਾਲਸਾ ਨੂੰ ਮੇਰੀ ਮਦਦ ਕਰਨ ਵਾਸਤੇ ਕਹੋ। ਮੈਂ ਦਾਰੂ ਸਿੱਕਾ ਤੇ ਖ਼ਰਚ ਵਾਸਤੇ ਭੇਟਾ ਕਰਾਂਗਾ। ਏਸ ਤਰਾਂ ਆਪ ਥੰਮ ਸਾਹਿਬ ਦਾ ਬਦਲਾ ਲੈ ਸਕੋਗੇ ਤੇ ਮੈਂ ਦੁਰਾਨੀ ਕੋਲੋਂ ਆਪਣਾ ਇਲਾਕਾ ਵਾਪਸ ਲੈ ਸਕਾਂਗਾ।

## ਅਦੀਨਾ ਬੇਗ ਪੰਥ ਦੀ ਸ਼ਰਨ

ਜੱਸਾ ਸਿੰਘ ਆਹਲੂਵਾਲੀਏ ਰਾਹੀਂ ਦਲ ਖ਼ਾਲਸੇ ਨੂੰ ਨਾਲ ਗੰਢ ਲਿਆ। ਅਦੀਨਾ ਬੇਗ ਨੇ ਪੰਥ ਦੇ ਸਾਮਣੇ ਨਜ਼ਰਾਨਾ ਤੇ ਕੜਾਹ ਪਰਸਾਦ ਦੀ ਦੇਗ ਧਰੀ ਤੇ ਸਿੰਘਾਂ ਦੇ ਇਲਾਕੇ ਵਿਚ ਲੁੱਟ ਦਾ ਹੱਕ ਮੰਨ ਲਿਆ।'ਮੈੜੀ' ਪਿੰਡ ਕੋਲ ਅਦੀਨਾ ਬੇਗ ਦੀ ਫ਼ੌਜ ਖ਼ਾਲਸਾ ਦਲ ਨਾਲ ਆ ਮਿਲੀ। ਸ: ਜੱਸਾ ਸਿੰਘ ਨੇ ਅਦੀਨਾ ਬੇਗ ਦੇ ਸਿਰ ਵਿਚ ਹਰੀ ਕਣਕ ਤੋੜ ਕੇ ਨਸ਼ਾਨੀ ਵਜੋਂ ਟੰਗ ਦਿੱਤੀ ਤੇ ਕਿਹਾ, ਕਿ ਤੇਰੀ ਸਾਰੀ ਫ਼ੌਜ ਹਰੀ ਕਣਕ ਟੰਗ ਲਵੇ, ਤਾਕਿ ਯੁੱਧ ਵਿਚ ਸਿੰਘ ਤੇਰੇ ਸਿਪਾਹੀਆਂ ਦੀ ਪਛਾਣ ਕਰ ਸਕਣ।

## ਦੁਰਾਨੀ ਫ਼ੌਜ ਨਾਸਰ ਅਲੀ ਦੀ ਮਦਦ ਉੱਤੇ

ਇਹ ਖ਼ਬਰਾਂ ਲਾਹੌਰ ਪੁੱਜੀਆਂ, ਤਾਂ ਜਹਾਨਖਾਂ ਨੇ ਨਾਸਰ ਅਲੀ ਦੀ ਮਦਦ ਵਾਸਤੇ ਮੁਰਾਦ ਖਾਂ ਤੇ ਸਰਬੁਲੰਦ ਖਾਂ-ਦੁਰਾਨੀ ਫ਼ੌਜ ਸਣੇ-ਭੇਜੇ ਨਾਲ ਹੀ ਅਦੀਨਾ ਬੇਗ ਨੂੰ ਸੁਨੇਹਾ ਭੇਜਿਆ, ਕਿ ਲੜਨ ਦੀ ਥਾਂ ਸਿੱਖਾਂ ਦਾ ਸਾਥ ਛੱਡ ਕੇ ਮੇਰੇ ਕੋਲ ਲਾਹੌਰ ਆ ਜਾ, ਤਾਂ ਮੈਂ ਛੱਤੀ ਲੱਖ ਸਾਲਾਨਾ ਬਦਲੇ ਤੈਨੂੰ ਜਲੰਧਰ ਦਾ ਇਲਾਕਾ ਦੇਣ ਨੂੰ ਤਿਆਰ ਹਾਂ। ਅਦੀਨਾ ਬੇਗ ਨੂੰ ਦੁਰਾਨੀਆਂ ਵੱਲੋਂ ਚੰਗੇ ਸਲੂਕ ਦੀ ਆਸ ਨਹੀਂ ਸੀ, ਸੋ ਸਮਝੌਤਾ ਨਾ ਹੋਇਆ। ਜਹਾਨ ਖਾਂ ਦਾ ਹੁਕਮ ਪਾ ਕੇ ਸਦੀਕ ਬੇਗ, ਖ਼ਵਾਜਾ ਮਿਰਜ਼ਾ ਖਾਂ ਤੇ ਰਾਜਾ ਭੂਪ ਸਿੰਘ ਵੀ ਨਾਸਰ ਅਲੀ ਦੀ ਮਦਦ ਵਾਸਤੇ ਪਹੁੰਚ ਗਏ ।

## ਲੜਾਈ ਵਿਚ ਨਾਸਰ ਅਲੀ ਹਾਰ ਗਿਆ

ਅਦੀਨਾਬੇਗ ਤੇ ਦਲ ਖ਼ਾਲਸਾ ਨੇ ਨਾਸਰ ਅਲੀ ਦੀਆਂ ਫ਼ੌਜਾਂ ਉੱਤੇ ਹੱਲਾ ਕੀਤਾ। ਸਾਰਾ ਦਿਨ ਦੀ ਲਹੂ ਡੋਲਵੀਂ ਲੜਾਈ ਪਿਛੋਂ, ਰਾਤ ਨੂੰ ਨਾਸਰ ਅਲੀ ਤੇ ਉਹਦੇ ਸਾਥੀ ਜਰਨੈਲ ਜਲੰਧਰ ਆ ਵੜੇ। ਸਿੰਘਾਂ ਨੇ ਦੁਰਾਨੀਆਂ ਦਾ ਡੇਰਾ ਲੁੱਟ ਲਿਆ। ਅਦੀਨਾ ਬੇਗ ਨੇ ਆਪਣੇ ਸਿਪਾਹੀਆਂ ਨੂੰ ਲੁੱਟ ਵਿਚ ਹਿੱਸਾ ਨਾ ਲੈਣ ਦਿੱਤਾ, ਕਿ ਕਿਤੇ ਸਿੰਘਾਂ ਨਾਲ ਲੜਾਈ ਨਾ ਹੋ ਪਵੇ। ਅਗਲੇ ਦਿਨ ਸਿੰਘਾਂ ਨੇ ਜਲੰਧਰ ਉੱਤੇ ਹੱਲਾ ਕੀਤਾ।

## ਨਾਸਰ ਅਲੀ ਦੀ ਮੌਤ

ਸਰਬੁਲੰਦ ਖਾਂ ਤੇ ਮੁਰਾਦ ਖਾਂ ਰਾਤ ਹੀ ਲਾਹੌਰ ਨੂੰ ਨੱਸ ਗਏ ਸਨ। ਦਿਨੇ ਨਾਸਰ ਅਲੀ ਨੱਸਣ ਲੱਗਾ, ਤਾਂ ਸਿੰਘਾਂ ਦੇ ਕਾਬੂ ਆ ਗਿਆ। ਉਹਨੇ ਥੰਮ ਸਾਹਿਬ ਗੁਰਦੁਆਰਾ ਸਾੜਿਆ ਤੇ ਓਥੇ ਗਾਂ ਮਾਰੀ ਸੀ। ਸਿੱਖਾਂ ਨੇ ਨਾਸਰ ਅਲੀ ਦੇ ਮੂੰਹ ਵਿਚ ਸੂਰ ਦਾ ਮਾਸ ਦਿੱਤਾ ਤੇ ਜਿਉਂਦੇ ਨੂੰ ਅੱਗ ਵਿਚ ਸਾੜ ਦਿੱਤਾ। ਸਾਰਾ ਸ਼ਹਿਰ ਲੁੱਟ ਲਿਆ। ਹਿੰਦੂ ਦੇਵੀਆਂ ਮੁਸਲਮਾਨਾਂ ਦੇ ਘਰਾਂ ਤੋਂ ਕੱਢ ਕੇ ਵਾਪਸ ਘਰੀਂ ਪੁਚਾਈਆਂ। ਅਦੀਨਾ ਬੇਗ ਨੇ ਜਿੱਤ ਦੀ ਖ਼ੁਸ਼ੀ ਵਿਚ ਸਵਾ ਲੱਖ ਰੁਪੈ ਨਜ਼ਰਾਨਾ ਤੇ ਇਕ ਹਜ਼ਾਰ ਦੇਗ ਵਾਸਤੇ ਸਿੰਘਾਂ ਦੀ ਭੇਟਾ ਧਰਿਆ। ਇਹ ਘਟਨਾ ਦਸੰਬਰ (1757) ਦੇ ਅਖ਼ੀਰ ਵਿਚ ਹੋਈ।

ਸਿੱਖਾਂ ਤਾਂ ਆਪਣਾ ਕੰਮ ਭੁਗਤਾ ਦਿੱਤਾ, ਪਰ ਅਦੀਨਾ ਬੇਗ ਦਾ ਹੌਂਸਲਾਨਾ ਪਿਆ, ਕਿ ਉਹ ਦੁਆਬਾ ਜਲੰਧਰ ਉੱਤੇ ਕਬਜ਼ਾ ਕਰ ਸਕੇ। ਉਹ ਜਹਾਨ ਖਾਂ ਤੋਂ ਡਰਦਾ

## ਅਦੀਨਾ ਬੇਗ ਨਾਲਾਗੜ੍ਹ ਚਲਾ ਗਿਆ

ਨਾਲਾ ਗੜ ਨੂੰ ਨੱਸ ਗਿਆ। ਜਹਾਨ ਖਾਂ ਨੇਜਲੰਧਰ ਦਾ ਸੂਬੇਦਾਰ ਸਰਫ਼ਰਾਜ਼ ਖਾਂ ਨੂੰਬਣਾ ਦਿੱਤਾ। ਦਿੱਲੀ ਵਿਚ ਉਸ ਵੇਲੇ ਦੇ ਬਲਵਾਨ ਹਾਕਮ ਸਨ :

## ਗ਼ਾਜ਼ੀਉੱਦੀਨ ਨੇ ਮਰਹੱਟੇ ਸੱਦ ਲਏ

ਗਾਜ਼ੀਉੱਦੀਨ ਵਜ਼ੀਰ ਤੇ ਨਜੀਬੁੱਦੌਲਸੈਨਾਪਤੀ। ਬਾਦਸ਼ਾਹ ਕੇਵਲ ਕਾਠ ਦੀ ਪੁਤਲੀ ਸੀ। ਵਜ਼ੀਰ ਤੇ ਸੈਨਾਪਤੀ ਦੀ ਆਪਸਵਿਚ ਬੜੀ ਲਗਦੀ ਸੀ। ਵਜ਼ੀਰ ਨੇ ਆਪਣੀ ਮਦਦ ਵਾਸਤੇ ਮਰਹੱਟੇ ਸੱਦ ਲਏ। ਟਾਕਰੇ ਦੀ ਸਮਰਥਾ ਨਾ ਸਮਝ ਕੇ ਨਜੀਬੁੱਦੌਲਾ ਰੁਹੇਲਾ ਦਿੱਲੀ 'ਚੋ ਨੱਸਕੇ ਨਜੀਬਗੜ ਜਾ ਵੜਿਆ। ਮਰਹੱਟਿਆਂ ਨੇ ਦਿੱਲੀ ਉੱਤੇ ਕਬਜ਼ਾ ਕਰ ਲਿਆ। ਬਾਦਸ਼ਾਹ ਤੇ ਵਜ਼ੀਰ ਮਰਹੱਟਿਆਂ ਦੇ ਆਸਰੇ !ਤੇ ਰਹਿ ਗਏ।

• ਬਾਕੀ ਅਗਲੇ ਅੰਕ ਵਿਚ

---



# ਮੇਰੀ ਪੱਗ ਬਾਰੇ ਸਵਾਲ

ਲੇਖਕ : ਸੁਰਿੰਦਰ ਨਾਗਰਾ
ਸੰਪਰਕ: 98786-46595

ਪੱਗ ਸਾਡੇ ਪੰਜਾਬੀਆਂ ਦੀ ਸ਼ਾਨ ਹੈ। ਪੰਜਾਬ ਦੇ ਕੁਝ ਹਿੱਸਿਆਂ ਵਿੱਚ ਇਸ ਨੂੰ ਪਗੜੀ ਜਾਂ ਸਾਫਾ ਵੀ ਕਿਹਾ ਜਾਂਦਾ ਹੈ ਪਰ ਮਾਲਵੇ ਵਿੱਚ ਇਸ ਨੂੰ ਪੱਗ ਹੀ ਕਿਹਾ ਜਾਂਦਾ ਹੈ। ਸਿਰ ਉੱਤੇ ਬੰਨ੍ਹੀ ਪੱਗ ਸਨਮਾਨਦਾਇਕ ਚਿੰਨ੍ਹ ਹੈ। ਦਰਅਸਲ, ਪੰਜਾਬੀਆਂ ਦੀ ਪਛਾਣ ਹੀ ਪੱਗ ਹੈ। ਦੇਸ਼ ਦੇ ਹਰੇਕ ਸੂਬੇ ਵਿੱਚ ਧਾਰਮਿਕ ਪ੍ਰੋਗਰਾਮਾਂ, ਵਿਆਹ ਸ਼ਾਦੀਆਂ ਅਤੇ ਪੰਚਾਇਤ ਵਿੱਚ ਪੱਗ ਬੰਨ੍ਹ ਕੇ ਸ਼ਾਮਿਲ ਹੋਣਾ ਪੈਂਦਾ ਹੈ। ਵਿਆਹ ਵੇਲੇ ਲਾੜੇ ਦੇ ਸਿਰ 'ਤੇ ਸਤਿਕਾਰ ਸਹਿਤ ਪੱਗ ਹੀ ਬੰਨ੍ਹੀ ਜਾਂਦੀ ਹੈ।

ਬਹੁਤ ਸਾਰੇ ਅਜਿਹੇ ਤਿੱਥ ਤਿਉਹਾਰ ਹਨ ਜਿਨ੍ਹਾਂ ਵਿੱਚ ਪੱਗ ਖਾਸ ਤੌਰ 'ਤੇ ਸਜਾਈ ਜਾਂਦੀ ਹੈ ਜਿਵੇਂ ਵਿਸਾਖੀ, ਦਸਹਿਰਾ, ਦੀਵਾਲੀ ਆਦਿ। ਪੱਗ ਬੰਨ੍ਹਣ ਵਾਸਤੇ ਕਿਸੇ ਖ਼ਾਸ ਧਰਮ ਦਾ ਕੋਈ ਮਸਲਾ ਨਹੀਂ ਹੁੰਦਾ। ਇਸ ਨੂੰ ਸਾਰੇ ਧਰਮਾਂ ਵਾਲੇ ਪਹਿਨਦੇ ਹਨ, ਕੀ ਹਿੰਦੂ, ਕੀ ਸਿੱਖ, ਕੀ ਮੁਸਲਮਾਨ, ਸਭ ਇਸ ਦਾ ਸਤਿਕਾਰ ਕਰਦੇ ਹਨ। ਪੁਰਾਣੇ ਸਮਿਆਂ ਵਿੱਚ ਇਸ ਨੂੰ ਟਸਰੀ ਵੀ ਕਿਹਾ ਜਾਂਦਾ ਸੀ ਪਰ ਇਹ ਸ਼ਬਦ ਹੌਲੀ ਹੌਲੀ ਲੋਪ ਹੋ ਗਿਆ। ਸਿੱਖ ਧਰਮ ਵਿੱਚ ਇਸ ਨੂੰ ਦਸਤਾਰ ਕਿਹਾ ਜਾਂਦਾ ਹੈ। ਕਿਸੇ ਵੀ ਸੰਸਥਾ ਦਾ ਮੁਖੀ ਜਾਂ ਕਿਸੇ ਵੀ ਧਰਮ ਦਾ ਪ੍ਰਮੁੱਖ ਸਥਾਪਿਤ ਕਰਨ ਵੇਲੇ ਉਸ ਦੀ ਦਸਤਾਰਬੰਦੀ ਕੀਤੀ ਜਾਂਦੀ ਹੈ, ਇਸ ਨਾਲ ਦਸਤਾਰ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ।

ਸਦੀਆਂ ਤੋਂ ਮਨੁੱਖ ਦਾੜ੍ਹੀ ਕੇਸ ਰੱਖਦਾ ਆਇਆ ਹੈ। ਇਸ ਦੇ ਨਾਲ-ਨਾਲ ਪਗੜੀ ਵੀ ਬੰਨ੍ਹਦਾ ਆਇਆ ਹੈ। ਟੀਵੀ ਦੇ ਧਾਰਮਿਕ ਲੜੀਵਾਰਾਂ ਵਿੱਚ ਰਿਸ਼ੀਆਂ ਮੁਨੀਆਂ ਦੇ ਅਕਸਰ ਦਾੜ੍ਹੀ ਕੇਸ ਦੇਖਦੇ ਹਾਂ। ਵੇਦ ਸ਼ਾਸਤਰਾਂ ਵਿੱਚ ਵੀ ਪਗੜੀ ਦਾ ਵਰਣਨ ਆਉਂਦਾ ਹੈ। ਰਾਜਾ ਤਾਜ ਪਹਿਨਦਾ ਸੀ ਤੇ ਪਰਜਾ ਪੱਗ ਬੰਨ੍ਹਦੀ ਸੀ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਤੋਂ ਬਾਅਦ ਪੱਗ ਬੰਨ੍ਹਣ ਦਾ ਮਹੱਤਵ ਵਧਦਾ ਗਿਆ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਸਾਜਣ ਉਪਰੰਤ ਸਿਰ 'ਤੇ ਦਸਤਾਰ ਸਜਾਉਣਾ ਹੋਰ ਵੀ ਜ਼ਰੂਰੀ ਹੋ ਕੇ ਸਾਡੀ ਮਰਿਆਦਾ ਵਿੱਚ ਸ਼ਾਮਿਲ ਹੋ ਗਿਆ। ਮੈਂ ਜਦੋਂ ਚੰਡੀਗੜ੍ਹ ਸਰਕਾਰੀ ਕਾਲਜ ਵਿੱਚ ਦਾਖ਼ਲਾ ਲਿਆ, ਉੱਥੇ ਮੇਰੇ ਪੱਗ ਬੰਨ੍ਹਣ ਤੇ ਸਰਦਾਰ ਹੋਣ ਬਾਰੇ ਪੁੱਛਿਆ ਗਿਆ। ਜਦੋਂ ਪੜ੍ਹਾਈ ਮਗਰੋਂ ਮੈਂ ਬੈਂਕ ਦੀ ਨੌਕਰੀ ਲਈ ਇੰਟਰਵਿਊ ਦੇਣ ਗਿਆ ਤਾਂ ਉਹੀ ਸਵਾਲ ਫਿਰ ਪੁੱਛਿਆ ਗਿਆ। ਮੈਂ ਜੁਆਬ ਦੇਣ ਵੇਲੇ ਬੜਾ ਸ਼ਸ਼ੋਪੰਜ ਵਿੱਚ ਰਹਿੰਦਾ ਕਿਉਂਕਿ ਮੇਰੇ ਪਿੰਡ ਦੇ ਸਾਰੇ ਮਹਾਜਨ, ਬ੍ਰਾਹਮਣ, ਖੱਤਰੀ, ਮੁਸਲਮਾਨ ਤੇ ਹੋਰ ਤਕਰੀਬਨ ਸਭ ਦਾੜ੍ਹੀ ਕੇਸ ਰੱਖਦੇ ਅਤੇ ਪੱਗਾਂ ਬੰਨ੍ਹਦੇ ਸਨ। ਮੇਰੇ ਪਰਿਵਾਰ ਵਿੱਚ ਵੀ ਸਾਰੇ ਕੇਸਾਧਾਰੀ ਹੋਣ ਕਰਕੇ ਪੱਗ ਬੰਨ੍ਹਦੇ ਸਨ। ਇਸ ਕਰਕੇ ਮੇਰੇ ਵੀ ਜਨਮ ਤੋਂ ਹੀ ਸਿਰ ਦੇ ਵਾਲ ਰੱਖੇ ਗਏ ਤੇ ਪੰਜਵੀਂ ਛੇਵੀਂ 'ਚ ਜਾ ਕੇ ਮੈਂ ਟੇਢੀ ਮੇਢੀ ਪੱਗ ਬੰਨ੍ਹਣ ਲੱਗ ਪਿਆ। ਹੌਲੀ ਹੌਲੀ ਉਸ ਵਿੱਚ ਸੁਧਾਰ ਹੁੰਦਾ ਗਿਆ ਤੇ ਮੈਂ ਬਹੁਤ ਵਧੀਆ ਪੱਗ ਬੰਨ੍ਹਣ ਲੱਗਿਆ। ਮੇਰਾ ਨਾਂ ਸੁਰਿੰਦਰ ਸ਼ਰਮਾ ਹੋਣ ਕਰਕੇ ਤੇ ਪੱਗ ਬੰਨ੍ਹੀ ਹੋਣ ਕਰਕੇ ਹਰ ਜਗ੍ਹਾ ਦੱਸਣਾ ਪੈਂਦਾ ਸੀ। ਫਿਰ ਮੈਂ ਇਸ ਬਾਰੇ ਘੋਖ ਕੀਤੀ। ਆਪਣੇ ਦਾਦਾ ਜੀ ਨੂੰ ਪੁੱਛਿਆ ਤੇ ਆਪਣੇ ਪਿੰਡ ਦੇ ਇੱਕ ਦੋ ਬਜ਼ੁਰਗਾਂ ਤੋਂ ਇਸ ਬਾਰੇ ਜਾਣਕਾਰੀ ਲਈ। ਫਿਰ ਮੈਂ ਜੁਆਬ ਦੇਣ ਲਈ ਪਰਪੱਕ ਹੋ ਗਿਆ ਬਈ ਹੁਣ ਨਹੀਂ ਸ਼ਸ਼ੋਪੰਜ ਵਿੱਚ ਪੈਂਦਾ, ਵਧੀਆ ਜੁਆਬ ਦਿਆਂਗਾ।

ਚੀਫ ਮੈਨੇਜਰ ਵਜੋਂ ਮੇਰੀ ਪ੍ਰਮੋਸ਼ਨ ਲਈ ਇੰਟਰਵਿਊ ਦਿੱਲੀ ਮੁੱਖ ਦਫ਼ਤਰ ਵਿੱਚ ਹੋਣੀ ਸੀ। ਇੰਟਰਵਿਊ ਵਕਤ ਬੈਂਕ ਦੇ ਕਾਫ਼ੀ ਸੀਨੀਅਰ ਅਫਸਰ ਇੰਟਰਵਿਊ ਲੈਣ ਲਈ ਬੈਠੇ ਸਨ। ਇੱਕ ਤੋਂ ਬਾਅਦ ਇੱਕ ਨੇ ਦਫ਼ਤਰ ਸਬੰਧੀ ਸਵਾਲ ਪੁੱਛੇ। ਮੈਂ ਪੁੱਛੇ ਗਏ ਸਵਾਲਾਂ ਦੇ ਜੁਆਬ ਦੇ ਦਿੱਤੇ। ਉਨ੍ਹਾਂ ਵਿੱਚ ਬੈਠੇ ਜਨਰਲ ਮੈਨੇਜਰ ਸ੍ਰੀ ਸੂਰਯ ਨਰਾਇਣ ਮੇਰੇ ਵੱਲ ਬੜੇ ਧਿਆਨ ਨਾਲ ਵੇਖ ਰਹੇ ਸਨ। ਸਾਰਿਆਂ ਦੇ ਸਵਾਲ ਪੁੱਛ ਹਟਣ ਮਗਰੋਂ ਉਨ੍ਹਾਂ ਮੈਨੂੰ ਉਹੀ ਸਵਾਲ ਪੁੱਛਿਆ, ਜਿਸ ਬਾਰੇ ਮੈਨੂੰ ਜਾਪਦਾ ਸੀ ਕਿ ਜ਼ਰੂਰ ਪੁੱਛਣਗੇ। ਉਨ੍ਹਾਂ ਪੁੱਛਿਆ, "ਸ਼ਰਮਾ ਜੀ! ਹੋ ਤੁਸੀਂ ਸੁਰਿੰਦਰ ਕੁਮਾਰ ਸ਼ਰਮਾ, ਪਰ ਹੋ ਤੁਸੀਂ ਸਰਦਾਰ ਤੇ ਪਗੜੀ ਬੰਨ੍ਹੀ ਹੋਈ ਹੈ। ਇਸ ਦਾ ਕੀ ਕਾਰਨ ਹੈ?"

ਮੈਂ ਫਿਰ ਉਨ੍ਹਾਂ ਨੂੰ ਪੂਰੇ ਠਰੰਮੇ ਨਾਲ ਨਿਧੜਕ ਹੋ ਕੇ ਜੁਆਬ ਦਿੱਤਾ, "ਸਰ! ਮੈਂ ਪੰਜਾਬ ਦੇ ਮਾਲਵਾ ਇਲਾਕੇ ਨਾਲ ਸਬੰਧ ਰੱਖਦਾ ਹਾਂ ਜਿਹੜਾ ਪਟਿਆਲਾ ਤੋਂ ਲੈ ਕੇ ਫਿਰੋਜ਼ਪੁਰ ਤੱਕ ਸਤਲੁਜ ਦਰਿਆ ਦੇ ਚੜ੍ਹਦੇ ਪਾਸੇ ਤੱਕ ਫੈਲਿਆ ਹੋਇਆ ਹੈ। ਕਿਸੇ ਸਮੇਂ ਇਸ ਨੂੰ ਪੈਪਸੂ ਵੀ ਕਿਹਾ ਜਾਂਦਾ ਸੀ। ਪੈਪਸੂ (ਫਓਫਸ਼ੁ) ਦਾ ਅਰਥ ਹੈ ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ। ਇਸ ਵਿੱਚ ਪੰਜ ਰਿਆਸਤਾਂ, ਪਟਿਆਲਾ, ਨਾਭਾ, ਸੰਗਰੂਰ, ਮਾਲੇਰਕੋਟਲਾ ਤੇ ਫ਼ਰੀਦਕੋਟ ਸ਼ਾਮਲ ਸਨ। ਸਾਰੇ ਮਾਲਵੇ ਦੇ ਲੋਕ ਭਾਵੇਂ ਉਹ ਕਿਸੇ ਜਾਤ ਜਾਂ ਧਰਮ ਨਾਲ ਸਬੰਧ ਰੱਖਦੇ ਹੋਣ, ਦਾੜ੍ਹੀ-ਕੇਸ ਰੱਖਦੇ ਅਤੇ ਪੱਗ ਬੰਨ੍ਹਦੇ ਹਨ। ਇਸ ਦੇ ਦੋ ਕਾਰਨ ਹਨ: ਇੱਕ ਤਾਂ ਮੁਗ਼ਲਾਂ ਦੇ ਅੱਤਿਆਚਾਰ ਦਾ ਮੁਕਾਬਲਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਜਾਏ ਖ਼ਾਲਸਾ ਦੀ ਮਰਿਆਦਾ ਦਾ ਪਾਲਣ ਕਰਨਾ, ਇਸ ਦਾ ਬਹੁਤ ਤੇਜ਼ੀ ਨਾਲ ਅਸਰ ਹੋਇਆ। ਦੂਜਾ ਰਿਆਸਤਾਂ ਹੋਣ ਕਰਕੇ ਰਾਜ ਦਰਬਾਰ ਦੇ ਜ਼ਿਆਦਾਤਰ ਨੁਮਾਇੰਦੇ ਪਗੜੀਧਾਰੀ ਹੁੰਦੇ ਸਨ। ਇਸ ਪਰੰਪਰਾ ਅਨੁਸਾਰ ਸਾਰੇ ਲੋਕ ਇਸ ਮਰਿਆਦਾ ਦਾ ਪਾਲਣ ਕਰਨ ਲੱਗੇ। ਇਸ ਦੇ ਨਤੀਜੇ ਵਜੋਂ ਸਦੀਆਂ ਬਾਅਦ ਅਸੀਂ ਵੀ ਉਹ ਰਵਾਇਤ ਨਿਭਾਉਂਦਿਆਂ ਪੱਗ ਬੰਨ੍ਹਣ ਲੱਗ ਪਏ।" ਮੇਰਾ ਜੁਆਬ ਸੁਣ ਕੇ ਸਾਰੇ ਅਫ਼ਸਰ ਹੈਰਾਨ ਰਹਿ ਗਏ। ਇੰਟਰਵਿਊ ਦਾ ਨਤੀਜਾ ਜੋ ਵੀ ਹੋਇਆ ਪਰ ਮੈਂ ਸਫ਼ਲ ਉਮੀਦਵਾਰ ਵਾਂਗ ਹੌਸਲੇ ਨਾਲ ਬਾਹਰ ਆ ਗਿਆ।



# ਬਾਲ ਸੰਸਾਰ

## ਕਿਸੇ ਦੀ ਰੀਸ ਨਾ ਕਰੋ

ਇੱਕ ਦਿਨ ਜੰਗਲ ਵਿੱਚ ਸ਼ੇਰ ਤੇ ਸ਼ੇਰਨੀ ਬੈਠੇ ਆਪਸ ਵਿੱਚ ਕਲੋਲਾਂ ਕਰ ਰਹੇ ਸਨ। ਇਹ ਸਭ ਕੁਝ ਉੱਥੇ ਨੇੜੇ ਹੀ ਛੁਪ ਕੇ ਬੈਠਾ ਗਿੱਦੜ ਦੇਖ ਰਿਹਾ ਸੀ। ਇੰਨੇ ਨੂੰ ਸ਼ੇਰਨੀ ਨੇ ਸ਼ੇਰ ਨੂੰ ਕਿਹਾ "ਪਿਆਰੇ ਸ਼ੇਰ, ਮੈਨੂੰ ਖਾਣ ਲਈ ਕੋਈ ਵਸਤੂ ਲਿਆ ਦੇ, ਮੈਨੂੰ ਬਹੁਤ ਭੁੱਖ ਲੱਗੀ ਹੋਈ ਹੈ।"

ਸ਼ੇਰਨੀ ਦੇ ਕਹਿਣ ਦੀ ਦੇਰ ਸੀ ਕਿ ਸ਼ੇਰ ਇਕਦਮ ਖੜ੍ਹਾ ਹੋ ਗਿਆ ਤੇ ਇੱਕ ਦੋ ਵਾਰੀ ਆਪਣੀ ਪੂੰਛ ਉੱਪਰ ਨੂੰ ਖੜ੍ਹੀ ਕੀਤੀ ਤੇ ਇੱਕ ਦੋ ਵਾਰੀ ਬੜੇ ਜ਼ੋਰ ਦੀ ਦਹਾੜਿਆ ਤੇ ਅੱਖਾਂ ਦੇ ਡੋਰੇ ਲਾਲ ਕਰਕੇ ਬੋਲਿਆ "ਦੇਖੀਂ ਸ਼ੇਰਨੀ, ਮੇਰੀ ਤੋਰ ਭਾਰੀ ਹੈ, ਅੱਖਾਂ ਲਾਲ ਹਨ ਤੇ ਕੀ ਪੂੰਛ ਖੜ੍ਹੀ ਹੈ ?" ਸ਼ੇਰਨੀ ਨੇ ਇਹ ਦੇਖ ਕੇ 'ਹਾਂ' ਕਹਿ ਦਿੱਤੀ। ਫਿਰ ਸ਼ੇਰ ਜੰਗਲ ਦੇ ਅੰਦਰ ਨੂੰ ਚਲਾ ਗਿਆ।

ਸ਼ੇਰ ਨੇ ਕੁਝ ਪਲਾਂ ਦੇ ਅੰਦਰ ਹੀ ਇੱਕ ਹਿਰਨ ਦੇ ਬੱਚੇ ਦਾ ਸ਼ਿਕਾਰ ਕਰ ਲਿਆ ਤੇ ਵਾਹੋ-ਦਾਹੀ ਦਹਾੜਾਂ ਮਾਰਦਾ ਹੋਇਆ ਸ਼ਿਕਾਰ ਆਪਣੀ ਸ਼ੇਰਨੀ ਦੇ ਅੱਗੇ ਖਾਣ ਨੂੰ ਰੱਖ ਦਿੱਤਾ। ਸ਼ੇਰਨੀ ਬਹੁਤ ਖ਼ੁਸ਼ ਹੋਈ ਕਿ ਉਸ ਨੇ ਛੇਤੀ ਹੀ ਸ਼ਿਕਾਰ ਮਾਰ ਕੇ ਲੈ ਆਂਦਾ। ਸ਼ੇਰਨੀ ਨੇ ਹਿਰਨ ਦੇ ਬੱਚੇ ਦਾ ਮਾਸ ਖਾ ਕੇ ਕਿਹਾ "ਪਿਆਰੇ ਸ਼ੇਰ, ਮੈਨੂੰ ਅੱਜ ਮਾਸ ਖਾ ਕੇ ਬੜਾ ਸੁਆਦ ਆਇਆ ਹੈ।" ਸ਼ੇਰਨੀ ਇਹ ਕਹਿ ਕੇ ਆਪਣੇ ਘੁਰਨੇ ਵਿੱਚ ਚਲੀ ਗਈ।

ਇਹ ਸਭ ਕੁਝ ਦੇਖ ਕੇ ਗਿੱਦੜ ਕਾਫ਼ੀ ਹੈਰਾਨ ਹੋਇਆ ਤੇ ਆਪਣੇ ਘੁਰਨੇ ਵੱਲ ਚੱਲ ਪਿਆ। ਉੱਥੇ ਜਾ ਕੇ ਜੋ ਕੁਝ ਉਸ ਨੇ ਵੇਖਿਆ ਸੀ ਉਹ ਸਭ ਕੁਝ ਆਪਣੀ ਗਿੱਦੜੀ ਨੂੰ ਦੱਸ ਕੇ ਕਹਿਣ ਲੱਗਾ "ਪਿਆਰੀ ਗਿੱਦੜੀ, ਮੈਂ ਵੀ ਕਿਸੇ ਸ਼ੇਰ ਤੋਂ ਘੱਟ ਨਹੀਂ ਹਾਂ। ਕਦੇ ਮੈਨੂੰ ਅਜ਼ਮਾ ਕੇ ਦੇਖ ਲਵੀਂ।" ਪਰ ਗਿੱਦੜੀ ਆਪਣੇ ਗਿੱਦੜ ਦੀ ਔਕਾਤ ਤੋਂ ਭਲੀ-ਭਾਂਤ ਜਾਣੂ ਸੀ। ਉਧਰ ਗਿੱਦੜ ਕਿੱਥੇ ਟਲਣ ਵਾਲਾ ਸੀ। ਹਰ ਰੋਜ਼ ਗਿੱਦੜੀ ਨੂੰ ਕਿਹਾ ਕਰੇ ਕਿ ਉਹ ਵੀ ਕਦੇ ਆਪਣੇ ਪਤੀ ਨੂੰ ਸਵਾਲ ਪਾ ਕੇ ਅਜ਼ਮਾ ਕੇ ਦੇਖ ਲਵੇ, ਪਰ ਗਿੱਦੜੀ ਚੁੱਪ ਕਰਕੇ ਗੱਲ ਟਾਲਦੀ ਰਹੀ। ਜਦੋਂ ਗਿੱਦੜ ਵਾਰ-ਵਾਰ ਕਹਿਣ ਤੋਂ ਨਾ ਟਲਿਆ ਤਾਂ ਗਿੱਦੜੀ ਨੇ





ਸ਼ੇਰਨੀ ਵਾਂਗੂ ਰੋਅਬ ਨਾਲ ਕਿਹਾ "ਮੇਰੇ ਮਿਹਰਬਾਨ, ਮੈਨੂੰ ਜ਼ੋਰ ਦੀ ਭੁੱਖ ਲੱਗੀ ਹੈ, ਖਾਣ ਨੂੰ ਕੁਝ ਛੇਤੀ ਲੈ ਕੇ ਆ।" ਇਹ ਸੁਣਦੇ ਸਾਰ ਗਿੱਦੜ ਜੋਸ਼ ਵਿੱਚ ਆ ਗਿਆ ਤੇ ਉੱਚੀ-ਉੱਚੀ ਬੜੇ ਜ਼ੋਰ ਨਾਲ ਚੀਕਾਂ ਮਾਰਨ ਲੱਗ ਪਿਆ। ਪੂੰਛ ਵੀ ਖੜ੍ਹੀ ਕਰ ਲਈ ਇੱਕ-ਦੋ ਵਾਰ ਅੱਖਾਂ ਦੇ ਡੇਲੇ ਵੀ ਇੱਧਰ-ਉੱਧਰ ਘੁੰਮਾਏ ਤੇ ਫਿਰ ਗਿੱਦੜੀ ਨੂੰ ਸ਼ੇਰ ਦੇ ਵਾਂਗ ਪੁੱਛਣ ਲੱਗਿਆ "ਦੇਖੀਂ ਪਿਆਰੀ ਗਿੱਦੜੀ, ਮੇਰੀ ਤੋਰ ਭਾਰੀ ਹੈ, ਕੀ ਅੱਖਾਂ ਲਾਲ ਹਨ ਤੇ ਪੂੰਛ ਖੜ੍ਹੀ ਹੈ ? ਗਿੱਦੜੀ ਨੇ ਬਿਨਾਂ ਕੁਝ ਦੇਖਿਆਂ ਹਾਂ ਕਹਿੰਦਿਆਂ ਕਿਹਾ "ਵਾਹ ਗਿੱਦੜ ਮਹਾਰਾਜ ਜੀ, ਤੇਰਾ ਕੀ ਕਹਿਣਾ ਹੁਣ ਤੂੰ ਸ਼ੇਰ ਦੀ ਬਜਾਏ ਬੱਬਰ ਸ਼ੇਰ ਬਣ ਗਿਆ ਹੈ।"

ਫਿਰ ਕੀ ਸੀ ਗਿੱਦੜ ਇੱਕ ਪਿੰਡ ਨੂੰ ਜਾਂਦੀ ਪਹੀ ਨੂੰ ਪੈ ਗਿਆ। ਅੱਗੇ ਕੀ ਦੇਖਿਆ ਕਿ ਨਾਲ ਦੇ ਪਿੰਡ ਦੇ ਘੁਮਿਆਰ ਦਾ ਇੱਕ ਗਧਾ ਪਹੀ ਵਿੱਚ ਜਾ ਰਿਹਾ ਸੀ। ਗਿੱਦੜ ਨੇ ਗਧੇ ਦਾ ਸ਼ਿਕਾਰ ਕਰਨ ਦੀ ਸੋਚੀ ਤੇ ਗਧੇ ਦੀਆਂ ਪਿਛਲੀਆਂ ਦੋਵੇਂ ਟੰਗਾਂ ਨੂੰ ਆਪਣਾ ਮੂੰਹ ਪਾਇਆ, ਉਸ ਵੱਲੋਂ ਇਸ ਤਰ੍ਹਾਂ ਕਰਨ ਦੀ ਦੇਰ ਸੀ ਕਿ ਗਧੇ ਨੇ ਵੀ ਦੋਨੋਂ ਟੰਗਾਂ ਜੋੜ ਕੇ ਬੜੇ ਜ਼ੋਰ ਦੀ ਦੁਲੱਤੀ ਗਿੱਦੜ ਦੇ ਮੂੰਹ 'ਤੇ ਅਜਿਹੀ ਮਾਰੀ ਜਿਸ ਨਾਲ ਗਿੱਦੜ ਦਾ ਮੂੰਹ ਖੂਨੋ-ਖੂਨ ਹੋ ਗਿਆ। ਗਿੱਦੜ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ ਅਤੇ ਉਸ ਨੂੰ ਵਾਪਸ ਜਾਣ ਲਈ ਰਾਹ ਨਾ ਲੱਭੇ। ਉਹ ਕਿਵੇਂ ਨਾ ਕਿਵੇਂ ਡਿੱਗਦਾ-ਢਹਿੰਦਾ ਗਿੱਦੜੀ ਕੋਲ ਪਹੁੰਚ ਗਿਆ ਤੇ ਜਾਂਦੇ ਸਾਰ ਹੀ ਉਲਟਾ ਗਿੱਦੜੀ ਨੂੰ ਪੈ ਗਿਆ "ਨਾ ਤੋਰ ਭਾਰੀ ਸੀ ਤੇ ਨਾ ਹੀ ਅੱਖਾਂ ਲਾਲ ਸਨ ਅਤੇ ਨਾ ਹੀ ਪੂੰਛ ਖੜ੍ਹੀ ਸੀ ਐਵੇਂ 'ਹਾਂ' ਕਰਕੇ ਮੈਨੂੰ ਮਰਵਾ ਦਿੱਤਾ।"

ਗਿੱਦੜੀ ਨੇ ਇਹ ਸਭ ਦੇਖ ਕੇ ਆਖ਼ਰ ਕਹਿ ਹੀ ਦਿੱਤਾ "ਗਿੱਦੜ ਮਹਾਰਾਜ ਜੀ, ਮੈਂ ਇਸ ਮਾੜੀ ਘੜੀ ਤੋਂ ਤੈਨੂੰ ਬਚਾਉਂਦੀ ਤੇ ਟਾਲਦੀ ਆਈ ਪਰ ਤੂੰ ਨਾ ਟਲਿਆ। ਆਖ਼ਿਰਕਾਰ ਆ ਗਿਆ ਮੂੰਹ ਭੰਨਵਾ ਕੇ। ਤੈਂ ਸ਼ੇਰ ਤਾਂ ਕੀ ਬਣਨਾ ਸੀ ਤੂੰ ਤਾਂ ਗਿੱਦੜ ਕਹਾਉਣ ਤੋਂ ਵੀ ਜਾਂਦਾ ਰਿਹਾ, ਜੇ ਤੂੰ ਆਪਣੀ ਔਕਾਤ ਅੰਦਰ ਰਹਿੰਦਾ ਤੇ ਸ਼ੇਰ ਦੀ ਰੀਸ ਨਾ ਕਰਦਾ ਤਾਂ ਬਚਿਆ ਰਹਿੰਦਾ। ਸੋ ਪਿਆਰੇ ਗਿੱਦੜ ਜੀ, ਕਿਸੇ ਦੀ ਰੀਸ ਨਹੀਂ ਕਰਨੀ ਚਾਹੀਦੀ ਤੇ ਹਮੇਸ਼ਾਂ ਆਪਣੇ ਦਾਇਰੇ ਵਿੱਚ ਹੀ ਰਹਿਣਾ ਚਾਹੀਦਾ ਹੈ।"

**- ਕਾਮਰੇਡ ਗੁਰਨਾਮ ਸਿੰਘ**

## ਸ਼ਬਦ ਲੱਭੋ

ਕੀ ਤੁਸੀਂ ਹੇਠਾਂ ਦਿੱਤੇ ਚਿੱਤਰ 'ਚ ਦਿੱਤੇ ਗਏ ਸ਼ਬਦਾਂ ਦਾ ਪਤਾ ਲੱਗਾ ਸਕਦੇ ਹੋ...?

| | | | | | | | | | |
|---|---|---|---|---|---|---|---|---|---|
| A | P | R | I | S | U | N | L | G | R |
| S | U | E | L | T | H | G | I | S | E |
| E | L | S | S | U | O | H | D | O | E |
| E | B | K | E | F | B | I | R | W | N |
| D | S | Y | N | R | E | S | S | I | G |
| L | T | S | E | E | N | G | G | N | R |
| I | N | G | S | S | H | A | S | S | A |
| B | C | H | N | E | D | R | M | A | Y |
| L | R | A | M | H | T | W | O | R | G |
| O | S | S | O | M | Y | O | U | N | G |

Find all the words from the word list (ignore spaces and dashes):


| | |
|---|---|
| APRIL | MARCH |
| BIRDHOUSE | MAY |
| BLOSSOM | NESTLINGS |
| BLUE SKY | SEEDS |
| FRESHNESS | SOWING |
| GARDEN | SUNLIGHT |
| GREEN GRASS | YOUNG GROWTH |



## ਸੈਲਾਨੀਆਂ ਲਈ ਥਾਈਲੈਂਡ ਨੇ ਕੀਤੀ 'ਫਲਾਈ ਮੀ ਟੂ ਥਾਈਲੈਂਡ' ਦੀ ਸ਼ੁਰੂਆਤ

ਥਾਈਲੈਂਡ 'ਚ ਸੈਲਾਨੀਆਂ ਨੂੰ ਲੁਭਾਉਣ ਲਈ ਨਵੀਂ ਪਹਿਲ ਦੀ ਸ਼ੁਰੂਆਤ ਕੀਤੀ ਗਈ ਹੈ। ਟੂਰਿਜ਼ਮ ਅਥਾਰਟੀ ਆਫ ਥਾਈਲੈਂਡ ਤੇ ਬੈਂਕਾਕ ਏਅਰਵੇਜ਼ ਨੇ ਮਿਲ ਕੇ 'ਫਲਾਈ ਮੀ ਟੂ ਥਾਈਲੈਂਡ' ਨਾਂ ਨਾਲ ਇਸ ਦੀ ਸ਼ੁਰੂਆਤ ਕੀਤੀ ਹੈ। ਇਸ ਦੇ ਤਹਿਤ ਥਾਈਲੈਂਡ 'ਚ ਆਉਣ ਵਾਲੇ ਸੈਲਾਨੀਆਂ ਨੂੰ ਕਈ ਤਰ੍ਹਾਂ ਨਾਲ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਕੰਬੋਡੀਆ, ਲਾਓ ਪੀਡੀਆਰ, ਮਿਆਂਮਾਰ ਤੇ ਵਿਅਤਨਾਮ ਦੇ ਨਾਲ-ਨਾਲ ਮਲੇਸ਼ੀਆ, ਸਿੰਗਾਪੁਰ ਤੇ ਭਾਰਤ ਦੇ ਯਾਤਰੀਆਂ ਦੇ ਲਈ ਵਿਸ਼ੇਸ਼ ਕਰਕੇ ਗਿਫਟ ਕਾਰਡ, ਛੋਟ ਤੇ ਕਈ ਸੁਵਿਧਾਵਾਂ ਇਸ ਦੇ ਤਹਿਤ ਦਿੱਤੀਆਂ ਜਾਣਗੀਆਂ। ਇਸ ਲਈ ਸਾਡੇ ਗੁਆਂਢੀ ਦੇਸ਼ਾਂ ਦੇ ਸੈਲਾਨੀਆਂ ਦੇ ਲਈ ਵਿਸ਼ੇਸ਼ ਸੁਵਿਧਾਵਾਂ ਪ੍ਰਦਾਨ ਕਰਨ ਦਾ ਇਸ ਸਹੀ ਸਮਾਂ ਹੈ।


## ਦਿਮਾਗ਼ੀ ਕਸਰਤ



## ਬਿੰਦੂ ਮਿਲਾਓ




## ਰਸਤਾ ਲੱਭੋ



# ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਅਤੇ ਵਾਤਾਵਰਨ ਨਾਲ ਖਿਲਵਾੜ ਦੇ ਸਿੱਟੇ

ਲੇਖਕ : ਮਹਿੰਦਰ ਸਿੰਘ ਦੋਸਾਂਝ
ਸੰਪਰਕ: 94632-33991




ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ॥ ਪਾਣੀ ਜੀਵਨ ਦੀ ਜੋਤ ਨੂੰ ਜਗਦੀ ਰੱਖਣ ਲਈ ਤੇਲ ਸਮਾਨ ਹੈ। ਪਾਣੀ ਦਾ ਹੋਰ ਬਦਲ ਕੋਈ ਨਹੀਂ। ਇਸ ਲਈ ਸੰਜਮ ਨਾਲ ਪਾਣੀ ਦੀ ਵਰਤੋਂ ਨੂੰ ਨਿਯਮ ਸਮਝ ਕੇ ਜੀਵਨ ਵਿਚ ਲਾਗੂ ਕਰਨ ਦੀ ਲੋੜ ਹੈ।

ਪੰਜਾਬ ਅੰਦਰ ਇਨ੍ਹੀਂ ਦਿਨੀਂ ਝੋਨੇ ਲਈ ਵੱਡੀ ਪੱਧਰ 'ਤੇ ਧਰਤੀ ਵਿਚੋਂ ਪਾਣੀ ਕੱਢਿਆ ਜਾ ਰਿਹਾ ਹੈ ਜਿਸ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਅਤੇ ਕਿਸਾਨਾਂ ਨੂੰ ਪਾਣੀ ਦੇ ਮਹੱਤਵ ਬਾਰੇ ਜਾਣਕਾਰੀ ਦੇਣ ਦੀ ਲੋੜ ਹੈ। ਕੇਵਲ ਇਨਸਾਨੀ ਜੀਵਨ ਲਈ ਹੀ ਨਹੀਂ, ਇਸ ਧਰਤੀ 'ਤੇ ਪੈਦਾ ਹੋਏ ਪਸ਼ੂ-ਪੰਛੀਆਂ, ਕੀੜੇ-ਮਕੌੜਿਆਂ, ਬਿਰਖ-ਬੂਟਿਆਂ, ਫਸਲਾਂ ਆਦਿ ਲਈ ਪਾਣੀ ਕੁਦਰਤ ਦੀ ਬਖ਼ਸ਼ੀ ਅਮੁੱਲ ਦਾਤ ਹੈ। ਹੋਰ ਕੁਦਰਤੀ ਸੋਮਿਆਂ ਦੇ ਨਾਲ-ਨਾਲ ਗੁਰਮਤਿ ਦਰਸ਼ਨ ਵਿਚ ਪਾਣੀ ਨੂੰ ਉੱਤਮ ਸਥਾਨ ਦਿੱਤਾ ਗਿਆ ਹੈ: ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਪਾਣੀ ਦੇ ਅੱਜ ਦੇ ਹਾਲ ਦਾ ਮੁਲਾਂਕਣ ਕਰੀਏ ਤਾਂ ਪਤਾ ਲੱਗਦਾ ਹੈ ਕਿ 97.33 ਫੀਸਦੀ ਪਾਣੀ ਖਾਰੇ ਰੂਪ ਵਿਚ ਸਮੁੰਦਰਾਂ ਅੰਦਰ ਪਿਆ ਹੈ; 2.39 ਫੀਸਦੀ ਅਸਮਾਨ 'ਤੇ ਬੱਦਲਾਂ ਦੇ ਰੂਪ ਵਿਚ ਅਤੇ ਧਰਤੀ 'ਤੇ ਨਦੀਆਂ, ਨਾਲਿਆਂ, ਦਰਿਆਵਾਂ ਦੇ ਰੂਪ ਵਿਚ ਯਾਤਰਾ ਕਰ ਰਿਹਾ ਹੈ, ਜਾਂ ਫਿਰ ਗਲੇਸ਼ੀਅਰਾਂ ਦੇ ਰੂਪ ਵਿਚ ਪਹਾੜਾਂ 'ਤੇ ਪਿਆ ਹੈ; ਕੇਵਲ 0.61 ਫੀਸਦੀ ਪਾਣੀ ਸੰਸਾਰ ਦੀਆਂ ਲੋੜਾਂ ਵਾਸਤੇ ਧਰਤੀ ਅੰਦਰ ਪਿਆ ਹੈ। ਇਸ ਵੇਲੇ ਸੰਸਾਰ ਦੀ ਕੁੱਲ ਆਬਾਦੀ ਵਿਚ ਭਾਰਤ ਦਾ 18 ਫੀਸਦੀ ਹਿੱਸਾ ਹੈ ਤੇ ਸੰਸਾਰ ਦੇ ਪਾਣੀ ਦੇ ਭੰਡਾਰ ਵਿਚ ਭਾਰਤ ਦਾ ਕੇਵਲ 4 ਫੀਸਦੀ ਹਿੱਸਾ ਹੈ।

ਸਾਡੇ ਪ੍ਰਿਥਵੀ ਵਿਗਿਆਨੀ, ਮਾਹਿਰ ਤੇ ਵਿਚਾਰਵਾਨ ਵੱਡੀ ਮਾਤਰਾ ਵਿਚ ਧਰਤੀ ਹੇਠੋਂ ਪਾਣੀ ਕੱਢਣ ਨਾਲ ਪਾਣੀ ਦਾ ਭੰਡਾਰ ਘਟਣ ਜਾਂ ਖ਼ਤਮ ਹੋਣ ਦਾ ਹਿਸਾਬ-ਕਿਤਾਬ ਲਾ ਕੇ ਫ਼ਿਕਰਮੰਦ ਹਨ। ਇਹ ਫ਼ਿਕਰ ਸਹੀ ਵੀ ਹੈ। ਉਹ ਚਾਹੁੰਦੇ ਹਨ ਕਿ ਲੋਕ ਸੰਜਮ ਨਾਲ ਪਾਣੀ ਵਰਤਣ ਅਤੇ ਧਰਤੀ ਹੇਠੋਂ ਕੱਢੇ ਪਾਣੀ ਨੂੰ ਸਾਫ ਕਰ ਕੇ ਮੁੜ ਧਰਤੀ ਵਿਚ ਰਚਾਉਣ। ਮੀਂਹ ਦੇ ਪਾਣੀ ਨੂੰ ਵੱਧ ਤੋਂ ਵੱਧ ਡੈਮ ਬਣਾ ਕੇ ਰੋਕਣ ਦੀ ਲੋੜ 'ਤੇ ਵੀ ਉਹ ਜ਼ੋਰ ਦੇ ਰਹੇ ਹਨ। ਉਂਝ, ਇਸ ਤੋਂ ਅੱਗੇ ਹੋਰ ਵੀ ਕਈ ਲੋੜਾਂ ਅਤੇ ਸਮੱਸਿਆਵਾਂ ਪਾਣੀ ਦੇ ਸੰਕਟ ਨਾਲ ਜੁੜੀਆਂ ਹੋਈਆਂ ਹਨ ਜਿਨ੍ਹਾਂ ਵੱਲ ਮਾਹਿਰਾਂ ਤੇ ਜਾਗਰੂਕ ਵਿਚਾਰਵਾਨਾਂ ਦਾ ਅਜੇ ਧਿਆਨ ਨਹੀਂ ਗਿਆ। ਇਨ੍ਹਾਂ ਲੋੜਾਂ ਤੇ ਸਮੱਸਿਆਵਾਂ ਨੂੰ ਸਾਹਮਣੇ ਰੱਖ ਕੇ ਫਿਕਰ ਕਰਨ ਦੀ ਲੋੜ ਹੈ।

ਧਰਤੀ 'ਤੇ ਜੀਵਨ ਦੀ ਜੋਤ ਜਗਦੀ ਰੱਖਣ ਵਾਸਤੇ ਕੁਦਰਤ ਨੇ ਧਰਤੀ ਦੇ ਹੇਠਾਂ ਵੀ ਅਤੇ ਉਪਰ ਅਸਮਾਨ 'ਤੇ ਵੀ ਕਲਿਆਣਕਾਰੀ ਪ੍ਰਬੰਧ ਸਥਾਪਿਤ ਕੀਤਾ ਹੋਇਆ ਹੈ। ਕੁਦਰਤ ਦੇ ਇਸ ਪ੍ਰਬੰਧ ਵਿਚ ਅਜੋਕੇ ਇਨਸਾਨ ਦੇ ਦਖ਼ਲ ਕਾਰਨ ਪਾਣੀ, ਭੂਮੀ ਤੇ ਹਵਾ ਲਈ ਨਵੇਂ ਸੰਕਟ ਪੈਦਾ ਹੋ ਰਹੇ ਹਨ। ਧਰਤੀ ਹੇਠੋਂ ਪਾਣੀ ਵੱਡੀ ਪੱਧਰ 'ਤੇ ਕੱਢਣ ਨਾਲ ਧਰਤੀ ਅੰਦਰ ਜੋ ਖਲਾਅ ਬਣ ਰਿਹਾ ਹੈ, ਉਸ ਨੂੰ ਭਰਨ ਵਾਸਤੇ ਦੂਰ-ਦੁਰਾਡੇ ਤੋਂ ਉੱਚੇ ਪਾਸਿਆਂ ਤੋਂ ਪਾਣੀਆਂ ਦਾ ਵਹਾਅ ਬਣੇਗਾ; ਇਹ ਪਾਣੀ ਕਈ ਤਰ੍ਹਾਂ ਦੇ ਜ਼ਹਿਰੀਲੇ ਤੱਤ ਨਾਲ ਲੈ ਕੇ ਆਉਣਗੇ। ਇਹਨਾਂ ਤੱਤਾਂ ਨਾਲ ਪੰਛੀਆਂ, ਜੀਵ-ਜੰਤੂਆਂ, ਬਿਰਖ-ਬੂਟਿਆਂ ਤੇ ਇਨਸਾਨਾਂ ਲਈ ਨਵੇਂ ਸੰਕਟ ਤੇ ਖ਼ਤਰੇ ਪੈਦਾ ਹੋਣਗੇ। ਮਾਲਵਾ ਪੱਟੀ ਵਿਚ ਵੱਡੀ ਪੱਧਰ 'ਤੇ ਕੈਂਸਰ ਫੈਲਣ ਦਾ ਇੱਕ ਕਾਰਨ ਨਰਮੇ 'ਤੇ ਜ਼ਹਿਰਾਂ ਦਾ ਛਿੜਕਾਅ ਮੰਨਿਆ ਗਿਆ ਹੈ। ਉਂਝ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਰੋਗ ਤੋਂ ਪ੍ਰਭਾਵਿਤ ਇਲਾਕਿਆਂ ਦੇ ਪਾਣੀ ਦੀ ਪਰਖ ਕੀਤੀ ਤਾਂ ਪਤਾ ਲੱਗਿਆ ਕਿ ਰਾਜਸਥਾਨ ਤੋਂ ਪਾਣੀ ਵਿਚ ਆਉਣ ਵਾਲੇ ਯੂਰੇਨੀਅਮ ਕਰ ਕੇ ਕੈਂਸਰ ਦੀ ਬਿਮਾਰੀ ਵਧੀ ਹੈ।

ਅਮਰੀਕਾ ਦੀ ਪੁਲਾੜ ਏਜੰਸੀ ਨਾਸਾ ਲੰਮੇ ਸਮੇਂ ਤੋਂ ਪੁਲਾੜ ਵਿਚ ਖੋਜਾਂ ਨਾਲ ਜੁੜੀ ਹੋਈ ਹੈ। ਕੁਝ ਸਮੇਂ ਤੋਂ ਇਸ ਨੇ ਧਰਤੀ ਅੰਦਰ ਕੁਦਰਤ ਦੇ ਪ੍ਰਬੰਧ ਅਤੇ ਗਤੀਵਿਧੀਆਂ ਨੂੰ ਆਪਣੀ ਖੋਜ ਹੇਠ ਲਿਆਂਦਾ ਹੈ। 2018 ਵਿੱਚ ਦੇਹਰਾਦੂਨ ਤੋਂ ਪ੍ਰਕਾਸ਼ਿਤ ਨਾਸਾ ਰਿਪੋਰਟ ਮੁਤਾਬਿਕ, ਧਰਤੀ ਹੇਠ ਜੋ ਨੀਵੇਂ ਪਾਸਿਆਂ ਨੂੰ ਪਾਣੀਆਂ ਦਾ ਵਹਾਅ ਹੋ ਰਿਹਾ ਹੈ, ਉਸ ਨਾਲ ਪਾਣੀ ਆਪਣੇ ਨਾਲ ਰੇਤਾ ਤੇ ਮਿੱਟੀ ਨੂੰ ਵੀ ਨੀਵੇਂ ਪਾਸੇ ਲਿਜਾ ਰਿਹਾ ਹੈ। ਰਿਪੋਰਟ ਵਿਚ ਦੱਸਿਆ ਹੈ ਕਿ ਚੰਡੀਗੜ੍ਹ ਅਤੇ ਦਿੱਲੀ, ਨੋਇਡਾ ਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਪਾਣੀ ਨਾਲ ਰੇਤਾ ਤੇ ਮਿੱਟੀ ਨਿਕਲਣ ਨਾਲ ਹਰ ਸਾਲ ਧਰਤੀ ਵਿਚ ਪੰਜ ਸੈਂਟੀਮੀਟਰ ਤੱਕ ਖਲਾਅ ਪੈਦਾ ਰਿਹਾ ਹੈ। ਕੁਝ ਸਾਲਾਂ ਤੱਕ ਇਹ ਖਲਾਅ ਵਧਣ ਨਾਲ ਉੱਚੀਆਂ ਇਮਾਰਤਾਂ ਧਰਤੀ 'ਚ ਗਰਕ ਸਕਦੀਆਂ ਹਨ।

ਕੁਦਰਤ ਦਾ ਬਣਾਇਆ ਮੌਸਮ ਦਾ ਪ੍ਰਬੰਧ ਵੱਡੀ ਪੱਧਰ 'ਤੇ ਖਿਲਰਨਾ ਸ਼ੁਰੂ ਹੋ ਗਿਆ ਹੈ। ਇੱਟਾਂ ਦੇ ਭੱਠਿਆਂ, ਮਿੱਲਾਂ, ਕਾਰਖਾਨਿਆਂ, ਗੱਡੀਆਂ ਦੇ ਧੂੰਏਂ, ਐਟਮੀ ਕਚਰੇ ਤੇ ਏਸੀ ਅਤੇ ਫਰਿਜਾਂ ਵਿਚੋਂ ਨਿਕਲਦੀਆਂ ਕਾਰਬਨ ਡਾਇਅਕਸਾਈਡ ਤੇ ਸੀਐੱਫਸੀ ਵਰਗੀਆਂ ਮਾਰੂ ਗੈਸਾਂ, ਬੇਲੜੇ ਪਸ਼ੂਆਂ ਅੰਦਰੋਂ ਵੱਖ-ਵੱਖ ਅੰਗਾਂ ਰਾਹੀਂ ਨਿਕਲਣ ਵਾਲੀ ਹਵਾ ਵਿਚ ਰਲੀ ਮਿਥੇਨ ਗੈਸ ਅਤੇ ਖੇਤੀ ਵਿਚ ਬਚ-ਖੁਚ ਨੂੰ ਲਾਈ ਅੱਗ ਦੇ ਧੂਏਂ ਰਾਹੀਂ ਤੇਜ਼ਾਬ, ਏਅਰੋਸੋਲ ਤੇ ਕਾਰਬਨ ਅਸਮਾਨ 'ਤੇ ਜਾ ਕੇ ਗ੍ਰੀਨ ਹਾਊਸ ਪ੍ਰਭਾਵ ਦੇ ਰੂਪ ਵਿਚ ਸਦੀਆਂ ਤੱਕ ਲਈ ਸਥਿਰ ਹੋ ਜਾਂਦੇ ਹਨ।

ਗ੍ਰੀਨ ਹਾਊਸ ਪ੍ਰਭਾਵ ਦੀ ਪਰਤ ਵਿਚੋਂ ਲੰਘ ਕੇ ਸੂਰਜ ਦੀਆਂ ਪਰਾਬੈਂਗਣੀ ਅਤੇ ਮਾਰੂ ਕਿਰਨਾਂ ਨਾਲ ਧਰਤੀ 'ਤੇ ਮਾਰੂ ਗਰਮੀ ਤੇਜ਼ੀ ਨਾਲ ਵਧ ਰਹੀ ਹੈ। ਉੱਘੇ ਵਾਤਾਵਰਨ ਵਿਗਿਆਨੀ ਸਟੀਫਨ ਲੇਹ ਦੀ 16 ਜੁਲਾਈ ਨੂੰ ਜਨਤਕ ਕੀਤੀ ਖੋਜ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਅਮਰੀਕਾ ਅੰਦਰ ਅਗਲੇ ਵੀਹਾਂ ਸਾਲਾ ਤੱਕ 52.7 ਡਿਗਰੀ ਸੈਲਸੀਅਸ ਤੱਕ ਤਾਪਮਾਨ ਵਿਚ ਵਾਧਾ ਹੋ ਸਕਦਾ ਹੈ ਹਾਲਾਂਕਿ ਧਰਤੀ 'ਤੇ 60 ਡਿਗਰੀ ਸੈਲਸੀਅਸ ਤੱਕ ਹੀ ਜੀਵਨ ਸੰਭਵ ਹੋਵੇਗਾ।

ਜੇ ਸਾਡੇ ਦੇਸ਼ ਵਿਚ ਤਾਪਮਾਨ 54 ਡਿਗਰੀ ਸੈਲਸੀਅਸ ਤੱਕ ਪਹੁੰਚ ਜਾਂਦਾ ਹੈ ਤਾਂ ਫਸਲਾਂ ਦੇ ਝਾੜ ਨੂੰ 70 ਤੋਂ 80 ਫੀਸਦੀ ਤੱਕ ਬ੍ਰੇਕ ਲੱਗ ਸਕਦੀ ਹੈ। ਮਨੁੱਖ ਜਾਤੀ ਅਤੇ ਪਸ਼ੂਆਂ ਨੂੰ ਗਰਭ ਧਾਰਨ ਅਤੇ ਇਸ ਨੂੰ ਕਾਇਮ ਰੱਖਣ ਵਿਚ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਜਿਹੀ ਅਵਸਥਾ ਵਿਚ ਬਿਰਖ-ਬੂਟਿਆਂ ਤੇ ਫੁੱਲ ਤਾਂ ਖਿੜਨਗੇ ਪਰ ਫਲ ਨਹੀਂ ਬਣਨਗੇ। ਫਸਲਾਂ ਦੇ ਸਿੱਟਿਆਂ ਵਿੱਚ ਬਹੁਤ ਘੱਟ ਦਾਣੇ ਨਿਮਣਗੇ। ਇਨਸਾਨਾਂ ਨੂੰ ਕੈਂਸਰ ਅਤੇ ਚਮੜੀ ਰੋਗਾਂ ਸਮੇਤ ਕਈ ਹੋਰ ਰੋਗਾਂ ਦਾ ਸਾਹਮਣਾ ਕਰਨਾ ਪਵੇਗਾ। ਅਮਰੀਕਾ ਤੋਂ ਪਹਿਲਾਂ ਏਸ਼ਿਆਈ ਤੇ ਖਾੜੀ ਦੇਸ਼ਾਂ ਅੰਦਰ ਗਰਮੀ ਨਾਲ ਮੌਸਮ ਵਿਚ ਭਿਆਨਕ ਗੜਬੜ ਦਾ ਖ਼ਦਸ਼ਾ ਹੈ। ਵੱਡੀ ਪੱਧਰ 'ਤੇ ਤਾਪਮਾਨ ਵਧਣ ਨਾਲ ਹਿਮਾਲੀਆ ਖੇਤਰ ਅਤੇ ਐਂਟਾਰਕਟਿਕਾ ਅੰਦਰ ਵੱਡੀ ਮਾਤਰਾ ਵਿਚ ਪਹਾੜਾਂ ਤੇ ਗਲੇਸ਼ੀਅਰਾਂ ਦੇ ਰੂਪ ਵਿਚ ਪਈਆਂ ਬਰਫਾਂ ਪਿਘਲ ਜਾਣਗੀਆਂ; ਧਰਤੀ ਦੇ ਹੇਠ ਤੇ ਉੱਪਰ ਵਗਦੇ ਨਦੀਆਂ ਨਾਲੇ ਖੁਸ਼ਕ ਹੋ ਜਾਣਗੇ; ਇਨ੍ਹਾਂ ਰਾਹੀਂ ਸਫ਼ਰ ਕਰ ਰਹੇ ਪਾਣੀ ਦਾ ਕਲ-ਕਲ ਕਰਦਾ ਸੰਗੀਤ ਖ਼ਾਮੋਸ਼ ਹੋ ਜਾਵੇਗਾ; ਉਦਯੋਗਾਂ ਦੀ ਧੜਕਣ ਬੰਦ ਹੋ ਜਾਵੇਗੀ ਤੇ ਸੰਸਾਰ ਅੰਦਰ ਹਨੇਰਾ ਛਾ ਜਾਵੇਗਾ।

# ਇਜ਼ਰਾਈਲ-ਜਿਹਾਦੀ ਯੁੱਧ ਵੀ ਲੈ ਸਕਦਾ ਹੈ ਵਿਸ਼ਵ ਜੰਗ ਦਾ ਰੂਪ

ਲੇਖਕ : ਡਾਕਟਰ ਦਲਵਿੰਦਰ ਸਿੰਘ ਗਰੇਵਾਲ



ਇਸ ਵੇਲੇ ਦੁਨੀਆ ਦੇ ਸਭ ਤੋਂ ਵੱਧ ਨਾਜ਼ੁਕ ਖੇਤਰ ਹਨ ਪੱਛਮੀ ਏਸ਼ੀਆ, ਰੂਸ-ਯੂਕਰੇਨ ਅਤੇ ਚੀਨ-ਤਾਇਵਾਨ। ਇਨ੍ਹਾਂ 'ਚ ਜੋ ਮੁੱਖ ਦੇਸ਼ ਆਹਮੋ-ਸਾਹਮਣੇ ਹਨ ਉਹ ਹਨ; ਰੂਸ, ਅਮਰੀਕਾ, ਯੂਰਪੀ ਦੇਸ਼; ਯੂਕਰੇਨ, ਪੱਛਮ ਏਸ਼ਿਆਈ ਦੇਸ਼ ਚੀਨ ਤੇ ਤਾਇਵਾਨ ਆਦਿ।

ਰੂਸ-ਯੂਕਰੇਨ ਯੁੱਧ 'ਚ ਯੂਕਰੇਨ ਦੀ ਪੈਸੇ ਅਤੇ ਹਥਿਆਰਾਂ ਦੀ ਮਦਦ ਦੇਣ ਲਈ ਅਮਰੀਕਾ ਅਤੇ ਯੂਰਪੀ ਦੇਸ਼ ਇੰਗਲੈਂਡ, ਫਰਾਂਸ, ਜਰਮਨੀ, ਪੋਲੈਂਡ ਆਦਿ ਕਿਰਿਆਸ਼ੀਲ ਹਨ, ਜਦੋ ਕਿ ਰੂਸ ਨੂੰ ਉੱਤਰੀ ਕੋਰੀਆ, ਈਰਾਨ ਅਤੇ ਚੀਨ ਹਥਿਆਰਾਂ ਦੀ ਮਦਦ ਦੇ ਰਹੇ ਹਨ। ਇਜ਼ਰਾਈਲ-ਹਮਾਸ ਯੁੱਧ 'ਚ ਇਜ਼ਰਾਈਲ ਦੀ ਮਦਦ 'ਤੇ ਅਮਰੀਕਾ ਅਤੇ ਯੂਰਪੀ ਦੇਸ਼, ਫਰਾਂਸ, ਜਰਮਨੀ ਆਦਿ ਹਨ, ਜਦੋਂ ਕਿ ਹਮਾਸ ਦੀ ਮਦਦ 'ਤੇ ਹਿਜ਼ਬੁੱਲਾ ਅਤੇ ਈਰਾਨ ਹਨ। ਚੀਨ ਅਤੇ ਤਾਇਵਾਨ 'ਚ ਅਜੇ ਤਾਂ ਤਾਕਤ ਦਿਖਾਵੇ ਦੀ ਜੰਗ ਚੱਲ ਰਹੀ ਹੈ, ਜਿਸ 'ਚ ਚੀਨ ਤਾਇਵਾਨ ਨੂੰ ਲਗਾਤਾਰ ਧਮਕੀਆਂ ਦਿੰਦਾ ਰਹਿੰਦਾ ਹੈ ਪਰ ਸਿੱਧੇ ਯੁੱਧ ਦੀ ਨੌਬਤ ਅਜੇ ਤੱਕ ਨਹੀਂ ਆਈ।

ਇਨ੍ਹਾਂ 'ਚੋਂ ਜ਼ਿਆਦਾ ਮਾਰੋ-ਮਾਰੀ ਵਾਲੇ ਖੇਤਰ ਇਜ਼ਰਾਈਲ-ਹਮਾਸ ਅਤੇ ਰੂਸ-ਯੂਕਰੇਨ ਹਨ। ਕੀ ਇਹ ਦੋਵੇਂ ਖਿੱਤੇ ਵਿਸ਼ਵ ਯੁੱਧ 'ਚ ਬਦਲ ਸਕਦੇ ਹਨ? ਸ਼ਾਇਦ! ਪਰ ਅਜੇ ਤੱਕ ਯਕੀਨੀ ਤੌਰ 'ਤੇ ਨਹੀਂ ਕਿਹਾ ਜਾ ਸਕਦਾ। ਨਿਸਚਿਤ ਤੌਰ 'ਤੇ ਇਸ ਜੰਗ ਦੇ ਪੱਛਮੀ ਏਸ਼ੀਆ 'ਚ ਫੈਲ ਜਾਣ ਦੀਆਂ ਸੰਭਾਵਨਾਵਾਂ ਵੱਧ ਹਨ, ਜਿੱਥੇ ਇਜ਼ਰਾਈਲ, ਫ਼ਲਸਤੀਨ, ਲਿਬਨਾਨ, ਸੀਰੀਆ, ਯਮਨ ਅਤੇ ਈਰਾਨ ਸਿੱਧੇ ਤੌਰ 'ਤੇ ਅਤੇ ਅਮਰੀਕਾ ਅਸਿੱਧੇ ਤੌਰ 'ਤੇ ਕਿਰਿਆਸ਼ੀਲ ਹਨ। ਅੱਗ ਹੋਰ ਭਖੀ ਤਾਂ ਰੂਸ ਅਤੇ ਚੀਨ ਦਾ ਈਰਾਨ ਦੀ ਮਦਦ ਲਈ ਅੱਗੇ ਆਉਣਾ ਵੀ ਸੰਭਵ ਹੈ; ਕਿਉਂਕਿ ਉਹ ਨਹੀਂ ਚਾਹੁੰਦੇ ਕਿ ਅਮਰੀਕਾ ਅਤੇ ਯੂਰਪੀ ਦੇਸ਼ ਪੱਛਮੀ ਏਸ਼ੀਆ 'ਚ ਪ੍ਰਭੂਤਵ ਕਾਇਮ ਕਰ ਲੈਣ ਅਤੇ ਅਪਣੀਆ ਹੱਦਾਂ ਰੂਸ-ਚੀਨ ਦੇ ਹੋਰ ਨੇੜੇ ਲਿਆ ਸਕਣ। ਅਮਰੀਕਾ ਤਾਂ ਆਪਣਾ ਵਿਸ਼ਵ ਪੁਲਿਸ ਮੈਨ ਦਾ ਦਬਦਬਾ ਵੀ ਬਣਾਈ ਰੱਖਣਾ ਚਾਹੁੰਦਾ ਹੈ ਅਤੇ ਆਪਣੇ ਨਵੇਂ ਤਾਜ਼ੇ ਹਥਿਆਰਾਂ ਲਈ ਇਸ ਯੁੱਧ ਖੇਤਰ ਨੂੰ ਨਿਰਖ-ਪਰਖ ਲਈ ਵੀ ਵਰਤ ਰਿਹਾ ਹੈ। ਉਹ ਆਪਣੇ ਜੱਦੀ ਤਾਕਤਵਰ ਦੁਸ਼ਮਣ ਰੂਸ ਨੂੰ ਵੀ ਕਮਜ਼ੋਰ ਕਰਕੇ ਨੀਵਾਂ ਦਿਖਾਉਣਾ ਚਾਹੁੰਦਾ ਹੈ। ਰੂਸ ਨਹੀਂ ਚਾਹੁੰਦਾ ਕਿ ਸਾਬਕ ਯੂ.ਐੱਸ.ਐੱਸ.ਆਰ. ਦਾ ਕੋਈ ਵੀ ਦੇਸ਼ ਨਾਟੋ ਜਾਂ ਅਮਰੀਕੀ ਪ੍ਰਭਾਵ ਹੇਠ ਜਾਵੇ। ਉਹ ਚਾਹੁੰਦਾ ਹੈ ਇਨ੍ਹਾਂ ਪੁਰਾਣੇ ਸਾਥੀ ਦੇਸ਼ਾਂ ਦਾ ਉਸ ਨਾਲ ਹੀ ਗੱਠਜੋੜ ਬਣਿਆ ਰਹੇ ਪਰ ਜਿਸ ਤੋਂ ਯੂਕਰੇਨ ਇਨਕਾਰੀ ਹੈ ਅਤੇ ਨਾਟੋ ਦਾ ਮੈਂਬਰ ਬਣਨ ਲਈ ਕਾਹਲਾ ਹੈ, ਇਹੀ ਗੱਲ ਦੋਵਾਂ 'ਚ ਯੁੱਧ ਦਾ ਵੱਡਾ ਕਾਰਨ ਬਣ ਗਈ ਹੈ।

ਇਸ ਵੇਲੇ ਸਭ ਤੋਂ ਵੱਧ ਮਾਰੋ-ਮਾਰੀ ਪੱਛਮੀ ਏਸ਼ੀਆ 'ਚ ਹੈ, ਜਿੱਥੇ ਅਮਰੀਕਾ ਆਦਿ ਦੀ ਮਦਦ ਨਾਲ ਇਜ਼ਰਾਈਲ ਨੇ ਹਮਾਸ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਗਾਜ਼ਾ 'ਚ ਘੱਟੋ-ਘੱਟ 39,929 ਲੋਕ ਮਾਰੇ ਜਾ ਚੁੱਕੇ ਹਨ 92,240 ਤੋਂ ਵਧੇਰੇ ਲੋਕ ਜ਼ਖਮੀ ਹੋਏ ਹਨ। ਸੰਯੁਕਤ ਰਾਸ਼ਟਰ ਦੇ ਫਲਸਤੀਨੀ ਖੇਤਰ ਲਈ ਚੋਟੀ ਦੇ ਇਕ ਮਾਨਵਤਾਵਾਦੀ ਅਧਿਕਾਰੀ ਦਾ ਕਹਿਣਾ ਹੈ ਕਿ ਅਕਤੂਬਰ 'ਚ ਇਜ਼ਰਾਈਲ-ਹਮਾਸ ਯੁੱਧ ਸ਼ੁਰੂ ਹੋਣ ਤੋਂ ਬਾਅਦ ਗਾਜ਼ਾ 'ਚ ਲਗਾਤਾਰ ਇਜ਼ਰਾਈਲ ਵਲੋਂ ਲੋਕਾਂ ਨੂੰ ਗਾਜ਼ਾ ਦੇ ਵੱਖ-ਵੱਖ ਖੇਤਰ ਛੱਡਣ ਲਈ ਅਨੇਕਾਂ ਵਾਰ ਆਦੇਸ਼ ਕੀਤੇ ਗਏ ਹਨ। ਅਗਸਤ 'ਚ ਅਜਿਹੇ 12 ਆਦੇਸ਼ ਦਿੱਤੇ ਗਏ ਸਨ। ਇਸ ਨੀਤੀ ਨੇ ਇਸ ਦੇ 21 ਲੱਖ ਵਸਨੀਕਾਂ 'ਚੋਂ 90 ਫ਼ੀਸਦੀ ਨੂੰ ਬੇਘਰ ਕਰ ਦਿੱਤਾ ਹੈ। ਇਜ਼ਰਾਈਲ ਸੋਚਦਾ ਹੈ ਕਿ ਉਹ ਲਿਬਨਾਨ, ਫਲਸਤੀਨ, ਯਮਨ, ਸੀਰੀਆ ਅਤੇ ਇੱਥੋਂ ਤੱਕ ਕਿ ਈਰਾਨ ਨੂੰ ਵੀ ਤਬਾਹ ਕਰ ਸਕਦਾ ਹੈ। ਹੁਣ ਲਿਬਨਾਨ ਦੇ ਸ਼ਹਿਰ ਬੈਰੂਤ ਵਿਚ ਹਿਜ਼ਬੁੱਲਾ ਦੀ ਉੱਤਲੀ ਲੀਡਰਸ਼ਿਪ ਅਤੇ ਕਮਾਂਡ ਕੰਟਰੋਲ ਸਿਸਟਮ ਨੂੰ ਖਤਮ ਕਰਕੇ ਬਾਕੀ ਬਚੀ ਹਿਜ਼ਬੁੱਲਾ ਸ਼ਕਤੀ ਨੂੰ ਖ਼ਤਮ ਕਰਨ ਲਈ ਬੰਬਾਂ ਨਾਲ ਵੱਡੀਆਂ ਇਮਾਰਤਾਂ ਤਾਂ ਤਬਾਹ ਕਰ ਦਿੱਤੀਆਂ ਹਨ ਅਤੇ ਹੁਣ ਟੈਂਕਾਂ ਰਾਹੀਂ ਜ਼ਮੀਨੀ ਤਬਾਹੀ ਕਰਦਾ ਹੋਇਆ ਅੱਗੇ ਵਧ ਰਿਹਾ ਹੈ। ਸੀਰੀਆ 'ਚ ਬੰਬਾਰੀ ਕਰਕੇ ਉਸ ਨੇ ਸੀਰੀਆ ਅਤੇ ਲਿਬਨਾਨ ਦਾ ਸੰਪਰਕ ਸਮਾਪਤ ਕਰਕੇ ਸੀਰੀਆ ਤੋਂ ਆਉਂਦੀ ਸਪਲਾਈ ਬੰਦ ਕਰ ਦਿੱਤੀ ਹੈ। ਹੁਣ ਈਰਾਨ ਉੱਤੇ ਹਮਲਾ ਕਰਨ ਦੀ ਵੀ ਉਸ ਨੇ ਯੋਜਨਾ ਬਣਾ ਰੱਖੀ ਹੈ।

ਉਧਰ ਈਰਾਨ ਨੇ ਵੀ ਇਜ਼ਰਾਈਲ ਦੀ ਖ਼ੁਫੀਆ ਏਜੰਸੀ ਮੋਸਾਦ ਦੇ ਸਿਖਰਲੇ ਆਗੂਆਂ ਨੂੰ ਮਾਰਨ ਦੀ ਗੁਪਤ ਯੋਜਨਾਬੰਦੀ ਬਣਾਈ ਹੋਈ ਹੈ, ਕਿਉਂਕਿ ਇਸ ਏਜੰਸੀ ਵਲੋਂ ਹਿਜ਼ਬੁੱਲਾ ਅਤੇ ਹਮਾਸ ਦੇ ਜ਼ਿਆਦਾਤਰ ਚੋਟੀ ਦੇ ਨੇਤਾਵਾਂ ਨੂੰ ਖ਼ਤਮ ਕਰ ਦਿੱਤਾ ਗਿਆ ਹੈ ਅਤੇ ਈਰਾਨ ਦੇ ਵੀ ਕੁਝ ਚੋਟੀ ਦੇ ਨੇਤਾ ਮਾਰੇ ਗਏ ਹਨ। ਈਰਾਨ ਦੁਆਰਾ ਇਜ਼ਰਾਈਲ 'ਤੇ ਦੋ ਵਾਰੀ ਸੁਪਰਸੋਨਿਕ ਮਿਜ਼ਾਈਲਾਂ ਦਾਗਣ ਨਾਲ ਜੰਗ ਦੀ ਸੰਭਾਵਨਾ ਵਧ ਗਈ ਹੈ। ਨੇਤਨਯਾਹੂ ਹਮਾਸ, ਬਾਅਦ 'ਚ ਹਿਜ਼ਬੁੱਲਾ ਅਤੇ ਹੁਣ ਹੂਤੀ ਗੁਰੀਲਿਆਂ ਅਤੇ ਈਰਾਨ ਨੂੰ ਖ਼ਤਮ ਕਰਨ ਦੇ ਬਿਆਨ ਦੇ ਰਿਹਾ ਹੈ। ਖਾਤਮੇ ਅਤੇ ਵਿਨਾਸ਼ ਦੁਆਰਾ ਜਿੱਤ ਪ੍ਰਾਪਤੀ ਦੀ ਉਸ ਦੀ ਵਧਦੀ ਭੁੱਖ ਦਾ ਕੋਈ ਅੰਤ ਨਹੀਂ ਦਿਸਦਾ, ਜੋ ਨਿਸ਼ਚਿਤ ਤੌਰ 'ਤੇ ਪੱਛਮ ਏਸ਼ੀਆ ਯੁੱਧ ਤੇ ਫਿਰ ਵਿਸ਼ਵ ਯੁੱਧ ਦਾ ਕਾਰਨ ਬਣ ਸਕਦੀ ਹੈ। ਅਮਰੀਕਾ ਦੁਆਰਾ ਅਰਬਾਂ ਡਾਲਰਾਂ ਅਤੇ ਅਤਿ ਆਧੁਨਿਕ ਹਥਿਆਰਾਂ ਨਾਲ ਇਜ਼ਰਾਈਲ ਦੀ ਅੰਨ੍ਹੀ ਸਹਾਇਤਾ ਨੇ ਉਸ ਨੂੰ ਇਕ ਇਨਸਾਨੀਅਤ ਦਾ ਬੇਰਹਿਮ ਕਾਤਿਲ ਬਣਾ ਦਿੱਤਾ ਹੈ। ਉਹ ਸੰਯੁਕਤ ਰਾਸ਼ਟਰ ਦੇ ਮਤਿਆਂ ਦੀ ਵੀ ਕੋਈ ਪਰਵਾਹ ਨਹੀਂ ਕਰਦਾ। ਇਸ ਸਮੇਂ ਸੁਰੱਖਿਆ ਪ੍ਰੀਸ਼ਦ ਦਾ ਵੀ ਕੋਈ ਅਰਥ ਨਹੀਂ ਤੇ ਅਜਿਹੀ ਸਥਿਤੀ ਵਿਚ ਭੁੱਖ ਨਾਲ ਵੀ ਬਹੁਤ ਸਾਰੇ ਲੋਕ ਮਰ ਜਾਂਦੇ ਹਨ। ਜਦੋਂ ਕਿ ਦੋ ਵਿਰੋਧੀ ਸ਼ਕਤੀਆਂ ਇਸ ਦੀ ਲਗਾਮ ਫੜੀ ਬੈਠੀਆਂ ਹਨ। ਅਜਿਹਾ ਅਸੰਤੁਲਨ ਸ਼ਾਂਤੀ ਦੀ ਆਗਿਆ ਨਹੀਂ ਦਿੰਦਾ। ਹੁਣ ਕਈ ਦੇਸ਼ਾਂ ਵਲੋਂ ਆਪਣੇ ਗੁਆਂਢੀਆਂ 'ਤੇ ਹਮਲਾ ਕਰਨ ਦੀ ਭਾਵਨਾ ਬਣ ਗਈ ਹੈ ਜਿਵੇਂ ਰੂਸ ਵਲੋਂ ਯੂਕਰੇਨ 'ਤੇ ਹਮਲਾ ਅਤੇ ਇਜ਼ਰਾਈਲ ਵਲੋਂ ਫ਼ਲਸਤੀਨ, ਲਿਬਨਾਨ 'ਤੇ ਹਮਲਾ। ਉੱਧਰ ਚੀਨ ਵੀ ਤਾਈਵਾਨ 'ਤੇ ਹਮਲੇ ਦੀ ਤਿਆਰੀ ਵਿਚ ਹੈ। ਅਮਰੀਕਾ ਅਤੇ ਯੂਰਪੀਅਨ ਸਮੂਹ ਇਸ ਸਥਿਤੀ 'ਚੋਂ ਆਪਣਾ ਫਾਇਦਾ ਲੱਭ ਰਹੇ ਹਨ। ਉਨ੍ਹਾਂ ਦਾ ਹਰ ਕਦਮ ਪੂਰੀ ਤਬਾਹੀ ਲਈ ਪਰਮਾਣੂ ਅਤੇ ਇਲੈਕਟ੍ਰਾਨਿਕ ਯੁੱਧ ਦੀ ਵਰਤੋਂ ਕਰਨ ਵੱਲ ਹੈ, ਜੋ ਤੀਸਰੇ ਵਿਸ਼ਵ ਯੁੱਧ ਨਾਲੋਂ ਕਿਤੇ ਵੱਧ ਹੋਵੇਗਾ, ਕਿਉਂਕਿ ਵਿਸ਼ਵ ਪੱਧਰ 'ਤੇ ਤਬਾਹੀ ਦੀ ਸੰਭਾਵਨਾ ਬਹੁਤ ਜ਼ਿਆਦਾ ਹੋਵੇਗੀ। ਇਸ ਤਬਾਹੀ ਦੌਰਾਨ ਬੱਚਿਆਂ, ਔਰਤਾਂ ਅਤੇ ਬਿਮਾਰ ਵਿਅਕਤੀ ਭੁੱਖ ਨਾਲ ਤੜਫ਼-ਤੜਫ਼ ਕੇ ਮਰ ਰਹੇ ਹਨ। ਇਨ੍ਹਾਂ ਹਾਲਾਤਾਂ 'ਚ ਸ਼ਾਂਤੀ ਦਾ ਕੋਈ ਮੌਕਾ ਨਹੀਂ ਜਾਪਦਾ। ਜੰਗ ਕਿੰਨੀ ਦੇਰ ਜਾਰੀ ਰਹੇਗੀ? ਜੇ ਪਰਮਾਣੂ ਯੁੱਧ ਹੋਇਆ ਤਾਂ ਕੁਝ ਕੁ ਦਿਨ ਅਤੇ ਜੇ ਮਿਜ਼ਾਈਲਾਂ, ਡਰੋਨਾਂ ਅਤੇ ਬੰਬਾਂ ਦੀ ਲੜਾਈ ਚਲਦੀ ਰਹੀ ਤਾਂ ਫਿਰ ਇਸ ਦੇ ਰੁਕਣ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਇਹ ਯੁੱਧ ਪੱਛਮੀ ਏਸ਼ੀਆ ਦੇ ਯੁੱਧ ਦਾ ਰੂਪ ਵੀ ਲੈ ਸਕਦਾ ਹੈ ਅਤੇ ਇਹ ਵਧ ਕੇ ਵਿਸ਼ਵ ਯੁੱਧ ਦਾ ਰੂਪ ਧਾਰ ਸਕਦਾ ਹੈ।

# ਸਿਹਤ ਸੰਸਾਰ



## ਸ਼ੂਗਰ ਦੇ ਸ਼ੁਰੂਆਤੀ ਲੱਛਣਾਂ ’ਤੇ ਧਿਆਨ ਦਿਓ

ਲੇਖਕ : ਡਾ. ਅਜੀਤਪਾਲ ਸਿੰਘ ਐਮਡੀ

ਸ਼ੂਗਰ ਜਾਂ ਡਾਇਬਿਟੀਜ਼ ਉਦੋਂ ਹੁੰਦੀ ਹੈ ਜਦੋਂ ਤੁਹਾਡਾ ਬਲੱਡ ਸ਼ੂਗਰ (ਬਲੱਡ ਗਲੂਕੋਜ਼) ਬਹੁਤ ਜ਼ਿਆਦਾ ਹੁੰਦਾ ਹੈ। ਬਲੱਡ ਸ਼ੂਗਰ ਤੁਹਾਡੇ ਸਰੀਰ ਦਾ ਮੁੱਖ ਊਰਜਾ ਸਰੋਤ ਹੈ। ਸ਼ੂਗਰ ਦੀਆਂ ਦੋ ਕਿਸਮਾਂ ਹਨ- ਟਾਈਪ 1 ਡਾਇਬਟੀਜ਼ ਅਤੇ ਟਾਈਪ 2 ਡਾਇਬਟੀਜ਼। ਟਾਈਪ 1 ਡਾਇਬਟੀਜ਼ ਦਾ ਮਤਲਬ ਹੈ ਕਿ ਤੁਹਾਡਾ ਸਰੀਰ ਲੋੜੀਂਦੀ ਇਨਸੁਲਿਨ ਨਹੀਂ ਬਣਾਉਂਦਾ। ਇਸ ਵਿੱਚ ਮਰੀਜ਼ ਨੂੰ ਰੋਜ਼ਾਨਾ ਇਨਸੁਲਿਨ ਦੀ ਲੋੜ ਪੈਂਦੀ ਹੈ।

ਟਾਈਪ 2 ਡਾਇਬਿਟੀਜ਼ ਸਭ ਤੋਂ ਆਮ ਕਿਸਮ ਹੈ। ਇਸ ਦਾ ਮਤਲਬ ਹੈ ਕਿ ਤੁਹਾਡਾ ਸਰੀਰ ਇਨਸੁਲਿਨ ਦੀ ਸਹੀ ਤਰੀਕੇ ਨਾਲ ਵਰਤੋਂ ਨਹੀਂ ਕਰਦਾ। ਜੇਕਰ ਤੁਹਾਡਾ ਭਾਰ ਜ਼ਿਆਦਾ ਹੈ ਜਾਂ ਮੋਟਾਪਾ ਹੈ ਜਾਂ ਤੁਹਾਡੇ ਕਿਸੇ ਪਰਿਵਾਰਕ ਮੈਂਬਰ ਨੂੰ ਸ਼ੂਗਰ ਹੈ ਤਾਂ ਤੁਹਾਨੂੰ ਇਹ ਬਿਮਾਰੀ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਬਹੁਤ ਜ਼ਿਆਦਾ ਪਿਆਸ ਲੱਗਣੀ ਟਾਈਪ 1 ਅਤੇ ਟਾਈਪ 2 ਸ਼ੂਗਰ ਦੇ ਸਭ ਤੋਂ ਆਮ ਸ਼ੁਰੂਆਤੀ ਲੱਛਣਾਂ ਵਿੱਚੋਂ ਇੱਕ ਹੈ। ਇਨ੍ਹਾਂ ਦੋਵਾਂ ਕਿਸਮਾਂ ਦੇ ਸ਼ੂਗਰ ਦੇ ਕੁਝ ਇੱਕੋ ਜਿਹੇ ਹੋਰ ਵੀ ਚਿਤਾਵਨੀ ਸੰਕੇਤ ਹਨ, ਜਿਵੇਂ

ਭੁੱਖ ਦਾ ਵਧਣਾ- ਤੁਹਾਡਾ ਸਰੀਰ ਤੁਹਾਡੇ ਵੱਲੋਂ ਖਾਧੇ ਭੋਜਨ ਨੂੰ ਗਲੂਕੋਜ਼ ਵਿੱਚ ਬਦਲਦਾ ਹੈ, ਜਿਸ ਨੂੰ ਤੁਹਾਡੇ ਸੈੱਲ ਊਰਜਾ ਲਈ ਵਰਤਦੇ ਹਨ। ਸੈੱਲਾਂ ਨੂੰ ਗਲੂਕੋਜ਼ ਲੈਣ ਲਈ ਇਨਸੁਲਿਨ ਦੀ ਲੋੜ ਹੁੰਦੀ ਹੈ। ਜੇ ਤੁਹਾਡਾ ਸਰੀਰ ਕਾਫ਼ੀ ਜਾਂ ਬਿਲਕੁਲ ਵੀ ਇਨਸੁਲਿਨ ਨਹੀਂ ਬਣਾਉਂਦਾ ਜਾਂ ਤੁਹਾਡੇ ਸੈੱਲ ਤੁਹਾਡੇ ਸਰੀਰ ਦੁਆਰਾ ਬਣਾਈ ਗਈ ਊਰਜਾ ਦਾ ਵਿਰੋਧ ਕਰਦੇ ਹਨ, ਤਾਂ ਗਲੂਕੋਜ਼ ਉਨ੍ਹਾਂ ਵਿੱਚ ਨਹੀਂ ਜਾ ਸਕਦਾ। ਇਸ ਨਾਲ ਤੁਹਾਡੇ ਕੋਲ ਊਰਜਾ ਨਹੀਂ ਜਾਵੇਗੀ। ਇਹ ਤੁਹਾਡੀ ਭੁੱਖ ਨੂੰ ਆਮ ਨਾਲੋਂ ਜ਼ਿਆਦਾ ਵਧਾ ਸਕਦਾ ਹੈ

ਥਕਾਵਟ- ਇਨਸੁਲਿਨ ਅਤੇ ਗਲੂਕੋਜ਼ ਦੀ ਕਮੀ ਤੁਹਾਨੂੰ ਆਮ ਨਾਲੋਂ ਜ਼ਿਆਦਾ ਥਕਾ ਸਕਦੀ ਹੈ।

ਵਾਰ-ਵਾਰ ਪਿਸ਼ਾਬ ਆਉਣਾ- ਔਸਤਨ ਵਿਅਕਤੀ ਨੂੰ ਆਮ ਤੌਰ ’ਤੇ 24 ਘੰਟਿਆਂ ਵਿੱਚ ਚਾਰ ਤੋਂ ਸੱਤ ਵਾਰ ਪਿਸ਼ਾਬ ਕਰਨਾ ਪੈਂਦਾ ਹੈ, ਪਰ ਸ਼ੂਗਰ ਵਾਲੇ ਲੋਕ ਬਹੁਤ ਜ਼ਿਆਦਾ ਵਾਰੀ ਜਾ ਸਕਦੇ ਹਨ। ਆਮ ਤੌਰ ’ਤੇ ਤੁਹਾਡਾ ਸਰੀਰ ਗਲੂਕੋਜ਼ ਨੂੰ ਦੁਬਾਰਾ ਸੋਖ ਲੈਂਦਾ ਹੈ ਕਿਉਂਕਿ ਇਹ ਤੁਹਾਡੇ ਗੁਰਦਿਆਂ ਵਿੱਚੋਂ ਲੰਘਦਾ ਹੈ, ਪਰ ਜਦੋਂ ਡਾਇਬਿਟੀਜ਼ ਤੁਹਾਡੀ ਬਲੱਡ ਸ਼ੂਗਰ ਨੂੰ ਵਧਾਉਂਦੀ ਹੈ ਤਾਂ ਹੋ ਸਕਦਾ ਹੈ ਕਿ ਤੁਹਾਡੇ ਗੁਰਦੇ ਇਸ ਸਭ ਨੂੰ ਵਾਪਸ ਲਿਆਉਣ ਦੇ ਯੋਗ ਨਾ ਹੋਣ। ਇਸ ਨਾਲ ਸਰੀਰ ਜ਼ਿਆਦਾ ਪਿਸ਼ਾਬ ਬਣਾਉਂਦਾ ਹੈ। ਨਤੀਜੇ ਵਜੋਂ ਤੁਹਾਨੂੰ ਵਾਰ-ਵਾਰ ਪਿਸ਼ਾਬ ਜਾਣਾ ਪੈਂਦਾ ਹੈ।

ਵਾਰ ਵਾਰ ਪਿਆਸ ਲੱਗਣਾ- ਕਿਉਂਕਿ ਤੁਸੀਂ ਬਹੁਤ ਜ਼ਿਆਦਾ ਪਿਸ਼ਾਬ ਕਰ ਰਹੇ ਹੋ, ਇਸ ਲਈ ਤੁਹਾਨੂੰ ਬਹੁਤ ਜ਼ਿਆਦਾ ਪਿਆਸ ਲੱਗ ਸਕਦੀ ਹੈ।

ਖੁਸ਼ਕ ਮੂੰਹ- ਤੁਹਾਡਾ ਸਰੀਰ ਪਿਸ਼ਾਬ ਬਣਾਉਣ ਲਈ ਤਰਲ ਪਦਾਰਥਾਂ ਦੀ ਵਰਤੋਂ ਕਰ ਰਿਹਾ ਹੈ, ਇਸ ਲਈ ਉਸ ਕੋਲ ਹੋਰ ਕੰਮਾਂ ਲਈ ਨਮੀ ਘੱਟ ਹੈ। ਇਸ ਨਾਲ ਤੁਸੀਂ ਡੀਹਾਈਡ੍ਰੇਟ ਹੋ ਸਕਦੇ ਹੋ ਅਤੇ ਤੁਹਾਡਾ ਮੂੰਹ ਖੁਸ਼ਕ ਮਹਿਸੂਸ ਕਰ ਸਕਦਾ ਹੈ।

ਖਾਰਸ਼ ਅਤੇ ਖੁਸ਼ਕ ਚਮੜੀ- ਇਸ ਨਾਲ ਤੁਹਾਡੀ ਚਮੜੀ ਖੁਸ਼ਕ ਵੀ ਮਹਿਸੂਸ ਕਰ ਸਕਦੀ ਹੈ ਜਿਸ ਨਾਲ ਖੁਜਲੀ ਵੀ ਸ਼ੁਰੂ ਹੋ ਸਕਦੀ ਹੈ।

ਨਜ਼ਰ ਧੁੰਦਲੀ ਹੋਣਾ-ਤੁਹਾਡੇ ਸਰੀਰ ਵਿੱਚ ਤਰਲ ਦਾ ਪੱਧਰ ਬਦਲਣ ਨਾਲ ਤੁਹਾਡੀਆਂ ਅੱਖਾਂ ਦੇ ਲੈਂਜ ਸੁੱਜ ਸਕਦੇ ਹਨ। ਜਿਸ ਨਾਲ ਉਹ ਆਕਾਰ ਬਦਲਣਗੇ ਅਤੇ ਫੋਕਸ ਕਰਨ ਵਿੱਚ ਅਸਮਰੱਥ ਹੋਣਗੇ।

ਭਾਰ ਘਟਣਾ- ਜੇਕਰ ਤੁਹਾਡਾ ਸਰੀਰ ਤੁਹਾਡੇ ਭੋਜਨ ਤੋਂ ਊਰਜਾ ਪ੍ਰਾਪਤ ਨਹੀਂ ਕਰ ਸਕਦਾ ਤਾਂ ਇਹ ਊਰਜਾ ਲਈ ਮਾਸਪੇਸ਼ੀਆਂ ਅਤੇ ਚਰਬੀ ਨੂੰ ਸਾੜਨਾ ਸ਼ੁਰੂ ਕਰ ਦਿੰਦਾ ਹੈ, ਨਤੀਜੇ ਵਜੋਂ ਤੁਹਾਡਾ ਭਾਰ ਘਟ ਸਕਦਾ ਹੈ ਭਾਵੇਂ ਤੁਸੀਂ ਆਪਣੇ ਖਾਣ ਦੇ ਤਰੀਕੇ ਨੂੰ ਬਦਲਿਆ ਨਹੀਂ ਹੈ। ਇਨ੍ਹਾਂ ਤੋਂ ਇਲਾਵਾ ਸਿਰ ਦਰਦ ਵੀ ਘੱਟ ਬਲੱਡ ਸ਼ੂਗਰ ਦਾ ਲੱਛਣ ਹੋ ਸਕਦਾ ਹੈ। ਇਹ ਉਦੋਂ ਹੁੰਦਾ ਹੈ ਜਦੋਂ ਤੁਹਾਡੀ ਸ਼ੂਗਰ ਜਾਂ ਗਲੂਕੋਜ਼ ਦਾ ਪੱਧਰ ਬਹੁਤ ਘੱਟ ਜਾਂਦਾ ਹੈ।

ਹਾਲਾਂਕਿ ਟਾਈਪ 1 ਅਤੇ ਟਾਈਪ 2 ਸ਼ੂਗਰ ਦੇ ਲੱਛਣ ਇੱਕੋ ਜਿਹੇ ਹਨ, ਪਰ ਉਨ੍ਹਾਂ ਦੇ ਪ੍ਰਗਟ ਹੋਣ ਦੇ ਤਰੀਕੇ ਵਿੱਚ ਇੱਕ ਅੰਤਰ ਹੈ। ਟਾਈਪ 1 ਸ਼ੂਗਰ ਵਿੱਚ ਲੱਛਣ ਕੁਝ ਦਿਨਾਂ ਜਾਂ ਹਫ਼ਤਿਆਂ ਵਿੱਚ ਖ਼ਾਸ ਕਰਕੇ ਬੱਚਿਆਂ ਵਿੱਚ ਤੇਜ਼ੀ ਨਾਲ ਦਿਖਾਈ ਦਿੰਦੇ ਹਨ। ਟਾਈਪ 2 ਸ਼ੂਗਰ ਦੇ ਲੱਛਣ ਹਲਕੇ ਹੋ ਸਕਦੇ ਹਨ ਅਤੇ ਹੌਲੀ-ਹੌਲੀ ਵਿਕਸਤ ਹੋ ਸਕਦੇ ਹਨ, ਖ਼ਾਸ ਕਰਕੇ ਬਿਮਾਰੀ ਦੀ ਸ਼ੁਰੂਆਤ ਵਿੱਚ।

ਮਰਦਾਂ ਅਤੇ ਔਰਤਾਂ ਵਿੱਚ ਸ਼ੂਗਰ ਦੇ ਸ਼ੁਰੂਆਤੀ ਲੱਛਣਾਂ ਵਿੱਚ ਕੋਈ ਵੱਡਾ ਅੰਤਰ ਨਹੀਂ ਹੈ, ਪਰ ਕੁਝ ਅੰਤਰ ਹੋ ਸਕਦੇ ਹਨ।

ਇਸ ਸਥਿਤੀ ਵਾਲੀਆਂ ਔਰਤਾਂ ਨੂੰ ਯੋਨੀ ਖਮੀਰ ਦੀ ਲਾਗ ਅਤੇ ਪਿਸ਼ਾਬ ਨਾਲੀ ਦੀਆਂ ਲਾਗਾਂ ਅਕਸਰ ਹੋ ਸਕਦੀਆਂ ਹਨ, ਜਦੋਂ ਕਿ ਇਲਾਜ ਨਾ ਕੀਤੇ ਗਏ ਸ਼ੂਗਰ ਵਾਲੇ ਮਰਦਾਂ ਦੀਆਂ ਮਾਸਪੇਸ਼ੀਆਂ ਕਮਜ਼ੋਰ ਹੋ ਸਕਦੀਆਂ ਹਨ।

ਬੱਚਿਆਂ ਵਿੱਚ ਟਾਈਪ 1 ਸ਼ੂਗਰ ਕਿਸੇ ਵੀ ਉਮਰ ਵਿੱਚ ਹੋ ਸਕਦੀ ਹੈ, ਪਰ ਇਹ 5 ਤੋਂ 6 ਅਤੇ 11 ਤੋਂ 13 ਸਾਲ ਦੀ ਉਮਰ ਦੇ ਬੱਚਿਆਂ ਵਿੱਚ ਪੈਦਾ ਹੁੰਦੀ ਹੈ। ਇਨ੍ਹਾਂ ਉਮਰਾਂ ਵਿੱਚ ਹਾਰਮੋਨਜ਼ ਵਿੱਚ ਤਬਦੀਲੀ ਦੇ ਕਾਰਨ ਅਜਿਹਾ ਹੁੰਦਾ ਹੈ। ਬੱਚਿਆਂ ਵਿੱਚ ਇਸ ਦੇ ਲੱਛਣਾਂ ਵਿੱਚ ਸ਼ਾਮਲ ਹੈ- ਬਹੁਤ ਜ਼ਿਆਦਾ ਭੁੱਖ ਜਾਂ ਪਿਆਸ ਲੱਗਣਾ, ਬਿਸਤਰਾ ਗਿੱਲਾ ਕਰਨਾ, ਬਹੁਤ ਜ਼ਿਆਦਾ ਥਕਾਵਟ, ਨਜ਼ਰ ਧੁੰਦਲੀ ਹੋਣਾ, ਬੇਚੈਨੀ ਜਾਂ ਵਿਹਾਰ ਵਿੱਚ ਬਦਲਾਅ।

ਜਵਾਨ ਬਾਲਗਾਂ ਨੂੰ ਟਾਈਪ 2 ਸ਼ੂਗਰ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ, ਪਰ ਮੋਟਾਪੇ ਕਾਰਨ ਬੱਚਿਆਂ ਵਿੱਚ ਇਹ ਬਿਮਾਰੀ ਜ਼ਿਆਦਾ ਹੁੰਦੀ ਹੈ। ਹੋ ਸਕਦਾ ਹੈ ਕਿ ਤੁਹਾਡੇ ਬੱਚੇ ਵਿੱਚ ਬਿਮਾਰੀ ਦੇ ਕੋਈ ਲੱਛਣ ਨਾ ਦਿਖਾਈ ਦੇਣ, ਪਰ ਇੱਥੇ ਕੁਝ ਧਿਆਨ ਦੇਣ ਯੋਗ ਗੱਲਾਂ ਹਨ- ਬੱਚੇ ਨੂੰ ਬਹੁਤ ਜ਼ਿਆਦਾ ਭੁੱਖ ਜਾਂ ਪਿਆਸ ਲੱਗਣਾ, ਜ਼ਿਆਦਾ ਵਾਰ ਪਿਸ਼ਾਬ ਕਰਨਾ, ਬਹੁਤ ਜ਼ਿਆਦਾ ਥਕਾਵਟ, ਨਜ਼ਰ ਧੁੰਦਲੀ ਹੋਣਾ, ਚਮੜੀ ਦਾ ਕਾਲਾ ਹੋਣਾ ਖ਼ਾਸ ਤੌਰ ’ਤੇ ਗਰਦਨ, ਗਲ ਤੇ ਕੱਛਾਂ ਦੁਆਲੇ, ਭਾਰ ਘਟਣਾ, ਵਾਰ-ਵਾਰ ਲਾਗ ਦਾ ਸ਼ਿਕਾਰ ਹੋਣਾ।

ਟਾਈਪ 2 ਸ਼ੂਗਰ ਦੀਆਂ ਪੇਚੀਦਗੀਆਂ ਜ਼ਿਆਦਾ ਹੁੰਦੀਆਂ ਹਨ। ਇਸ ਦੇ ਲੱਛਣਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਹੌਲੀ-ਹੌਲੀ ਠੀਕ ਹੋਣ ਵਾਲੇ ਜ਼ਖਮ ਜਾਂ ਕੱਟ
- ਖਾਰਸ਼ ਵਾਲੀ ਚਮੜੀ (ਆਮ ਤੌਰ ’ਤੇ ਯੋਨੀ ਜਾਂ ਕਮਰ ਦੇ ਆਲੇ ਦੁਆਲੇ)
- ਅਕਸਰ ਖਮੀਰ ਦੀ ਲਾਗ
- ਤਾਜ਼ਾ ਭਾਰ ਵਧਣਾ
- ਗਰਦਨ, ਕੱਛ ਅਤੇ ਕਮਰ ਦੇ ਰੰਗ ਦੀ ਚਮੜੀ ਦਾ ਬਦਲਾਅ
- ਹੱਥਾਂ ਅਤੇ ਪੈਰਾਂ ਦਾ ਸੁੰਨ ਹੋਣਾ ਅਤੇ ਝਰਨਾਹਟ
- ਘੱਟ ਨਜ਼ਰ
- ਨਪੁੰਸਕਤਾ/ਇਰੈਕਟਾਈਲ ਡਿਸਫੰਕਸ਼ਨ (ਈਡੀ)

ਤੁਸੀਂ ਆਪਣੀ ਜੀਵਨਸ਼ੈਲੀ ਵਿੱਚ ਤਬਦੀਲੀ ਲਿਆ ਕੇ ਇਸ ਬਿਮਾਰੀ ਤੋਂ ਆਪਣਾ ਬਚਾਅ ਕਰ ਸਕਦੇ ਹੋ। ਜਿਵੇਂ ਕਿ ਸੈਰ ਕਰਨੀ, ਕਸਰਤ ਕਰਨੀ, ਸਿਹਤਮੰਦ ਭੋਜਨ ਗ੍ਰਹਿਣ ਕਰਨਾ। ਇਸ ਦਾ ਸ਼ਿਕਾਰ ਹੋਣ ਤੋਂ ਬਾਅਦ ਵੀ ਜੇਕਰ ਤੁਸੀਂ ਨਿਯਮਤ ਦਵਾਈ ਲੈ ਰਹੇ ਹੋ ਅਤੇ ਵਧੀਆ ਜੀਵਨਸ਼ੈਲੀ ਨੂੰ ਅਪਣਾ ਲੈਂਦੇ ਹੋ ਤਾਂ ਇਸ ਨੂੰ ਕਾਬੂ ਵਿੱਚ ਰੱਖਿਆ ਜਾ ਸਕਦਾ ਹੈ।

## ਕਬਜ਼

### ਪੇਟ ਸੋਜ



ਕਬਜ਼ : ਪਖਾਨਾ ਸਮੇਂ ਸਿਰ ਨਾ ਆਉਣਾ ਇਕ ਆਮ ਬਿਮਾਰੀ ਹੈ। ਕਬਜ਼ ਹੋਣ ਕਰਕੇ ਸਾਡੇ ਸਰੀਰ 'ਚ ਕਈ ਤਰ੍ਹਾਂ ਦੇ ਰੋਗ ਜਿਵੇਂ ਸਿਰਦਰਦ, ਪੇਟ ਵਿਚ ਹਲਕਾ ਦਰਦ, ਭੁੱਖ ਨਾ ਲੱਗਣਾ, ਸਰੀਰ ਸੁਸਤ ਤੇ ਪੇਟ ਵਿਚ ਅਫ਼ਾਰਾ ਤੇ ਗੈਸ ਬਣਨਾ ਆਦਿ ਹੋ ਸਕਦੇ ਹਨ। ਜਦੋਂ ਵੀ ਕਿਸੇ ਦੀ ਪਖਾਨਾ ਜਾਣ ਦੀ ਆਦਤ ਵਿਚ ਤਬਦੀਲੀ ਹੋ ਜਾਵੇ ਤਾਂ ਉਸ ਨੂੰ ਕਬਜ਼ ਦੀ ਤਕਲੀਫ਼ ਕਿਹਾ ਜਾਂਦਾ ਹੈ। ਸਾਡੇ ਲੋਕਾਂ ਵਿਚ ਕਬਜ਼ ਬਾਰੇ ਕਈ ਧਾਰਨਾਵਾਂ ਹਨ। ਜੇਕਰ ਕਿਸੇ ਨੂੰ ਆਮ ਕਰਕੇ ਦੋ ਜਾਂ ਤਿੰਨ ਵਾਰ ਪਖਾਨਾ ਆਉਂਦਾ ਹੈ ਜਾਂ ਫਿਰ ਪਖਾਨਾ ਆਉਣ ਵੇਲੇ ਸਮਾਂ ਜ਼ਿਆਦਾ ਲਗਦਾ ਹੈ ਜਾਂ ਸਖ਼ਤ ਪਖਾਨਾ ਆਉਂਦਾ ਹੈ ਤਾਂ ਇਹ ਕੋਈ ਕਬਜ਼ ਦੀ ਨਿਸ਼ਾਨੀ ਨਹੀਂ। ਆਮ ਤੌਰ 'ਤੇ ਜਿਸ ਤਰ੍ਹਾਂ ਦਾ ਭੋਜਨ ਕਰਦੇ ਹਾਂ, ਉਸੇ ਤਰ੍ਹਾਂ ਦਾ ਹੀ ਮਲ ਪਦਾਰਥ ਸਾਡੇ ਸਰੀਰ ਅੰਦਰੋਂ ਬਾਹਰ ਨਿਕਲਦਾ ਹੈ। ਉਦਾਹਰਨ ਦੇ ਤੌਰ 'ਤੇ ਜੇ ਪਿਛਲੇ 8-10 ਸਾਲਾਂ ਤੋਂ 2-3 ਦਿਨ ਬਾਅਦ ਪਖਾਨਾ ਜਾਣ ਦੀ ਆਦਤ ਹੋਵੇ ਤਾਂ ਇਸ ਨੂੰ ਅਸੀਂ ਕਬਜ਼ ਨਹੀਂ ਕਹਿ ਸਕਦੇ। ਜੇਕਰ ਕਿਸੇ ਮਰੀਜ਼ ਦੀ ਪਖਾਨਾ ਜਾਣ ਦੀ ਆਦਤ ਵਿਚ ਇਕਦਮ ਤਬਦੀਲੀ ਆ ਜਾਵੇ ਤਾਂ ਉਸ ਨੂੰ ਅਸੀਂ ਕਬਜ਼ ਦੀ ਤਕਲੀਫ਼ ਕਹਿ ਸਕਦੇ ਹਾਂ।

ਕਾਰਨ : * ਸੁੱਕਾ ਭੋਜਨ ਖਾਣ ਕਰਕੇ ਭੋਜਨ ਪਦਾਰਥਾਂ ਵਿਚ ਤਰਲਤਾ ਦੀ ਕਮੀ। * ਭੋਜਨ ਵਿਚ ਹਰੀਆਂ ਸਬਜ਼ੀਆਂ ਤੇ ਸਲਾਦ ਦੀ ਕਮੀ। * ਅੰਤੜੀਆਂ ਦਾ ਘੱਟ ਕੰਮ ਕਰਨਾ। * ਜ਼ਿਆਦਾ ਚਿਰ ਬੈਠ ਕੇ ਕੰਮ ਕਰਨਾ। * ਚਿੰਤਾ, ਜ਼ਿਆਦਾ ਸੋਚਣਾ, ਨਾਜ਼ਕ ਜਿਹੇ ਸੁਭਾਅ ਦਾ ਹੋਣਾ। * ਅੰਤੜੀਆਂ ਜਾਂ ਪੇਟ ਦੀਆਂ ਮਾਸਪੇਸ਼ੀਆਂ ਦਾ ਕਮਜ਼ੋਰ ਹੋਣਾ। * ਕਈ ਤਰ੍ਹਾਂ ਦੀਆਂ ਦਵਾਈਆਂ ਜਿਵੇਂ ਜ਼ਿਆਦਾ ਦਰਦ ਨਿਵਾਰਕ ਗੋਲੀਆਂ ਦੀ ਵਰਤੋਂ, ਅਫ਼ੀਮ ਜਾਂ ਹੋਰ ਨਸ਼ੇ ਜਾਂ ਜ਼ਿਆਦਾ ਆਇਰਨ ਦੀਆਂ ਗੋਲੀਆਂ ਖਾਣ ਕਰਕੇ। * ਭੋਜਨ ਹਜ਼ਮ ਕਰਨ ਵਾਲੇ ਤੱਤਾਂ ਦੀ ਕਮੀ। * ਜਿਗਰ ਦੀ ਕਮਜ਼ੋਰੀ ਕਰਕੇ। * ਜ਼ਿਆਦਾ ਉਲਟੀਆਂ ਆਉਣ ਕਰਕੇ। * ਸਰੀਰ ਵਿਚੋਂ ਚਮੜੀ ਰਾਹੀਂ ਜਾਂ ਗੁਰਦੇ ਰਾਹੀਂ ਜ਼ਿਆਦਾ ਪਾਣੀ ਦੀ ਮਾਤਰਾ ਨਿਕਲਣ ਕਰਕੇ ਵੀ ਕਬਜ਼ ਹੋ ਜਾਂਦੀ ਹੈ।

ਲੱਛਣ : * ਕਬਜ਼ ਬਾਰੇ ਮਰੀਜ਼ ਨੂੰ ਸਿਰਦਰਦ, ਕਮਜ਼ੋਰੀ, ਸਰੀਰ ਸੁਸਤ, ਚਿੰਤਾ ਆਦਿ ਦੀ ਤਕਲੀਫ਼ ਬਹੁਤ ਹੁੰਦੀ ਹੈ। * ਮਰੀਜ਼ ਇਸ ਤਕਲੀਫ਼ ਬਾਰੇ ਜਿੰਨਾ ਸੋਚਦਾ ਹੈ, ਓਨੀ ਹੀ ਤਕਲੀਫ਼ ਵਧਦੀ ਜਾਂਦੀ ਹੈ। * ਮਰੀਜ਼ ਦੀ ਜੀਭ ਹਰ ਵੇਲੇ ਸੁੱਕੀ ਰਹਿੰਦੀ ਹੈ। * ਕਈ ਵਾਰ ਮਰੀਜ਼ ਨੂੰ ਬਵਾਸੀਰ ਵੀ ਹੋ ਜਾਂਦੀ ਹੈ।

ਅੰਤੜੀਆਂ ਦੀ ਸੋਜ : ਅੰਤੜੀਆਂ ਦਾ ਰੋਗ ਸਾਡੇ ਪੇਟ ਵਿਚ ਇਕ ਤਰ੍ਹਾਂ ਨਾਲ ਅੰਤੜੀਆਂ ਦੀ ਸੋਜ ਦਾ ਸਿੱਟਾ ਹੈ। ਸਾਡੇ ਪੇਟ ਵਿਚ ਕੀਟਾਣੂ ਗੰਦੇ ਪਾਣੀ ਦੁਆਰਾ ਚਲੇ ਜਾਂਦੇ ਹਨ। ਇਹ ਕੀਟਾਣੂ ਪੇਟ ਅੰਦਰ ਜਾ ਕੇ ਅੰਤੜੀਆਂ ਦੇ ਆਸ-ਪਾਸ ਲੱਗੀ ਝਿੱਲੀ ਅਤੇ ਅੰਤੜੀਆਂ 'ਚ ਜਾ ਕੇ ਪਨਪਦੇ ਹਨ, ਜਿਸ ਕਰਕੇ ਅੰਤੜੀਆਂ ਵਿਚ ਸੋਜ ਹੋ ਜਾਂਦੀ ਹੈ। ਵਿਅਕਤੀ ਅੰਤੜੀ ਦਾ ਰੋਗੀ ਹੋ ਜਾਂਦਾ ਹੈ। ਮਰੀਜ਼ ਨੂੰ ਵਾਰ-ਵਾਰ ਪਖਾਨਾ, ਪਖਾਨੇ ਨਾਲ ਲੇਸ ਤੇ ਖ਼ੂਨ ਆਉਂਦਾ ਹੈ। ਜੀਭ 'ਤੇ ਚਿੱਟੀ ਪਰਤ ਜੰਮ ਜਾਂਦੀ ਹੈ ਤੇ ਪੇਟ ਦਰਦ ਹੁੰਦਾ ਹੈ।

ਇਲਾਜ : ਇਸ ਬਿਮਾਰੀ ਤੋਂ ਬਚਣ ਲਈ ਸਾਫ਼-ਸੁਥਰਾ ਪਾਣੀ ਉਬਾਲ ਕੇ, ਠੰਢਾ ਕਰਕੇ ਪੀਓ। ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖੋ। ਪਾਣੀ ਵਿਚ ਕਲੋਰੀਨ ਦੀ ਵਰਤੋਂ ਕਰੋ। ਜਿਨ੍ਹਾਂ ਇਲਾਕਿਆਂ ਵਿਚ ਇਹ ਬਿਮਾਰੀ ਹੋਵੇ, ਕੁਝ ਦੇਰ ਉਸ ਇਲਾਕੇ ਦਾ ਪਾਣੀ ਨਾ ਵਰਤੋ। ਜਦੋਂ ਵੀ ਕਿਸੇ ਨੂੰ ਇਸ ਰੋਗ ਦੇ ਲੱਛਣਾਂ ਬਾਰੇ ਪਤਾ ਲੱਗੇ ਤਾਂ ਉਸ ਤੋਂ ਘਬਰਾਉਣ ਦੀ ਲੋੜ ਨਹੀਂ। ਪੇਟ ਰੋਗਾਂ ਦੇ ਮਾਹਿਰ ਡਾਕਟਰ ਦੀ ਸਲਾਹ ਅਨੁਸਾਰ ਇਲਾਜ ਕਰਵਾਓ।

## ਤਣਾਅ ਤੋਂ ਮੁਕਤ ਹੋਣ ਲਈ ਕੀ ਕਰੀਏ?

* ਤਣਾਅ ਦੇ ਪੱਧਰ ਨੂੰ ਘੱਟ ਕਰਨ ਲਈ ਆਪਣੇ ਸਮੇਂ ਨੂੰ ਸਹੀ ਕਰੋ। ਕੋਈ ਵੀ ਕੰਮ ਕਰਨ ਤੋਂ ਪਹਿਲਾਂ ਯੋਜਨਾ ਬਣਾਓ। ਆਪਣੇ-ਆਪ 'ਤੇ ਕੰਮ ਦਾ ਜ਼ਿਆਦਾ ਬੋਝ ਨਾ ਲਓ ਅਤੇ ਆਰਾਮ ਲਈ ਸਮਾਂ ਜ਼ਰੂਰ ਰੱਖੋ। ਜਿਸ ਸਮੱਸਿਆ ਕਾਰਨ ਤੁਸੀਂ ਤਣਾਅਗ੍ਰਸਤ ਹੋ, ਉਸ ਨਾਲ ਨਿਪਟਣ ਲਈ ਠੰਢੇ ਦਿਮਾਗ ਨਾਲ ਸੋਚੋ ਅਤੇ ਉਸ ਦਾ ਹੱਲ ਕੱਢੋ।
* ਤਣਾਅਪੂਰਨ ਸਥਿਤੀ ਨਾਲ ਇਕੱਲੇ ਨਿਪਟਣ ਤੋਂ ਚੰਗਾ ਹੈ ਕਿ ਤੁਸੀਂ ਕੋਈ ਅਜਿਹਾ ਸਾਥੀ ਚੁਣੋ, ਜੋ ਇਸ ਤਣਾਅਪੂਰਨ ਸਥਿਤੀ ਵਿਚ ਤੁਹਾਡੇ ਲਈ ਮਦਦਗਾਰ ਸਾਬਤ ਹੋਵੇ। ਉਸ ਦੇ ਸਾਹਮਣੇ ਸਥਿਤੀ ਸਪੱਸ਼ਟ ਕਰੋ। ਹੋ ਸਕਦਾ ਹੈ ਉਹ ਤੁਹਾਨੂੰ ਤਣਾਅ ਵਿਚੋਂ ਬਾਹਰ ਕੱਢਣ ਵਿਚ ਸਫਲ ਹੋ ਜਾਵੇ।
* ਭਵਿੱਖ ਵਿਚ ਕੀ ਹੋਣ ਵਾਲਾ ਹੈ, ਇਸ ਬਾਰੇ ਜ਼ਿਆਦਾ ਚਿੰਤਾ ਨਾ ਕਰੋ, ਕਿਉਂਕਿ ਸਾਡੇ ਹੱਥ ਵਿਚ ਸਾਡਾ ਵਰਤਮਾਨ ਹੁੰਦਾ ਹੈ। ਭਵਿੱਖ ਸਾਡੇ ਕਾਬੂ ਤੋਂ ਬਾਹਰ ਹੁੰਦਾ ਹੈ, ਇਸ ਲਈ ਭਵਿੱਖ ਬਾਰੇ ਸੋਚ-ਸੋਚ ਕੇ ਤਣਾਅਗ੍ਰਸਤ ਨਾ ਰਹੋ।
* ਕੰਮ ਦੇ ਨਾਲ ਵਿਚ-ਵਿਚ ਆਰਾਮ ਕਰੋ। ਲਗਾਤਾਰ ਕੰਮ ਨਾ ਕਰੋ। ਪਰਿਵਾਰ, ਮਿੱਤਰਾਂ ਦੇ ਨਾਲ ਛੁੱਟੀ ਮਨਾਉਣ ਬਾਹਰ ਜਾਓ।
* ਨਿਯਮਤ ਕਸਰਤ ਕਰੋ, ਕਿਉਂਕਿ ਨਿਯਮਤ ਕਸਰਤ ਤਣਾਅ ਘੱਟ ਕਰਦੀ ਹੈ। ਤੁਹਾਨੂੰ ਚੰਗੀ ਨੀਂਦ ਦਿਵਾਉਣ ਵਿਚ ਮਦਦ ਕਰਦੀ ਹੈ ਅਤੇ ਤੁਹਾਨੂੰ ਚਿੰਤਾਵਾਂ ਤੋਂ ਦੂਰ ਰੱਖਦੀ ਹੈ।



ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਨੌਕਰੀ



ਇੱਕ ਤਾਂ ਹਾੜ ਦੇ ਦਿਨਾਂ ਦੀ ਗਰਮੀਂ ਨੇ ਲੋਕਾਂ ਨੂੰ ਮੱਕੀ ਦੇ ਦਾਣਿਆਂ ਵਾਂਗ ਭੁੰਨ ਛੱਡਿਆ ਸੀ ਅਤੇ ਦੂਜਾ ਬਿਜਲੀ ਵੀ ਲੋਕਾਂ ਨਾਲ ਲੁਕਮੀਚੀ ਖੇਡ ਰਹੀ ਸੀ। ਕਦੇ ਦੋ ਘੰਟੇ ਆ ਜਾਇਆ ਕਰੇ ਤੇ ਕਦੇ ਚਾਰ ਘੰਟੇ ਇੱਕ ਭੋਰਾ ਚਮਕਾਰਾ ਵੀ ਨਾ ਮਾਰੇ। ਗਰਮੀ ਅਤੇ ਬਿਜਲੀ ਦੇ ਸਤਾਏ ਲੋਕ ਸੱਥ ਵੱਲ ਨੂੰ ਤੜਕ ਸਾਰ ਹੀ ਵਹੀਰਾਂ ਘੱਤ ਲੈਂਦੇ। ਨੱਕੋ ਨੱਕ ਭਰੀ ਸੱਥ 'ਚ ਆ ਕੇ ਬਾਬਾ ਚੰਨਣ ਸਿਉਂ ਆਵਦੇ ਹਾਣੀ ਸੁਦਾਗਰ ਸਿਉਂ ਨੂੰ ਕਹਿੰਦਾ, "ਕਿਉਂ ਸਦਾਗਰ ਸਿਆਂ! ਜੇ ਬਿਜਲੀ ਤੇ ਗਰਮੀਂ ਦਾ ਪੰਜ ਸੱਤ ਦਿਨ ਹੋਰ ਇਉਂ ਈਂ ਚੱਜ ਹਾਲ ਰਿਹਾ ਤਾਂ ਲੋਕ ਜੈਨੂੰ ਘਮਿਆਰ ਦੀ ਆਵੀ 'ਚ ਪਏ ਕੱਚੇ ਪਿੱਲੇ ਭਾਂਡਿਆਂ ਅਰਗੇ ਹੋ ਜਾਣਗੇ ਭੁੱਜ ਕੇ। ਅੰਦਰ ਪਿਆ ਪਾਣੀ ਵੀ ਪਾਂਧੀ ਲੁਆਰ ਦੇ ਆਹਰਣ ਆਂਗੂੰ ਤਪ ਜਾਂਦਾ।"

ਤਾਸ਼ ਖੇਡੀ ਜਾਂਦਾ ਸੀਤਾ ਮਰਾਸੀ ਕਹਿੰਦਾ, "ਗਰਮੀਂ 'ਚ ਪਾਣੀ ਨੇ ਤਾਂ ਬਾਬਾ ਤੱਤਣਾ ਈਂ ਤਪਣਾ, ਪੰਦਰਾਂ ਦਿਨਾਂ ਦਾ ਸਾਰਾ ਪਿੰਡ ਤਪਿਆ ਪਿਆ ਕਰਕੇ ਪਾਂਧੀ ਲੁਆਰ ਦੇ ਆਹਰਣ 'ਤੇ ਵੀ ਵਾਰੀ ਨ੍ਹੀ ਆਉਂਦੀ। ਸਾਰਾ ਪਿੰਡ ਸੇਲੇ ਬਰਛੇ ਗੰਧਾਲੀਆਂ ਬਣਾਈ ਜਾਂਦੈ।"

ਬਾਬੇ ਚੰਨਣ ਸਿਉਂ ਨੇ ਹੈਰਾਨੀ ਨਾਲ ਪੁੱਛਿਆ, "ਬਰਛੇ ਗੰਧਾਲੀਆਂ ਕੀ ਕਰਨੇ ਐ ਲੋਕਾਂ ਨੇ। ਸਤਾਏ ਤਾਂ ਲੋਕ ਗਰਮੀਂ ਦੇ ਪਏ ਐ। ਸੇਲੇ ਬਰਛੇ ਕੀ ਕਰਨਗੇ ਗਰਮੀ ਨੂੰ ਬਈ, ਕੁ ਰੱਬ 'ਚ ਮੋਰੀ ਕਰਕੇ ਮੀਂਹ ਪੁਆਉਣ ਦੀ ਕੋਈ ਸਕੀਮ ਬਣਾਉਂਦੇ ਐ?"

ਨਾਥਾ ਅਮਲੀ ਬਾਬੇ ਚੰਨਣ ਸਿਉਂ ਨੂੰ ਕਹਿੰਦਾ, "ਬਰਛੇ ਗੰਧਾਲੀਆਂ ਨਾਲ ਕਿਤੇ ਬਾਬਾ ਬਿਜਲੀ ਆਲੇ ਨਾ ਢਾਹੁਣੇ ਢੂਹਣੇ ਹੋਣ ਬਈ ਬਿਜਲੀ ਦਾ ਕੱਟ ਮਾਰ ਦਿੰਦੇ ਐ।"

ਸੀਤੇ ਮਰਾਸੀ ਨੇ ਫੇਰ ਲਈ ਵਾਰੀ, "ਬਿਜਲੀ ਆਲੇ ਕਿਉਂ ਢਾਹੁਣੇ ਐਂ, ਆਹ ਜਿਹੜੇ ਰਾਤ ਬਰਾਤੇ ਕਿਸੇ ਨਾ ਕਿਸੇ ਦੇ ਘਰੇ ਨਿੱਤ ਈ ਚੋਰ ਆ ਵੜਦੇ ਐ, ਉਨ੍ਹਾਂ ਵਾਸਤੇ ਬੰਦੋਬਸਤ ਕਰਦੇ ਐ। ਕਈ ਦਿਨ ਹੋ ਗੇ ਓਧਰਲੇ ਗੁਆੜ ਆਲੇ ਹਾਕਮ ਫੌਜੀ ਕੀ ਸਬ੍ਹਾਤ ਦੇ ਤਖਤਿਆਂ 'ਚ ਕਿਤੇ ਬਿੱਲੀਆਂ ਲੜਦੀਆਂ-ਲੜਦੀਆਂ ਠਾਹ ਦੇਣੇ ਵੱਜੀਆਂ। ਤਖਤੇ ਇੱਕਦਮ ਬੰਦ ਹੋ ਗੇ। ਫੌਜੀ ਦੇ ਘਰ ਆਲੀ ਨੇ ਰੌਲਾ ਪਾ 'ਤਾ ਬਈ ਘਰੇ ਚੋਰ ਵੜ ਗੇ, ਚੋਰ ਵੜ ਗੇ। ਆਥਣ ਜਾ ਹੋਇਆ ਵਿਆ ਸੀ। ਲੋਕਾਂ ਨੇ ਫੌਜੀ ਦਾ ਘਰ ਇਉਂ ਘੇਰ ਲਿਆ ਜਿਮੇਂ ਛਪਾਰ ਦੇ ਮੇਲੇ 'ਤੇ ਚੰਡੋਲ ਤੋਂ ਡਿੱਗੀ ਬੌਰਨੀ ਦੁਆਲੇ ਲੋਕ 'ਕੱਠੇ ਹੋਏ ਵੇ ਹੋਣ। ਫੌਜੀ ਦੀ ਬਹੂ ਦਰਵਾਜੇ ਆਲੀ ਬੈਠਕ ਦੇ ਖੂੰਜੇ ਨਾਲ ਇਉਂ ਠਠਿੰਬਰੀ ਖੜ੍ਹੀ ਜਿਮੇਂ ਠੱਕੇ ਦੀ ਮਾਰੀ ਬੱਕਰੀ ਤੰਦੂਰ ਨਾਲ ਲੱਗੀ ਖੜ੍ਹੀ ਹੁੰਦੀ ਐ। ਸੂਬੇਦਾਰ ਖਜਾਨ ਸਿਉਂ ਦਨਾਲੀ ਰਫਲ ਲੈ ਕੇ ਕੋਠੇ ਉੱਤੋਂ ਦੀ ਹਾਕਮ ਫੌਜੀ ਕੇ ਘਰੇ ਆ ਉੱਤਰਿਆ। ਉੱਤਰਦਾ ਈ ਫੌਜੀ ਦੇ ਘਰ ਆਲੀ ਨੂੰ ਕਹਿੰਦਾ 'ਕਿਹੜੇ ਅੰਦਰ ਵੜੇ ਐ ਭਾਈ ਬੰਦੇ'? ਅਕੇ ਫੌਜਣ ਨੇ ਸਬ੍ਹਾਤ ਵੱਲ ਹੱਥ ਕਰਕੇ ਦੋਮੇਂ ਹੱਥ ਕੰਨਾਂ 'ਤੇ ਧਰ ਲੇ ਬਈ ਸੂਬੇਦਾਰ ਹੁਣ ਫੈਰ ਕਰੂ। ਜਦੋਂ ਸੂਬੇਦਾਰ ਨੇ ਸਬ੍ਹਾਤ ਵੱਲ ਨੂੰ ਰਫਲ ਸਿੱਧੀ ਕੀਤੀ ਤਾਂ ਸੁਰਜਨ ਬੁੜ੍ਹਾ ਸੂਬੇਦਾਰ ਨੂੰ ਕਹਿੰਦਾ 'ਨਾ ਬਈ ਨਾ ਖਜਾਨ ਸਿਆਂ ਰੌਂਦ ਨਾ ਚਲਾਈਂ। ਆਪਾਂ ਨੇੜੇ ਹੋ ਕੇ ਪੁੱਛਦੇ ਆਂ ਬਈ ਅੰਦਰ ਕੋਈ ਹੈ ਵੀ ਕੁ ਨਹੀਂ। ਲੋਕ ਫੌਜੀ ਕੇ ਘਰੇ ਗੰਡਾਸੇ ਟਕੂਏ ਲਈ ਖੜ੍ਹੇ ਉੱਚੀ ਉੱਚੀ ਬੋਲਣ ਬਈ ਚੋਰਾਂ ਨੂੰ ਬਾਹਰ ਕੱਢੋ ਸਹੀ। ਘਰ ਦੇ ਵੇਹੜੇ 'ਚ ਘਸਮਾਨ ਪਈ ਜਾਂਦਿਆਂ ਤੋਂ ਬਿੱਲੀਆਂ ਇੱਕ ਵਾਰ ਫੇਰ ਲੜਦੀਆਂ ਲੜਦੀਆਂ ਜਦੋਂ ਤਖਤਿਆਂ 'ਚ ਵੱਜੀਆਂ ਤਾਂ ਤਖਤੇ ਖੁੱਲ੍ਹ ਗੇ। ਸਬ੍ਹਾਤ ਦੇ ਤਖਤੇ ਖੁੱਲਦੇ ਸਾਰ ਹੀ ਲੋਕਾਂ ਦੇ 'ਕੱਠ ਦਾ ਪਤਾ ਨਾ ਲੱਗਿਆ ਬਾਬਾ ਕਿੱਧਰ ਭੱਜ ਗੇ ਡਰਦੇ। ਇੱਕ ਦੂਜੇ 'ਚ ਅੜ੍ਹਕ ਅੜ੍ਹਕ ਈ ਡਿੱਗੀ ਗਏ। ਲੋਕ ਫੌਜੀ ਦੇ ਵੇਹੜੇ 'ਚ ਇੱਕ ਦੂਜੇ ਦੇ ਹੇਠਾਂ ਉੱਤੇ ਇਉਂ ਪਏ ਜਿਮੇਂ ਦਾਣਾ ਮੰਡੀ 'ਚ ਕਣਕ ਦੀਆਂ ਬੋਰੀਆਂ ਦਾ ਢੇਰ ਮਾਰਿਆ ਹੋਵੇ। ਇੱਕ ਸਕਿੰਟ 'ਚ ਲੋਕ ਇਉਂ ਖਿੰਡ ਗੇ ਜਿਮੇਂ ਨੇਰ੍ਹੀ ਕੱਖਾਂ ਨੂੰ 'ੜਾ ਕੇ ਲੈ ਗੀ ਹੋਵੇ। ਜਦੋਂ ਤਖਤੇ ਇੱਕਦਮ ਖੁੱਲ੍ਹੇ ਤਾਂ ਸੂਬੇਦਾਰ ਖਜਾਨ ਸਿਉਂ ਦਸ ਕਰਮਾਂ 'ਤੇ ਜਾ ਡਿੱਗਿਆ। ਪੱਗ ਸੂਬੇਦਾਰ ਦੀ ਨਲਕੇ ਆਲੀ ਪਾਣੀ ਦੀ ਖੇਲ 'ਚ ਪਈ। ਬਿੱਲੀਆਂ ਲੜਦੀਆਂ ਲੜਦੀਆਂ ਜਦੋਂ ਬਾਹਰ ਵੇਹੜੇ ਵਿੱਚਦੀ ਭੱਜੀਆਂ ਤਾਂ ਫੇਰ ਜਾ ਕੇ ਪਤਾ ਲੱਗਿਆ ਬਈ ਚੋਰ ਕਾਹਨੂੰ ਵੜੇ ਸੀ ਇਹ ਤਾਂ ਬਿੱਲੀਆਂ ਸੀ ਅੰਦਰ। ਫੇਰ ਲੋਕਾਂ ਦੇ ਸਾਹ 'ਚ ਸਾਹ ਆਇਆ।"

ਮਾਹਲਾ ਨੰਬਰਦਾਰ ਕਹਿੰਦਾ, "ਕੋਠਿਆਂ ਆਲੇ ਸ਼ਕਾਇਤੀਆਂ ਦੇ ਗਿੰਦਰ ਦੀ ਲੱਤ ਵੀ ਫਿਰ ਓੱਥੇ ਈ ਟੁੱਟੀ ਹੋਣੀ ਐਂ। ਕਿੰਨੇ ਈਂ ਦਿਨ ਹੋ ਗੇ ਹਜੇ ਗੁਪਤੇ ਦੇ ਹੱਥਪਤਾਲ 'ਚ ਪਿਆ।"




ਪਿੰਡੋਂ ਬਾਹਰ ਕੋਠਿਆਂ 'ਚ ਰਹਿੰਦੇ ਗਿੰਦਰ ਕੇ ਪਰਿਵਾਰ ਨੂੰ ਸਾਰਾ ਪਿੰਡ ਸ਼ਿਕਾਇਤੀਆਂ ਦਾ ਲਾਣਾ ਕਹਿੰਦਾ ਸੀ ਕਿਉਂਕਿ ਉਨ੍ਹਾਂ ਦੇ ਟੱਬਰ ਦੇ ਜੀਅ-ਜੀਅ ਨੂੰ ਬਿਨਾਂ ਗੱਲ ਤੋਂ ਈ ਹਰ ਕਿਸੇ ਦੀ ਸ਼ਕਾਇਤ ਕਰਨ ਦੀ ਆਦਤ ਸੀ ਜਿਸ ਕਰਕੇ ਪਿੰਡ ਦੇ ਲੋਕ ਉਨ੍ਹਾਂ ਨੂੰ ਸ਼ਿਕਾਇਤੀਆਂ ਦੇ ਨਾਂਅ ਨਾਲ ਜਾਣਦੇ ਸਨ।

ਸੀਤਾ ਮਰਾਸੀ ਕਹਿੰਦਾ, "ਹੁਣ ਨੂੰ ਤਾਂ ਯਾਰ ਜੁੜ ਜਾਣੀ ਚਾਹੀਦੀ ਸੀ। ਅੱਠ ਦਸ ਦਿਨ ਹੋ ਗੇ ਏਸ ਗੱਲ ਨੂੰ ਤਾਂ।"

ਨਾਥਾ ਅਮਲੀ ਟਿੱਚਰ 'ਚ ਕਹਿੰਦਾ, "ਤੁਸੀਂ ਜੁੜਣ ਦੀ ਗੱਲ ਕਰਦੇ ਐ ਮੈਨੂੰ ਤਾਂ ਇਉਂ ਲੱਗਦਾ ਬਈ ਕਿਤੇ ਹੱਥਪਤਾਲ 'ਚੋਂ ਦੂਜੀ ਮਨਾ ਤੜਾ ਕੇ ਆ ਜੇ।"

ਬਾਬੇ ਚੰਨਣ ਸਿਉਂ ਨੇ ਪੁੱਛਿਆ, "ਕਿਉਂ ਕੀ ਗੱਲ ਹੋ ਗੀ। ਤੁਰਿਆ ਤਾਂ ਉਹਤੋਂ ਜਾਂਦਾ ਨ੍ਹੀ, ਦੂਜੀ ਕਿਮੇਂ ਤੜਾ ਲੂ ਬਈ। ਮੰਜੇ 'ਤੇ ਪਏ ਦੀ ਓ ਈਂ ਟੁੱਟ ਜੂ ਹੈਂਅ। ਲੱਤਾਂ ਕੁ ਕੰਚ ਦੇ ਗਲਾਸ ਐ ਬਈ ਤੱਤੀ ਚਾਹ ਪਾਇਆਂ ਤੋਂ ਈ ਤਿੜਕ ਜਾਣਗੇ।"

ਨਾਥਾ ਅਮਲੀ ਕਹਿੰਦਾ, "ਦੂਜੀ ਵੀ ਤੜਾਊਗਾ ਈ ਹੋਰ ਕੀ ਕਰੂ, ਸ਼ਕੈਤਾਂ ਕਰਨ ਦੀ ਆਦਤ ਤਾਂ ਜਾਂਦੀ ਨ੍ਹੀ। ਜੇ ਹੱਥਪਤਾਲ 'ਚ ਵੀ ਕਿਤੇ ਕਿਸੇ ਦੀ ਸ਼ਕੈਤ ਸ਼ਕੂਤ ਕਰ 'ਤੀ ਤਾਂ ਪੰਗਾ ਪੈਣਾ ਈਂ ਪੈਣਾ।"

ਸੀਤਾ ਮਰਾਸੀ ਕਹਿੰਦਾ, "ਓੱਥੇ ਵੀ ਪ੍ਰਭਾ ਕਰ 'ਤੀ ਸ਼ਕੈਤ। ਜੇ ਆਦਤੀ ਬੰਦੇ ਆਦਤ ਛੱਡ ਦੇਣ ਤਾਂ ਵਾਰੇਸ਼ਾਹ ਝੂਠਾ ਹੋ ਜੂ।"

ਕਰਮੇ ਮੈਂਬਰ ਨੇ ਪੁੱਛਿਆ, "ਹੱਥਪਤਾਲ 'ਚ ਕੀਹਦੀ ਸ਼ਕੈਤ ਕਰ 'ਤੀ?"

ਨਾਥਾ ਅਮਲੀ ਕਹਿੰਦਾ, "ਡਾਕਦਾਰ ਦੀ।"

ਬੁੱਘਰ ਦਖਾਣ ਕਹਿੰਦਾ, "ਉਹਦੀਆਂ ਤਾਂ ਪਹਿਲਾਂ ਈ ਬਾਹਲੀਆਂ ਸ਼ਕਾਇਤਾਂ ਹੁੰਦੀਐਂ। ਕੋਈ ਕਹਿੰਦਾ ਉਹਨੂੰ ਬੋਲਣਾ ਨ੍ਹੀ ਆਉਂਦਾ, ਕੋਈ ਕਹਿੰਦਾ ਹਰੇਕ ਦੇ ਗਲ ਪੈਂਦਾ। ਕੋਈ ਕਹੀ ਜਾਂਦਾ ਆਪ ਨੂੰ ਹੀਰਾ ਸਮਝਦਾ, ਦੂਜਿਆਂ ਨੂੰ ਕਹੂ ਕਾਣੀ ਕੌਡੀਉਂ ਖੋਟਾ।"

ਮਾਹਲਾ ਨੰਬਰਦਾਰ ਕਹਿੰਦਾ, "ਅਕਲ ਤਾਂ ਧੇਲੇ ਦੀ ਨ੍ਹੀ, ਆਵਦੇ ਆਪ ਨੂੰ ਸਮਝੂ ਬਈ ਖਣੀ ਮੈਂ ਈਂ ਸਿਆਣਾ ਸਾਰਿਆਂ ਤੋਂ।'

ਨਾਥਾ ਅਮਲੀ ਨੰਬਰਦਾਰ ਦੀ ਗੱਲ ਸੁਣ ਕੇ ਨੰਬਰਦਾਰ ਨੂੰ ਕਹਿੰਦਾ, "ਕਈ ਬੰਦੇ ਤਾਂ ਨੰਬਰਦਾਰਾ ਉਹਨੂੰ ਗਾਲ ਕੱਢਣ ਦੇ ਮਾਰੇ ਈ ਬਲਾਉਂਦੇ ਐ। ਆਹ ਆਪਣੇ ਪਿੰਡ ਆਲੇ ਜੰਗੇ ਰਾਹੀ ਦੇ ਮੁੰਡੇ ਲੱਖੇ ਦਾ ਕੁਸ ਦੁਖਦਾ ਦਖਦਾ ਤਾਂ ਹੁੰਦਾ ਨ੍ਹੀ ਤੇ ਨਾ ਈ ਓਹਨੇ ਕੋਈ ਦੁਆ ਬੂਟੀ ਕਰਾਉਣੀ ਹੁੰਦੀ ਐ, ਪਰ ਉਹਦੀ ਬੇਜਤੀ ਕਰਨ ਦਾ ਮਾਰਾ ਨਿੱਤ ਈ ਟੈਲੀਫੂਨ ਕਰਕੇ ਕਹੂ 'ਜੇ ਬਥਾੜਾ ਨ੍ਹੀ ਚੰਗਾ ਤਾਂ ਜਬਾਨ ਤਾਂ ਚੰਗੀ ਕਰ ਲਾ। ਗੰਦ ਨਾਲ ਲਿਬੜੀ ਵੀ ਸੂਰ ਦੀ ਪੂਛ ਅਰਗੀ ਬਣਾ ਕੇ ਜੀਭ, ਹਰੇਕ ਨੂੰ ਈਂ ਹਲਕੀ ਕੁੱਤੀ ਆਂਗੂੰ ਬੋਲਦੈਂ, ਸਾਲਾ ਚਰੜਗੁੱਗ ਜਾ ਨਾ ਹੋਵੇ ਤਾਂ'।"

ਬਾਬਾ ਚੰਨਣ ਸਿਉਂ ਕਹਿੰਦਾ, "ਨਹੀਂ ਯਾਰ ਆਏਂ ਤਾਂ ਨ੍ਹੀ ਕਹਿੰਦੇ ਹੋਣੇ ਲੋਕ। ਐਨੀ ਬੇਜਤੀ ਕਰਦੇ ਐ ਹੈਂਅ?"

ਨਾਥਾ ਅਮਲੀ ਫੇਰ ਬੋਲਿਆ, "ਤੂੰ ਤਾਂ ਬਾਬਾ ਕਦੇ ਸੁਣਿਐਂ ਨ੍ਹੀ ਬੋਲਦਾ। ਹਰੇਕ ਨੂੰ ਈ ਪੁੱਠਾ ਬੋਲੂ। ਲੋਕ ਵੀ ਗਾਲਾਂ ਕੱਢ-ਕੱਢ ਥੱਕ ਜਾਂਦੇ ਐ ਪਰ ਉਹ ਨ੍ਹੀ ਹਾਰਦਾ। ਪੂਰਾ ਮੋਟਾ ਢੀਠ ਐ।"

ਬਾਬਾ ਚੰਨਣ ਸਿਉਂ ਕਹਿੰਦਾ, "ਫੇਰ ਤਾਂ ਉਹ ਗੱਲ ਐ, ਅਕੇ ਕੇਰਾਂ ਲੋਕ ਕਿਸੇ ਸਾਧ ਨੂੰ ਕਹਿੰਦੇ 'ਬਾਬਾ ਜੀ! ਲੋਕ ਸੋਨੂੰ ਟਿੱਚ ਈ ਸਮਝਦੇ ਐਂ। ਸਾਧ ਮੂਹਰੋਂ ਕਹਿੰਦਾ 'ਮੈਂ ਸਾਰਿਆਂ ਨੂੰ ਟਿੱਚ ਸਮਝਦਾਂ'। ਉਹੀ ਗੱਲ ਫੇਰ ਇਹਦੀ ਐ।"

ਏਨੇ ਚਿਰ ਨੂੰ ਜਿਉਂ ਹੀ ਮੋਦਨ ਮਾਸਟਰ ਸੱਥ 'ਚ ਆਇਆ ਤਾਂ ਬਾਬੇ ਚੰਨਣ ਸਿਉਂ ਨੇ ਮਾਸਟਰ ਨੂੰ ਪੁੱਛਿਆ, "ਕਿਉਂ ਬਈ ਮਾਹਟਰ! ਕਹਿੰਦੇ ਆਪਣੇ ਪਿੰਡ ਆਲੇ ਹੱਥਪਤਾਲ ਆਲੇ ਡਾਕਦਾਰ ਨੂੰ ਜਦੋਂ ਕੋਈ ਫੂਨ ਫਾਨ ਕਰਦਾ ਜਾਂ ਮਿਲ ਕੇ ਕੋਈ ਗੱਲਬਾਤ ਕਰਦਾ ਉਹਨੂੰ ਵੱਢ ਖਾਣੀ ਕੁੱਤੀ ਆਂਗੂੰ ਪੈਂਦਾ, ਏਮੇਂ ਈ ਗੱਲ ਬਈ। ਕਿਸੇ ਵੱਡੇ ਅਸਫਰ ਉਸਫਰ ਨੂੰ ਕਹਿ ਕਹਾ ਕੇ ਬਦਲੀ ਬੁਦਲੀ ਕਰਾ ਕੇ ਓਧਰ ਬਾਡਰ ਬੂਡਰ 'ਤੇ ਸਿੱਟੋ ਪਰ੍ਹੇ।"

ਮਾਸਟਰ ਕਹਿੰਦਾ, "ਉਹਦੇ ਆਲੇ ਤਾਂ ਬਾਬਾ ਜੀ ਚੱਕ 'ਤੇ ਬਗੌੜ ਕੱਲ੍ਹ। ਜਦੋਂ ਨੌਕਰੀ ਤੋਂ ਲਾਹਿਆ ਨਾਹ, ਅਗਲਿਆਂ ਨੇ ਮਾਰਕੇ ਧੱਕੇ ਇਉਂ ਬਾਹਰ ਕੱਢ ਕੱਢਿਆ ਜਿਮੇਂ 'ਖੰਡ ਪਾਠ ਆਲੇ ਘਰੋਂ ਸ਼ਰਾਬੀ ਨੂੰ ਧੱਕੇ ਮਾਰ ਕੇ ਘਰੋਂ ਕੱਢਦੇ ਹੁੰਦੇ ਐ।"

ਨੰਬਰਦਾਰ ਨੇ ਪੁੱਛਿਆ, "ਗੱਲ ਕੀ ਹੋਈ ਸੀ ਬਈ?"

ਨਾਥਾ ਅਮਲੀ ਕਹਿੰਦਾ, "ਗੱਲ ਕੀ ਹੋਣੀ ਸੀ। ਅਗਲਿਆਂ ਨੇ ਵਾਹਸੜੀਏ ਆਂਗੂੰ ਪੂਜ ਕੇ ਰੱਖ 'ਤਾ। ਕਹਿੰਦੇ ਲੈ ਹੁਣ ਜਿੰਨਾਂ ਮਰਜੀ ਭੌਂਕੀਂ ਜਾਹ। ਹੁਣ ਇਉਂ ਤੁਰਿਆ ਫਿਰਦਾ ਹੋਊ ਜਿਮੇਂ ਕਿੱਲਾ ਪਟਾ ਕੇ ਔਂਟਲੀ ਵੀ ਮੱਝ ਤੁਰੀ ਫਿਰਦੀ ਹੁੰਦੀ ਐ।"

ਬਾਬੇ ਚੰਨਣ ਸਿਉਂ ਨੇ ਪੁੱਛਿਆ, "ਓਹਦੇ ਆਲੀ ਕੁਰਸੀ ਤਾਂ ਅਮਲੀਆ ਫਿਰ ਖਾਲੀ ਹੋ ਗੀ ਹੋਣੀ ਐ ਹੁਣ ਕੁ ਨਹੀਂ?"

ਅਮਲੀ ਕਹਿੰਦਾ, "ਅਗਲਿਆਂ ਨੇ ਪਹਿਲਾਂ ਨਮੇਂ ਨਾਲ ਗੱਲਬਾਤ ਕਰਕੇ ਫੇਰ ਈ ਕੱਢੀ ਐ ਕੁੱਤੀ ਪਕਾਹ 'ਚੋਂ। ਨਮੇਂ ਡਾਕਦਾਰ ਦੇ ਆਉਣ ਤੋਂ ਪਹਿਲਾਂ-ਪਹਿਲਾਂ ਈ ਪੰਜੀਰੀ ਦੇ ਕੇ ਤੋਰ 'ਤਾ।"

ਬੁੱਘਰ ਦਖਾਣ ਨੇ ਪੁੱਛਿਆ, "ਹੁਣ ਆਲਾ ਕਿਹੋ ਜਾ ਬਈ ਜਿਹੜਾ ਨਮਾਂ ਆਇਆ?"


ਸੀਤਾ ਮਰਾਸੀ ਕਹਿੰਦਾ, "ਕੀ ਗੱਲਾਂ ਪੁੱਛਦੈਂ ਮਿਸਤਰੀਆ। ਔਲੇ ਦੇ ਮਰੱਬੇ ਜਿੰਨਾਂ ਪੂਰਾ ਗੁਣਾਂਕਾਰੀ ਐ। ਜਦੋਂ ਨਮੇਂ ਡਾਕਦਾਰ ਨੇ ਆ ਕੇ ਫੂਕ ਮਾਰੀ, ਫੇਰ ਤਾਂ ਲੋਕਾਂ ਨੂੰ ਨਮੇਂ ਆਏ ਦਾ ਪੰਜ ਭਾਂਦੋਂ ਨੂੰ ਲਿਆਂਦੇ ਦਰੌਜੇ ਜਿੰਨਾਂ ਚਾਅ ਚੜ੍ਹ ਗਿਆ। ਪਹਿਲੇ ਦਿਨ ਈਂ ਲੋਕਾਂ ਨੇ ਬਲਾ ਬਲਾਕੇ ਸੱਸਰੀ ਕਾਲਾਂ ਗੁੜ 'ਚ ਲਿਬੜੇ ਮਸੱਦ ਅਰਗਾ ਕਰ 'ਤਾ। ਹੁਣ ਓਂਦੇ ਦੀ ਹੱਥਪਤਾਲ 'ਚ ਜਰਗ ਦੇ ਮੇਲੇ ਆਗੂੰ ਰੌਣਕ ਲੱਗੀ ਰਹਿੰਦੀ ਹੈ। ਲੋਕਾਂ ਨੂੰ ਗੱਲ ਕਰਨ ਦਾ ਟੈਮ ਈਂ ਨ੍ਹੀ ਮਿਲਦਾ।"

ਜੱਗੇ ਕਾਮਰੇਡ ਨੇ ਪੁੱਛਿਆ, "ਪਹਿਲਾ ਤਾਂ ਯਾਰ ਐਮੇਂ ਈ ਕੱਢਿਆ। ਉਹ ਕਿੱਧਰ ਨੂੰ ਤੋਰ 'ਤਾ ਬਈ?"

ਨਾਥਾ ਅਮਲੀ ਕਹਿੰਦਾ, "ਕੱਢਣਾ ਕੀਹਨੇ ਸੀ ਕਾਮਰੇਟਾ। ਆਵਦੀਂ ਕਰਤੂਤੀਂ ਨਿੱਕਲਿਆ ਜਦੋਂ ਕਿਸੇ ਨੂੰ ਮੂੰਹ ਨ੍ਹੀ ਸੀ ਬੋਲਦਾ। ਅਗਲਿਆਂ ਨੇ ਇਉਂ ਚੱਕ ਕੇ ਤੋਰ 'ਤਾ ਜਿਮੇਂ ਆਟੇ ਆਲੀ ਪਰਾਂਤ 'ਚੋਂ ਲਿਬੜਿਆ ਵਿਆ ਵੇਲਣਾ ਚੱਕੀ ਦਾ ਹੁੰਦਾ।"

ਗੱਲਾਂ ਕਰੀ ਜਾਂਦਿਆਂ ਤੋਂ ਮਾਘੀ ਚੌਂਕੀਦਾਰ ਸੱਥ 'ਚ ਆ ਕੇ ਬਾਬੇ ਚੰਨਣ ਸਿਉਂ ਨੂੰ ਕਹਿੰਦਾ, "ਬਾਬਾ ਜੀ! ਆਪਣੇ ਬੰਦਿਆਂ ਆਲੇ ਹੱਥਪਤਾਲ 'ਚ ਅੱਜ ਪਿੰਡ ਦਾ 'ਕੱਠ ਐ। ਸੋਨੂੰ ਵੀ ਸਾਰਿਆਂ ਨੂੰ ਓੱਥੇ ਸੱਦਿਆ। ਕਿਸੇ ਵੱਡੇ ਅਸਫਰ ਉਸਫਰ ਨੇ ਆਉਣੈ। ਘੁੱਲੇ ਸਰਪੈਂਚ ਨੇ ਕਿਹਾ ਬਈ ਜਿੰਨੇ ਬੰਦੇ ਸੱਥ 'ਚ ਬੈਠੇ ਐ ਉਨ੍ਹਾਂ ਸਾਰਿਆਂ ਨੂੰ ਕਹਿ ਕੇ ਆਈਂ।"

ਚੌਂਕੀਂਦਾਰ ਤੋਂ ਸੁਨੇਹਾ ਸੁਣਦੇ ਸਾਰ ਹੀ ਸੱਥ ਵਾਲੇ ਸਾਰੇ ਜਣੇ ਹਸਪਤਾਲ ਵੱਲ ਨੂੰ ਤੁਰ ਪਏ ਜਿਮੇਂ ਕਿਤੇ ਉਹ ਵੋਟਾਂ ਪਾਉਣ ਜਾਂਦੇ ਹੋਣ।



# ਦੇਸੀ ਤੜਕਾ

## ਕੁਰਕੁਰੇ ਸੈਂਡਵਿਚ



ਸਮੱਗਰੀ :

- 4 ਬ੍ਰੈੱਡ ਸਲਾਈਸ (ਦੋ ਸੈਂਡਵਿਚ),
- 1 ਟਮਾਟਰ ਗੋਲ ਪਤਲੇ ਆਕਾਰ ਵਿਚ ਕੱਟਿਆ ਹੋਇਆ
- 1 ਪਿਆਜ਼ ਗੋਲ ਪਤਲੇ ਆਕਾਰ ਵਿਚ ਕੱਟਿਆ ਹੋਇਆ
- 1 ਖੀਰਾ (ਗੋਲ ਆਕਾਰ ਵਿਚ ਕੱਟਿਆ ਹੋਇਆ ਸਲਾਈਸ)
- ਟੋਮੈਟੋ ਸਾਸ
- ਪੁਦੀਨੇ ਦੀ ਚਟਣੀ
- ਚੀਜ਼ ਜਾਂ ਮੱਖਣ।

ਵਿਧੀ : ਬ੍ਰੈੱਡ ਸਲਾਈਸ ਨੂੰ ਟੋਸਟਰ ਵਿਚ ਕ੍ਰਿਸਪ ਕਰ ਲਓ। ਹੁਣ 2 ਬ੍ਰੈੱਡ ਸਲਾਈਸ ਨੂੰ ਤਿਕੋਣ ਆਕਾਰ ਵਿਚ ਕੱਟ ਲਓ। ਹੁਣ ਇਕ ਸਲਾਈਸ 'ਤੇ ਟੋਮੈਟੋ ਸਾਸ ਅਤੇ ਇਕ ਸਲਾਈਸ 'ਤੇ ਪੁਦੀਨੇ ਦੀ ਚਟਣੀ ਰੱਖੋ। ਬਾਕੀ ਬਚੇ ਸਲਾਈਸ 'ਤੇ ਚੀਜ਼ ਜਾਂ ਮੱਖਣ ਲਗਾਓ। ਹੁਣ ਸਭ ਤੋਂ ਪਹਿਲਾਂ ਮੱਖਣ ਲੱਗਿਆ ਸਲਾਈਸ ਲਓ ਅਤੇ ਇਸ 'ਤੇ ਟਮਾਟਰ ਦੇ ਸਲਾਈਸ ਰੱਖੋ। ਫਿਰ ਇਸ ਦੇ ਉੱਪਰ ਪੁਦੀਨੇ ਦੀ ਚਟਣੀ ਲੱਗਿਆ ਸਲਾਈਸ ਰੱਖੋ ਅਤੇ ਪਿਆਜ਼ ਦੇ ਟੁਕੜੇ ਰੱਖੋ। ਫਿਰ ਇਨ੍ਹਾਂ ਦੇ ਉੱਪਰ ਟੋਮੈਟੋ ਸਾਸ ਲੱਗਿਆ ਸਲਾਈਸ ਰੱਖੋ ਅਤੇ ਖੀਰੇ ਦੇ ਟੁਕੜੇ ਰੱਖੋ। ਆਖਰ ਵਿਚ ਮੱਖਣ ਲੱਗਿਆ ਸਲਾਈ ਰੱਖ ਦਿਓ। ਸੈਂਡਵਿਚ ਟੁੱਟਣ ਨਾ। ਇਸ ਲਈ ਇਨ੍ਹਾਂ ਨੂੰ ਹਲਕੇ ਹੱਥਾਂ ਨਾਲ ਦਬਾਓ ਅਤੇ ਸੈਂਡਵਿਚ ਪੇਪਰ ਨਾਲ ਲਪੇਟੋ।

## ਮਟਰ ਦੀ ਕਚੌਰੀ



ਸਮੱਗਰੀ :

- ਇਕ ਪਾਈਆ ਮਟਰ
- ਇਕ ਨਿੰਬੂ
- 2-3 ਬਰੀਕ ਕੱਟੀਆਂ ਹਰੀਆਂ ਮਿਰਚਾਂ
- ਅਦਰਕ (ਇਕ ਛੋਟੀ ਗੰਢੀ ਬਰੀਕ ਚੀਰੀ ਹੋਈ)
- 1 ਚਮਚ ਪੀਸਿਆ ਗਰਮ ਮਸਾਲਾ
- 150-200 ਗ੍ਰਾਮ ਮੈਦਾ
- 125 ਗ੍ਰਾਮ ਆਟਾ
- 1 ਚਮਚ ਜੀਰਾ
- ਸਵਾਦ ਅਨੁਸਾਰ ਨਮਕ ਅਤੇ ਲਾਲ ਮਿਰਚ
- ਘਿਓ ਜਾਂ ਤੇਲ
- ਥੋੜ੍ਹਾ ਜਿਹਾ ਧਨੀਆ (ਬਰੀਕ ਕੱਟਿਆ)

ਵਿਧੀ : ਮੈਦੇ ਅਤੇ ਆਟੇ ਨੂੰ ਮਿਲਾ ਕੇ ਘਿਓ ਵਿਚ ਗੁੰਨ੍ਹ ਲਓ। ਲੋੜ ਅਨੁਸਾਰ ਪਾਣੀ ਮਿਲਾ ਲਓ। ਮਿਸ਼ਰਣ ਅਜਿਹਾ ਗੁੰਨ੍ਹੋ ਕਿ ਨਾ ਤਾਂ ਬਹੁਤ ਸਖਤ ਰਹੇ ਅਤੇ ਨਾ ਹੀ ਢਿੱਲਾ। ਜੀਰਾ ਅਤੇ ਅਦਰਕ ਭੁੰਨੋ ਅਤੇ ਮਟਰ ਪਾ ਦਿਓ। ਫਿਰ ਨਮਕ ਅਤੇ ਮਿਰਚ ਵੀ ਪਾ ਲਓ। ਕੜਾਹੀ ਵਿਚ ਥੋੜ੍ਹਾ ਪਾਣੀ ਪਾ ਕੇ ਢਕ ਦਿਓ। ਮਟਰ ਗਲ ਜਾਣ 'ਤੇ ਕੜਾਹੀ ਅੱਗ ਤੋਂ ਉਤਾਰ ਲਓ। ਮਟਰ ਨੂੰ ਪੀਸ ਲਓ ਅਤੇ ਉਸ ਵਿਚ ਕਤਰਿਆ ਧਨੀਆ ਅਤੇ ਹਰੀ ਮਿਰਚ ਪਾਓ। ਗਰਮ ਮਸਾਲਾ ਅਤੇ ਨਿੰਬੂ ਵੀ ਮਟਰਾਂ ਵਿਚ ਪਾਓ। ਹੁਣ ਗੁੰਨ੍ਹੇ ਹੋਏ ਆਟੇ ਅਤੇ ਮੈਦੇ ਦੇ ਮਿਸ਼ਰਣ ਦੀ ਲੋਈ ਬਣਾ ਕੇ ਮਟਰ ਮਸਾਲਾ ਇਸ ਵਿਚ ਭਰੋ। ਹੁਣ ਕੜਾਹੀ ਵਿਚ ਤੇਲ ਗਰਮ ਕਰੋ ਅਤੇ ਇਸ ਵਿਚ ਇਹ ਖਸਤਾ ਕਚੌਰੀਆਂ ਤਲੋ। ਹਲਕਾ ਸੁਨਹਿਰਾ ਹੋਣ 'ਤੇ ਇਨ੍ਹਾਂ ਨੂੰ ਕੜਾਹੀ ਵਿਚੋਂ ਕੱਢ ਕੇ ਚਟਣੀ ਨਾਲ ਪਰੋਸੋ।

## ਦਾਲ ਬੜਾ



ਸਮੱਗਰੀ :

- ਇਕ ਕੱਪ ਉੜਦ ਦੀ ਦਾਲ,
- 2-3 ਹਰੀਆਂ ਮਿਰਚਾਂ ਬਰੀਕ ਕੱਟੀਆਂ ਹੋਈਆਂ
- 3 ਚਮਚ ਬਰੀਕ ਕੱਟਿਆ ਹਰਾ ਧਨੀਆ
- ਥੋੜ੍ਹਾ ਜਿਹਾ ਬਰੀਕ ਚੀਰਿਆ ਹੋਇਆ ਅਦਰਕ
- ਨਮਕ-ਮਿਰਚ ਸਵਾਦ ਅਨੁਸਾਰ
- ਅੱਧਾ ਚਮਚ ਗਰਮ ਮਸਾਲਾ
- ਤਲਣ ਲਈ ਤੇਲ।

ਵਿਧੀ : ਉੜਦ ਦੀ ਦਾਲ ਨੂੰ ਪਾਣੀ ਨਾਲ ਚੰਗੀ ਤਰ੍ਹਾਂ ਧੋ ਕੇ 2 ਘੰਟੇ ਲਈ ਪਾਣੀ ਵਿਚ ਭਿਉਂ ਦਿਓ। ਦੋ ਘੰਟੇ ਬਾਅਦ ਇਸ ਨੂੰ ਪਾਣੀ ਨਾਲੋਂ ਅਲੱਗ ਕਰ ਲਓ ਅਤੇ ਮਿਕਸੀ ਵਿਚ ਬਰੀਕ ਪੀਸ ਕੇ ਪੇਸਟ ਬਣਾ ਲਓ। ਹੁਣ ਇਸ ਪੇਸਟ ਵਿਚ ਨਮਕ, ਮਿਰਚ, ਧਨੀਆ, ਅਦਰਕ ਮਿਲਾ ਲਓ। ਥੋੜ੍ਹਾ ਜਿਹਾ ਗਰਮ ਮਸਾਲਾ ਪਾ ਦਿਓ। ਹੁਣ ਅੱਗ 'ਤੇ ਕੜਾਹੀ ਰੱਖੋ ਅਤੇ ਤੇਲ ਗਰਮ ਕਰੋ। ਹੁਣ ਤਿਆਰ ਪੇਸਟ ਦੇ ਗੋਲੇ ਬਣਾ ਕੇ ਪਕੌੜੇ ਤਲੋ ਅਤੇ ਸੁਨਹਿਰਾ ਹੋਣ 'ਤੇ ਇਨ੍ਹਾਂ ਨੂੰ ਪਲੇਟ ਵਿਚ ਕੱਢ ਕੇ ਚਟਣੀ ਨਾਲ ਗਰਮ-ਗਰਮ ਪਰੋਸੋ।

# ਤਕਨਾਲੋਜੀ ਟਾਈਮਜ਼

## Apple ਨੂੰ ਪਛਾੜ ਦੁਨੀਆ ਦੀ ਸਭ ਤੋਂ ਵੱਡੀ ਕੰਪਨੀ ਬਣੀ Nivida

Nivida ਨੇ ਸ਼ੁੱਕਰਵਾਰ ਨੂੰ ਐਪਲ ਨੂੰ ਪਛਾੜ ਕੇ ਦੁਨੀਆ ਦੀ ਸਭ ਤੋਂ ਵੱਡੀ ਕੰਪਨੀ ਬਣਨ ਦਾ ਨਵਾਂ ਰਿਕਾਰਡ ਬਣਾਇਆ ਹੈ। ਇਸ ਦਾ ਕਾਰਨ ਕੰਪਨੀ ਦੇ ਨਵੇਂ ਸੁਪਰਕੰਪਿਊਟਿੰਗ ਅੀ ਚਿਪਸ ਦੀ ਵਧਦੀ ਮੰਗ ਹੈ, ਜਿਸ ਕਾਰਨ ਇਸ ਦੇ ਸਟਾਕ 'ਚ ਜ਼ਬਰਦਸਤ ਵਾਧਾ ਹੋਇਆ ਹੈ। LSEG ਡੇਟਾ ਦੇ ਅਨੁਸਾਰ, Nivida ਦੀ ਮਾਰਕੀਟ ਕੈਪ ਸੰਖੇਪ ਵਿੱਚ $3.53 ਟ੍ਰਿਲੀਅਨ ਤੱਕ ਪਹੁੰਚ ਗਈ, ਜਦੋਂ ਕਿ ਐਪਲ ਦੀ ਮਾਰਕੀਟ ਕੈਪ $3.52 ਟ੍ਰਿਲੀਅਨ ਸੀ। ਜੂਨ ਵਿੱਚ ਵੀ, ਐਨਵੀਡੀਆ ਨੇ ਕੁਝ ਸਮੇਂ ਲਈ ਇਹ ਚੋਟੀ ਦਾ ਸਥਾਨ ਰੱਖਿਆ ਸੀ, ਪਰ ਬਾਅਦ ਵਿੱਚ ਇਸਨੂੰ ਮਾਈਕ੍ਰੋਸਾਫਟ (ਐਮ.ਐਸ.ਐਫ.ਟੀ.) ਅਤੇ ਐਪਲ ਨੇ ਪਛਾੜ ਦਿੱਤਾ।

ਇਸ ਸਮੇਂ ਤਕਨੀਕੀ ਕੰਪਨੀਆਂ ਐਨਵੀਡੀਆ, ਐਪਲ ਅਤੇ ਮਾਈਕ੍ਰੋਸਾਫਟ ਦਾ ਮਾਰਕੀਟ ਪੂੰਜੀਕਰਣ ਬਰਾਬਰੀ 'ਤੇ ਹੈ, ਜਿਸ ਵਿੱਚ ਮਾਈਕ੍ਰੋਸਾਫਟ ਦੀ ਕੀਮਤ




$3.20 ਟ੍ਰਿਲੀਅਨ ਹੈ। ਅਕਤੂਬਰ ਵਿੱਚ ਹੁਣ ਤੱਕ, ਐਨਵੀਡੀਆ ਦੇ ਸਟਾਕ ਵਿੱਚ ਲਗਭਗ 18% ਦਾ ਵਾਧਾ ਹੋਇਆ ਹੈ। Nivida ਓਪਨਏਆਈ ਦੇ GPT-4 ਵਰਗੇ AI ਮਾਡਲਾਂ ਨੂੰ ਸਿਖਲਾਈ ਦੇਣ ਲਈ ਚਿਪਸ ਪ੍ਰਦਾਨ ਕਰਦਾ ਹੈ।

## ਮਾਈਕ੍ਰੋਸਾਫਟ ਨੇ ਰੂਸੀ ਹੈਕਰਾਂ 'ਤੇ ਅਮਰੀਕਾ ਨੂੰ ਫਿਸ਼ਿੰਗ ਈਮੇਲ ਭੇਜਣ ਦਾ ਲਗਾਇਆ ਦੋਸ਼

ਅਮਰੀਕੀ ਟੈਕਨਾਲੋਜੀ ਮਾਈਕ੍ਰੋਸਾਫਟ ਨੇ ਕਥਿਤ ਤੌਰ 'ਤੇ ਰੂਸੀ ਖੁਫੀਆ ਏਜੰਸੀ ਨਾਲ ਜੁੜੇ ਮਿਡਨਾਈਟ ਬਲਿਜ਼ਾਰਡ ਹੈਕਰ ਸਮੂਹ 'ਤੇ ਅਧਿਕਾਰੀਆਂ ਖ਼ਿਲਾਫ਼ ਸਪੀਅਰ-ਫਿਸ਼ਿੰਗ ਮੁਹਿੰਮ ਤੇਜ਼ ਕਰਨ ਦਾ ਦੋਸ਼ ਲਗਾਇਆ। ਕੰਪਨੀ ਨੇ ਮੰਗਲਵਾਰ ਨੂੰ ਇੱਕ ਬਿਆਨ ਵਿੱਚ ਕਿਹਾ, "22 ਅਕਤੂਬਰ, 2024 ਤੋਂ, ਮਾਈਕਰੋਸਾਫਟ ਥਰੇਟ ਇੰਟੈਲੀਜੈਂਸ ਨੇ ਰੂਸੀ ਖ਼ਤਰੇ ਦੇ ਅਭਿਨੇਤਾ ਮਿਡਨਾਈਟ ਬਲਿਜ਼ਾਰਡ ਗਰੁੱਪ ਦਾ ਪਤਾ ਲਗਾਇਆ ਜੋ ਸਰਕਾਰੀ, ਸਿੱਖਿਆ, ਰੱਖਿਆ, ਗੈਰ-ਸਰਕਾਰੀ ਸੰਗਠਨਾਂ ਅਤੇ ਹੋਰ ਖੇਤਰਾਂ ਵਿੱਚ ਵਿਅਕਤੀਆਂ ਨੂੰ ਉੱਚ ਨਿਸ਼ਾਨੇ ਵਾਲੀਆਂ ਸਪੀਅਰ-ਫਿਸ਼ਿੰਗ ਈਮੇਲਾਂ ਭੇਜ ਰਿਹਾ ਹੈ।" ਬਿਆਨ ਅਨੁਸਾਰ ਇਹ ਈਮੇਲ 100 ਸੰਸਥਾਵਾਂ ਦੇ ਹਜ਼ਾਰਾਂ ਉਪਭੋਗਤਾਵਾਂ ਨੂੰ ਭੇਜੇ ਗਏ ਸਨ। ਮਾਈਕ੍ਰੋਸਾਫਟ ਨੇ ਯਾਦ ਦਿਵਾਇਆ ਕਿ ਇਸ ਤੋਂ ਪਹਿਲਾਂ ਅਮਰੀਕਾ ਅਤੇ ਬ੍ਰਿਟੇਨ ਦੇ ਅਧਿਕਾਰੀਆਂ ਨੇ ਕਿਹਾ ਸੀ




ਕਿ ਮਿਡਨਾਈਟ ਬਲਿਜ਼ਾਰਡ ਕਥਿਤ ਤੌਰ 'ਤੇ ਰੂਸੀ ਖੁਫੀਆ ਏਜੰਸੀਆਂ ਨਾਲ ਜੁੜਿਆ ਹੋਇਆ ਸੀ। ਦੂਜੇ ਪਾਸੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਪਹਿਲਾਂ ਹੀ ਕਿਹਾ ਹੈ ਕਿ ਮਾਸਕੋ ਨੇ ਕਦੇ ਵੀ ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਦਖਲ ਨਹੀਂ ਦਿੱਤਾ ਹੈ ਅਤੇ ਉਹ ਕਿਸੇ ਵੀ ਰਾਸ਼ਟਰਪਤੀ ਨਾਲ ਕੰਮ ਕਰਨ ਲਈ ਤਿਆਰ ਹੈ। ਇਸ ਤੋਂ ਇਲਾਵਾ ਮਾਸਕੋ ਨੇ ਵਾਰ-ਵਾਰ ਕਿਹਾ ਹੈ ਕਿ ਉਹ ਸਾਈਬਰ ਸੁਰੱਖਿਆ 'ਤੇ ਗੱਲਬਾਤ ਲਈ ਤਿਆਰ ਹੈ।

## ਗੂਗਲ ਫੋਟੋਜ਼ 'ਚ ਜਲਦ ਆ ਰਿਹਾ ਨਵਾਂ ਫੀਚਰ

ਜੇਕਰ ਤੁਸੀਂ ਵੀ ਗੂਗਲ ਫੋਟੋਜ਼ (Google Photos) ਦਾ ਇਸਤੇਮਾਲ ਕਰਦੇ ਹੋਏ ਅਤੇ ਨਾਲ ਹੀ ਏ.ਆਈ. ਰਾਹੀਂ ਫੋਟੋ ਐਡਿਟ ਕਰਨ 'ਚ ਯਕੀਨ ਰੱਖਦੇ ਹੋ ਤਾਂ ਤੁਹਾਡੇ ਲਈ ਚੰਗੀ ਖਬਰ ਨਹੀਂ ਹੈ। ਗੂਗਲ ਫੋਟੋਜ਼ ਹੁਣ ਏ.ਆਈ. ਤਸਵੀਰਾਂ ਨੂੰ ਫਿਲਟਰ ਕਰੇਗਾ। ਜੇਕਰ ਤੁਸੀਂ ਕਿਸੇ ਫੋਟੋ ਨੂੰ ਏ.ਆਈ. ਰਾਹੀਂ ਐਡਿਟ ਵੀ ਕੀਤਾ ਹੈ ਤਾਂ ਗੂਗਲ ਫੋਟੋਜ਼ 'ਚ ਉਹ ਏ.ਆਈ. ਦੇ ਲੇਬਲ ਦੇ ਨਾਲ ਨਜ਼ਰ ਆਏਗੀ।

ਗੂਗਲ ਫੋਟੋਜ਼ ਨੇ ਵੀਰਵਾਰ ਨੂੰ ਐਲ ਕੀਤਾ ਹੈ ਕਿ ਉਹ ਉਨ੍ਹਾਂ ਤਸਵੀਰਾਂ 'ਤੇ ਵਿਸ਼ੇਸ਼ ਲੇਬਲ ਲਗਾਏਗਾ ਜੋ ਆਰਟੀਫਿਸ਼ੀਅਲ ਇੰਟੈਲੀਜੈਂਸ ਟੂਲਸ ਦਾ ਇਸਤੇਮਾਲ ਕਰਕੇ ਐਡਿਟ ਕੀਤੀਆਂ ਗਈਆਂ ਹਨ। ਇਹ ਜਾਣਕਾਰੀ ਤਸਵੀਰ ਮੈਟਾਡਾਟਾ 'ਚ ਸ਼ਾਮਲ ਹੋਵੇਗੀ, ਜਿਸ ਨਾਲ ਕਿਸੇ ਵੀ ਯੂਜ਼ਰ ਲਈ ਇਹ ਪਛਾਣਨਾ ਆਸਾਨ ਹੋਵੇਗਾ ਕਿ ਕੀ ਤਸਵੀਰ ਏ.ਆਈ. ਤਕਨੀਕਾਂ ਦਾ ਇਸਤੇਮਾਲ ਕਰਕੇ ਬਣਾਈ ਗਈ ਹੈ। ਇਸ ਤੋਂ ਇਲਾਵਾ ਗੂਗਲ ਫੋਟੋਜ਼ ਅਜਿਹੀਆਂ ਤਸਵੀਰਾਂ ਨੂੰ ਵੀ ਹਾਈਲਾਈਟ ਕਰੇਗਾ ਜੋ ਕਈ ਤਸਵੀਰਾਂ ਨੂੰ ਜੋੜ ਕੇ ਬਣਾਈਆਂ ਗਈਆਂ ਹਨ, ਜਿਵੇਂ ਕਿ ਪਿਕਸਲ ਦੇ ਖਾਸ ਫੀਚਰਜ਼ Best Take ਅਤੇ Add Me ਦਾ ਇਸਤੇਮਾਲ।

ਗੂਗਲ ਦੇ ਬਲਾਗ ਪੋਸਟ 'ਚ ਇਸ ਨਵੀਂ ਟ੍ਰਾਂਸਪਰੈਂਸੀ ਫੀਚਰ ਦੀ ਵਿਸਤਰਾਰ ਨਾਲ ਜਾਣਕਾਰੀ ਦਿੱਤੀ ਗਈ ਹੈ। ਇਹ ਏ.ਆਈ. ਲੇਬਲ ਸਿਰਫ ਉਨ੍ਹਾਂ ਤਸਵੀਰਾਂ 'ਤੇ ਲਗਾਏ ਜਾਣਗੇ ਜਿਨ੍ਹਾਂ ਨੂੰ ਗੂਗਲ ਫੋਟੋਜ਼ ਦੇ ਏ.ਆਈ. ਟੂਲਸ, ਜਿਵੇਂ- Maigc Eidtor ਅਤੇ Maigc Eraser ਦਾ ਇਸਤੇਮਾਲ ਕਰਕੇ ਐਡਿਟ ਕੀਤਾ ਗਿਆ ਹੈ, ਹਾਲਾਂਕਿ, ਕੰਪਨੀ ਨੇ ਇਹ ਨਹੀਂ ਦੱਸਿਆ ਕਿ ਕੀ ਇਹ ਲੇਬਲ ਥਰਡ ਪਾਰਟੀ ਏ.ਆਈ. ਟੂਲਸ ਨਾਲ ਐਡਿਟ ਕੀਤੀਆਂ ਗਈਆਂ ਤਸਵੀਰਾਂ 'ਤੇ ਵੀ ਲਗਾਏ ਜਾਣਗੇ।

# ਕਾਵਿ ਕਿਆਰੀ

## ਦੀਵਾਲੀ

ਹਰ ਸਾਲ ਦੀਵਾਲੀ ਆਉਂਦੀ ਏ
ਯਾਦ ਉਸ ਪਾਤਿਸ਼ਾਹ ਦੀ ਦੁਆਉਂਦੀ ਏ,
ਜੋ 'ਬੰਦੀ ਛੋੜ' ਅਖਵਾਏ
ਮੇਰੇ ਹਰਿਗੋਬਿੰਦ ਜੀ ਆਏ ।

ਬਵੰਜਾ ਰਾਜੇ ਕਿਲੇ 'ਚ ਬੰਦੀ
ਤਸ਼ੱਦਦ ਜੋ ਸਨ ਸਹਿੰਦੇ
ਗੁਰੂ ਦੇ ਚੋਲੇ ਦੀਆਂ ਫੜ ਕਲੀਆਂ
ਗਵਾਲੀਅਰ ਕਿਲੇ 'ਚੋਂ ਅਜਾਦ ਕਰਾਏ
ਮੇਰੇ ਹਰਿਗੋਬਿੰਦ ਜੀ ਆਏ ।

ਦੀਪਮਾਲਾ ਘਰਾਂ 'ਚ ਕਰਕੇ
ਲੋਕਾਂ ਰੌਣਕ ਲਾਈ
ਇਸ ਦਾ ਦਿਲੀਂ ਅਭਿਨੰਦਨ ਕਰਨ ਲਈ
ਮੇਰੇ ਹਰਿਗੋਬਿੰਦ ਜੀ ਆਏ ।

ਮਿਠਾਈਆਂ ਵੰਡੀਆਂ ਸਜਦੇ ਕੀਤੇ
ਆਤਿਸ਼ਬਾਜ਼ੀ ਨਾਲ ਚਲਾਈ
ਫਿਰ ਸ਼ੁਕਰਾਨਾ ਰੱਬ ਦਾ ਕੀਤਾ
ਜਿਸ ਇਹ ਖੁਸ਼ੀ ਦਿਖਾਈ

ਮੇਰੇ ਹਰਿਗੋਬਿੰਦ ਜੀ ਆਏ
ਜੋ 'ਬੰਦੀ ਛੋੜ' ਅਖਵਾਏ ।

**ਲੇਖਕ : ਡਾ. ਸੁਸ਼ੀਲ ਕੌਰ**

## ਯਕੀਨ ਰੱਖ

ਮੇਰਾ ਬੋਲਣਾ
ਚਹਿਕਣਾ ਲਗਦਾ ਸੀ ਕਦੇ
ਮੈਂ ਅਕਸਰ ਪੁੱਛਦੀ
ਮੈਂ ਜ਼ਿਆਦਾ ਬੋਲਦੀ ਹਾਂ?
ਨਹੀਂ! ਮੈਨੂੰ ਤਾਂ
ਬਹੁਤ ਚੰਗਾ ਲਗਦਾ ਹੈ।
ਤੇਰਾ ਜਵਾਬ ਹੁੰਦਾ
ਚਹਿਕਣ ਨੂੰ ਤੂੰ ਫਿਰ
ਚਿੜਚਿੜੇਪਣ ਵਿੱਚ
ਬਦਲ ਦਿੱਤਾ ਅਚਨਚੇਤ
ਮੇਰਾ ਬੋਲਣਾ ਨਹੀਂ
ਤੂੰ ਬਦਲ ਗਿਆ ਸੀ।
ਯਕੀਨ ਰੱਖ
ਹੁਣ
ਮੇਰੀ ਚੁੱਪ ਦੀ ਗਹਿਰਾਈ
ਤੇਰੀ
ਰੂਹ ਦੀਆਂ ਚੀਕਾਂ
ਬਣ ਕੇ ਨਿਕਲੇਗੀ।

**ਲੇਖਕ : ਹਰਪ੍ਰੀਤ ਕੌਰ ਸੰਧੂ**

## ਮਿੱਟੀ

ਜਿਸ ਮਿੱਟੀ ਦੀ ਖੁਸ਼ਬੂ
ਦੀਆਂ ਗੱਲਾਂ ਨੇ
ਜਿਸ ਨਾਲ ਜੁੜਨ ਲਈ ਮੱਲਾਂ ਨੇ
ਓਹ ਆਪ ਬੂਹੇ ਤੇ ਪਹੁੰਚੀ ਏ
ਅੱਜ ਮਿੱਟੀ ਪੁੱਛਣ ਆਈ ਏ

ਜਿਸ ਮਿੱਟੀ ਨੂੰ ਤੁਸੀਂ ਚੁੰਮਦੇ ਹੋ
ਜਿਸ ਮਿੱਟੀ ਨੂੰ ਤੁਸੀਂ ਸੁੰਘਦੇ ਹੋ
ਜਿਸ ਮਿੱਟੀ ਦੀਆਂ ਕਸਮਾਂ ਖਾ ਖਾ
ਤੁਸੀਂ ਦੇਸ਼ ਭਗਤ ਬਣ ਘੁੰਮਦੇ ਹੋ
ਓਹੀ ਮਿੱਟੀ ਪੁੱਛਣ ਆਈ ਏ

ਕਿੱਥੇ ਰੱਖਣਾ ਗਹਿਣੇ ਮੈਨੂੰ
ਕਿਹੜੀ ਤੂੰ ਸਕੀਮ ਬਣਾਈ ਏ
ਮੈਨੂੰ ਆਪਣਿਆਂ ਤੋਂ ਨਿਖੇੜਨ ਦੀ
ਏਹ ਕਿਹੜੀ ਖੇਡ ਰਚਾਈ ਏ
ਇਹ ਮਿੱਟੀ ਪੁੱਛਣ ਆਈ ਏ

ਮੇਰਾ ਕਰਜ਼ਾ ਕੀ ਮੋੜਨਾ ਤੂੰ
ਦਸ ਕਿੰਨੇ ਚ ਸੌਦਾ ਕੀਤਾ
ਬਗਾਨਿਆਂ ਨੂੰ ਲਤ ਫੜਾਵਣ ਦਾ
ਦਸ ਜਿਗਰਾ ਕਿਵੇਂ ਹੈ ਤੂੰ ਕੀਤਾ
ਅੱਜ ਮਿੱਟੀ ਪੁੱਛਣ ਆਈ ਏ
ਅੱਜ ਤੈਥੋਂ ਪੁੱਛਣ ਆਈ ਏ।

**ਲੇਖਕ : ਨਰਿੰਦਰ ਕੁਮਾਰ**

## ਪਾਣੀ 'ਤੇ ਪਰਛਾਵੇਂ

ਪਾਣੀ 'ਤੇ ਪਰਛਾਵੇਂ ਤਰਦੇ ਰਹਿੰਦੇ ਨੇ।
ਅਖ ਦੇ ਮੰਜ਼ਰ ਜੀਂਦੇ ਮਰਦੇ ਰਹਿੰਦੇ ਨੇ।

ਲੱਖਾਂ ਚਿਹਰੇ ਸ਼ਕਲਾਂ ਦੇ ਸ਼ੀਸ਼ੇ ਅੰਦਰ,
ਬੇਸ਼ਕਲੀ ਦਾ ਮਾਤਮ ਕਰਦੇ ਰਹਿੰਦੇ ਨੇ।

ਹੁਣ ਤੇ ਸੂਰਜ ਵੀ ਬੇਅਸਰ ਨੇ ਹੋ ਚੱਲੇ,
ਸਿਖਰ ਦੁਪਹਿਰੇ ਜੁੱਸੇ ਠਰਦੇ ਰਹਿੰਦੇ ਨੇ।

ਕਿਸ ਨੇ 'ਵਾ ਦੇ ਹੱਥੀਂ ਤੇਗ ਫੜਾਈ ਏ,
ਪੰਛੀ ਪਿੰਜਰੇ ਵਿਚ ਵੀ ਡਰਦੇ ਰਹਿੰਦੇ ਨੇ।

ਕਿਹੜੇ ਖ਼ੌਫ਼ ਦੇ ਕਾਲੇ ਪਰਛਾਵੇਂ ਹੇਠਾਂ,
ਚੰਨ ਸਿਤਾਰੇ ਗੱਲਾਂ ਕਰਦੇ ਰਹਿੰਦੇ ਨੇ।

**ਲੇਖਕ : ਅਕਰਮ ਸ਼ੇਖ਼**

## ਪ੍ਰਾਰਥਨਾ

ਜਿੱਥੋਂ ਦੁੱਧ ਪੀਤਾ ਫੱਕੀ ਸੱਜਰੀ ਹਵਾ
ਸਾਨੂੰ ਦੇਸ ਪਿਆਰਾ ਹੈ।
ਜਿੱਥੇ ਵਸਦੇ ਭਰਾ ਸੱਜਣ ਦੁੱਖ ਦੀ ਦੁਆ
ਜ਼ਿੰਦਗੀ ਦਾ ਸਹਾਰਾ ਹੈ।

ਦੱਸੇ ਜੀਵਨ ਦੇ ਰਾਹ
ਦਿੰਦਾ ਪ੍ਰੀਤਾਂ ਦਾ ਚਾਅ
ਅੱਖੀਆਂ ਦਾ ਸਿਤਾਰਾ ਹੈ।

ਇਸ ਨੂੰ ਭਾਗ ਲੱਗਣ
ਵਾਸੀ ਕੰਮ ਵਿੱਚ ਮਘਨ
ਏਹੋ ਸੁੱਖ ਦਾ ਭੰਡਾਰਾ ਹੈ।

ਸਤਲੁਜ, ਬਿਆਸ ਰਲੇ
ਗੰਗਾ ਜਮਨਾ ਚੱਲੇ
ਵਿੱਚੋਂ ਚੱਕਿਆ ਕਿਨਾਰਾ ਹੈ।

ਇਸ ਦੀ ਰਾਖੀ ਲਈ
ਜਿੰਦ ਮਚਲ ਰਹੀ
ਸਾਡਾ ਏਕੇ ਦਾ ਨਾਅਰਾ ਹੈ।

**ਲੇਖਕ : ਗਿਆਨੀ ਹਰੀ ਸਿੰਘ ਦਿਲਬਰ**

## ਗੰਦੇ ਆਂਡੇ

ਗੰਦੇ ਆਂਡੇ ਗੰਦ ਨੇ ਪਾਉਂਦੇ
ਗੰਦੇ ,ਗੰਦੀ ਗੰਧ ਫੈਲਾਉਂਦੇ
ਮਾੜੇ ਓਪਪਲਏ ਇੱਕ ਦੋ ਹੁੰਦੇ
ਸਾਰਿਆਂ ਨੂੰ ਮਾੜਾ ਬਣਵਾਉਂਦੇ

ਨਾਮ ਬਣਾਉਂਦਿਆਂ ਸਦੀਆਂ ਲੱਗੀਆਂ
ਫੁਕਰੇ ਪਲਾਂ ਚ ਖੂਹ ਵਿੱਚ ਪਾਉਂਦੇ
ਗਿਣਤੀ ਵਿੱਚ ਨੇ ਥੋੜੇ ਭਾਵੇਂ
ਪਰ ਲੱਖਾਂ ਦਾ ਲੱਖਣ ਲਾਉਂਦੇ

ਫੁਕਰੇ ਤੇ ਨਾਸ਼ੁਕਰੇ ਇੰਨੇ
ਰੱਬ ਨੂੰ ਵੀ ਇਹ ਟੱਬ ਬਲਾਉਂਦੇ
ਨਾਲ ਕਰਜ਼ਿਆਂ ਚੀਕ ਹੈ ਨਿੱਕਲੀ
ਕਾਰਾਂ ਦੀ ਪਰ ਚੀਕ ਕਢਾਉਂਦੇ

ਧਰਮਾਂ ਨੂੰ ਹਥਿਆਰ ਬਣਾ ਕੇ
ਲੋਕਾਂ ਦਾ ਇਹ ਲਹੂ ਵਹਾਉਂਦੇ
ਉੱਚੇ ਉੱਚੇ ਝੰਡੇ ਫੜਕੇ
ਕੌਮ ਨੂੰ ਚੰਦਰੇ ਥੱਲੇ ਲਾਉਂਦੇ

ਸੁਰਗਾਂ ਵਰਗਾ ਦੇਸ ਕਨੇਡਾ
ਨਰਕੀ ਇਸਨੂੰ ਨਰਕ ਬਣਾਉਂਦੇ
ਆਏ ਸਾਹੋਤੇਆ ਪੜ੍ਹਨ ਵਾਸਤੇ
ਪਰ ਸਭ ਨੂੰ ਇਹ ਪੜ੍ਹਨੇ ਪਾਉਂਦੇ

**ਲੇਖਕ : ਕੁਲਵੀਰ ਸਹੋਤਾ ਡਾਲਸੀਵਾਲ**

## ਹਵਾ 'ਚ ਤੀਰ

ਹੱਥ ਖਾਲੀ ਕਰਨ ਸ਼ਿਕਾਰ ਚੜ੍ਹੀ,
ਤੁਰੀ ਟਾਕੀ ਲਾਉਣ ਅਸਮਾਨ ਬੀਬੀ।
ਅੱਖਾਂ ਮੀਟ ਨਿਸ਼ਾਨਾ ਬਿੰਨ੍ਹ ਬੈਠੀ।
ਹੱਥ ਵਿੱਚ ਨਾ ਤੀਰ ਕਮਾਨ ਬੀਬੀ।

ਰੱਖ ਡੱਬੇ ਖਾਲੀ ਕਾਗਜ਼ਾਂ ਦੇ,
ਬੈਠੀ ਰੜੇ 'ਚ ਖੋਲ੍ਹ ਦੁਕਾਨ ਬੀਬੀ।
ਚੌਧਰ ਪਾਉਣ ਨੂੰ ਖਾਲੀ ਚੁੱਕ ਬੋਝਾ,
ਐਵੇਂ ਬੈਠੀ ਮਾਰ ਜ਼ੁਬਾਨ ਬੀਬੀ।

ਢਾਈ ਟੋਟਰੂ ਲੈ ਕੇ ਨਾਲ 'ਭਗਤਾ',
ਜੰਗ ਬੈਠੀ ਛੇੜ ਘਮਸਾਨ ਬੀਬੀ।
ਸੁਣੀ ਕਿਸੇ ਨਾ ਹਾਰੇ ਜੁਆਰੀਏ ਦੀ,
ਵਾਂਗ ਹੋ ਗਈ ਵੱਡੀ ਸ਼ੈਤਾਨ ਬੀਬੀ,

ਜਾਵੇ ਵੇਚ ਜੋ ਕੰਘਾ ਗੰਜਿਆਂ ਨੂੰ,
ਹੁੰਦਾ ਸੌਦੇਬਾਜ਼ ਮਹਾਨ ਬੀਬੀ।
ਪਿਆ ਸੁਰਮਾ ਨਾ ਮੁਨਾਖਿਆਂ ਦੇ,
ਰਹਿ ਬਣਨੋ ਗਈ ਪ੍ਰਧਾਨ ਬੀਬੀ।

**ਲੇਖਕ : ਬਰਾੜ 'ਭਗਤਾ ਭਾਈ ਕਾ'**
**+1-604-751-1113**

## ਰਾਜਿਆ ਰਾਜ ਕਰੇਂਦਿਆ

ਰਾਜਿਆ ਰਾਜ ਕਰੇਂਦਿਆ,
ਤੇਰੇ ਰਾਜ, ਤੜਫਦੇ ਲੋਕ ।
ਖੂਨ ਜਿਨਾਂ ਦਾ ਚੂਸ ਕੇ,
ਤੂੰ ਭੱਠ ਵਿੱਚ ਦੇਂਦਾ ਝੋਕ ।

ਰਾਜਿਆ ਰਾਜ ਕਰੇਂਦਿਆ,
ਤੇਰੇ ਰਾਜ ਦਾ ਕੀ ਇਨਸਾਫ।
ਜੋ ਸੱਚ ਨੂੰ ਸੂਲੀ ਚਾੜ੍ਹਦਾ,
ਤੇ ਝੂਠ ਨੂੰ ਕਰਦਾ ਮੁਆਫ ।

ਰਾਜਿਆ ਰਾਜ ਕਰੇਂਦਿਆ,
ਤੇਰੇ ਰਾਜ ਦਾ ਮੰਦੜਾ ਹਾਲ ।
ਜਿਥੇ ਮਿਹਨਤ ਦਾ ਮੁੱਲ ਡਾਂਗ ਹੈ,
ਤੇ ਇੱਜ਼ਤ ਦਾ ਮੁੱਲ ਗਾਲ਼ ।

ਰਾਜਿਆ ਰਾਜ ਕਰੇਂਦਿਆ,
ਤੇਰੇ ਰਾਜ ਨੇ ਚੁੱਕੀ ਅੱਤ ।
ਕਹਿ ਕੰਜਕਾਂ ਪੂਜਣ ਜਿਨਾਂ ਨੂੰ,
ਫਿਰ ਲੁੱਟ ਕਿਉਂ ਲੈਂਦੇ ਪੱਤ ?

ਰਾਜਿਆ ਰਾਜ ਕਰੇਂਦਿਆ,
ਤੈਂ ਰੱਖੇ ਜਿੜੇ ਦਲਾਲ ।
ਉਹ ਮੁਲਕ ਵੇਚ ਕੇ ਖਾ ਗਏ,
ਤੇ, ਤੂੰ ਵੀ ਰਲਿਆ ਨਾਲ।

ਰਾਜਿਆ ਰਾਜ ਕਰੇਂਦਿਆ,
ਤੇਰੇ ਰਾਜ ਨੂੰ ਲੱਗੇ ਅੱਗ ।
ਜਿਥੇ ਚੁੰਨੀਆਂ ਲੀਰੋ ਲੀਰ ਨੇ,
ਪੈਰਾਂ ਵਿੱਚ ਰੁਲਦੀ ਪੱਗ ।

ਰਾਜਿਆ ਰਾਜ ਕਰੇਂਦਿਆ,
ਤੇਰਾ ਰਾਜ ਨਾ ਬਹੁਤੀ ਦੇਰ।
ਜਦ ਹੜ੍ਹ ਲੋਕਾਂ ਦਾ ਵੱਗਦਾ
ਫਿਰ ਹੂੰਝਾ ਦਿੰਦਾ ਫੇਰ ।

**ਲੇਖਕ : ਦਲਜਿੰਦਰ ਰਹਿਲ**

## ਪਰਦੇਸੀਆਂ ਦੀ ਦੀਵਾਲੀ

ਪਰਦੇਸੀਆਂ ਨਸ਼ਾਵਿਆਂ ਦੀ ਇਹ ਵੀ ਕੀ ਦੀਵਾਲੀ ਹੈ।
ਕਾਲ਼ੀ ਭਿੱਜੀ ਰਾਤ ਖੜ੍ਹੀ ਦਰਾਂ 'ਤੇ ਸਵਾਲੀ ਹੈ।

ਸਾਊ ਪੁਤ ਰਾਮ ਜੀ ਤਾਂ ਚਲੇ ਗਏ ਸੀ ਘਰ ਨੂੰ।
ਕਮਾਊ ਪੁਤ ਮੁੜੇ ਨਹੀਂ ਹਾਲੇ ਤਾਈਂ ਘਰ ਨੂੰ।

ਬਾਰਾਂ ਦੇ ਹਜ਼ਾਰਾਂ ਹੋਏ, ਭੁੱਲੀ ਸਾਰੀ ਗਿਣਤੀ।
ਨਿਤ ਦੇਸ ਦੂਰ ਹੁੰਦਾ, ਹੁੰਦੀ ਨਹੀਂ ਮਿਣਤੀ।

ਦੀਵੇ ਕਾਹਤੋਂ ਬਾਲ਼ਦੇ ਜੇ ਬਨੇਰੇ ਨਹੀਂ ਘਰ ਦੇ,
ਬਗਾਨੇ ਕੋਰੇ ਦਿਲ ਕਦੇ ਦੁੱਖ ਨਹੀਓਂ ਹਰਦੇ।

ਪੀ ਕੇ ਦਾਰੂ ਖੇੜਦੇ, ਜੀਣ ਦਾ ਕੀ ਪੱਜ ਹੈ।
ਕੌਣ ਜਾਣੇ ਕਿਹੜੀ ਘੜੀ, ਕਲ੍ਹ ਹੈ ਨਾ ਅੱਜ ਹੈ।

ਜਿਥੇ ਮੇਰਾ ਵਾਸਾ ਉਥੇ ਕੰਧ ਹੈ ਨਾ ਦਰ ਹੈ।
ਏਸੇ ਨੂੰ ਮੈਂ ਜਾਣਿਆ ਘਰੋਂ ਦੂਰ ਘਰ ਹੈ।

ਪਰਦੇਸੀਆਂ ਨਸ਼ਾਵਿਆਂ ਦੀ ਇਹ ਵੀ ਕੀ ਦੀਵਾਲੀ ਹੈ।
ਕਾਲ਼ੀ ਭਿੱਜੀ ਰਾਤ ਖੜ੍ਹੀ ਦਰਾਂ 'ਤੇ ਸਵਾਲੀ ਹੈ।

**ਲੇਖਕ : ਅਮਰਜੀਤ ਚੰਦਨ**

## ਪੱਥਰਾਂ ਵਿਚ ਵਹੇ ਇਕ ਨਦੀ ਸਾਂਵਲੀ

ਪੱਥਰਾਂ ਵਿਚ ਵਹੇ ਇਕ ਨਦੀ ਸਾਂਵਲੀ।
ਦਰਦ ਦਿਲ ਦਾ ਕਹੇ ਇਕ ਨਦੀ ਸਾਂਵਲੀ।
ਪੀੜ ਜ਼ਖ਼ਮਾਂ ਦੀ, ਮਿਹਣੇ ਤੇ ਇਲਜ਼ਾਮ ਸਹਿ
ਗ਼ਮ ਦੇ ਸਾਗਰ ਲਹੇ ਇਕ ਨਦੀ ਸਾਂਵਲੀ।

ਮੈਂ ਜਦੋਂ ਵੀ ਲਿਖਾਂ ਗੀਤ ਕੋਈ ਗ਼ਜ਼ਲ
ਮਨ 'ਚ ਮੇਰੇ ਰਹੇ ਇਕ ਨਦੀ ਸਾਂਵਲੀ।
ਹੌਕਿਆਂ ਨੂੰ ਦਬਾ ਹੰਝੂਆਂ ਨੂੰ ਛੁਪਾ
ਹਰ ਸਿਤਮ ਨਿੱਤ ਸਹੇ ਇਕ ਨਦੀ ਸਾਂਵਲੀ।

ਜਾਣਦੇ ਹੋਏ ਵੀ ਬਣ ਕੇ ਅਣਜਾਣ ਹੀ
ਕੁਝ ਨਾ ਬੋਲੇ ਕਹੇ ਇਕ ਨਦੀ ਸਾਂਵਲੀ।
ਦਿਲ 'ਚ ਮੇਰੇ ਉਹ ਹਰ ਵਾਰ ਜਾਵੇ ਉਤਰ
ਪਾਸ ਜਦ ਵੀ ਬਹੇ ਇਕ ਨਦੀ ਸਾਂਵਲੀ।

ਕਾਸ਼ ਸਮਝੇ ਉਹ ਜੋ ਉਸ ਨੂੰ ਕਹਿ ਨਾ ਸਕਾਂ
ਬਣ ਕੇ ਮੇਰੀ ਰਹੇ ਇਕ ਨਦੀ ਸਾਂਵਲੀ।

**ਲੇਖਕ : ਕੁਲਵੰਤ ਜਗਰਾਓਂ**

## ਗ਼ਜ਼ਲ

ਵਤਨ ਦੇ ਆਸ਼ਕਾਂ ਦੇ ਕਾਫ਼ਿਲੇ ਰੁਕਦੇ ਨਹੀਂ ਹੁੰਦੇ ।
ਸਫ਼ਰ ਐਸੇ, ਸ਼ਹਾਦਤ ਬਾਦ ਵੀ ਮੁਕਦੇ ਨਹੀਂ ਹੁੰਦੇ।

ਸਮੇਂ ਦੇ ਹਾਕਮਾਂ ਕੋਸ਼ਿਸ਼ ਕਰੀ ਝੁਕ ਜਾਣ ਇਹ ਸ਼ਾਇਦ,
ਮਗਰ ਸਾਡੇ ਸਿਰੀਂ ਵਰਦਾਨ ਇਹ ਝੁਕਦੇ ਨਹੀਂ ਹੁੰਦੇ।

ਹਨੇਰਾ ਆਪਣੀ ਬੁੱਕਲ 'ਚ, ਕਾਲਖ ਭਰ ਲਵੇ ਭਾਵੇਂ,
ਕਹੋ ਉਸ ਨੂੰ ਕਿ ਸੂਰਜ ਇਸ ਤਰ੍ਹਾਂ ਲੁਕਦੇ ਨਹੀਂ ਹੁੰਦੇ।

ਉਨ੍ਹਾਂ ਦੀ ਅੱਖ ਨੂੰ ਦਿਸਦੀ ਹੈ, ਕੇਵਲ ਅੱਖ ਮਛਲੀ ਦੀ,
ਨਿਸ਼ਾਨੇ ਤੋਂ ਕਦੇ ਅਰਜਨ ਰਤਾ ਉਕਦੇ ਨਹੀਂ ਹੁੰਦੇ।

ਜੋ ਅਸਲੀ ਸੂਰਮੇ ਹਥਿਆਰ ਦੀ ਪੂਜਾ ਨਹੀਂ ਕਰਦੇ,
ਕਦੇ ਮਜ਼ਲੂਮ ਤੇ ਹੱਥ ਆਪਣਾ ਚੁਕਦੇ ਨਹੀਂ ਹੁੰਦੇ।

ਜਿਨ੍ਹਾਂ ਜੜ੍ਹ ਮੂਲ ਨਾਲੋਂ ਨਾ, ਕਦੇ ਵੀ ਤੋੜਿਆ ਨਾਤਾ,
ਸਦਾ ਰਹਿੰਦੇ ਹਰੇ ਰੁੱਖ ਉਹ ਕਦੇ ਸੁਕਦੇ ਨਹੀਂ ਹੁੰਦੇ।

ਫ਼ਲਾਂ ਨੂੰ ਟੁੱਕਦੇ ਤੋਤੇ ਬਦਲ ਸਕਦੇ ਨਹੀਂ ਫਿਤਰਤ ,
ਉਡੰਤਰ ਬਾਜ਼ ਫ਼ਸਲਾਂ ਨੂੰ ਕਦੇ ਟੁਕਦੇ ਨਹੀਂ ਹੁੰਦੇ।

ਅਜ਼ਾਦੀ ਨੂੰ ਵਿਆਹੁਣ 'ਜੀਤ' ਆਉਂਦੇ ਸੂਰਮੇ ਜੱਗ 'ਤੇ,
ਤੇ ਬੁਜ਼ਦਿਲ ਮੌਤ ਦੇ ਦਰ ਤੇ ਕਦੇ ਢੁਕਦੇ ਨਹੀਂ ਹੁੰਦੇ।

## ਧਰਤੀ ਦੇ ਬੋਲ

ਦੋ ਪਲ ਕੋਲ ਖਲੋ
ਵੇ ਰਾਹੀਆ
ਦੋ ਪਲ ਹੋਰ ਖਲੋ
ਪੂੰਝ ਦਿਆਂ ਤੇਰੇ ਮੱਥੇ ਉਤੋਂ
ਮੁੜਕਾ ਰਿਹਾ ਏ ਚੋ
ਦੋ ਪਲ ਹੋਰ ਖਲੋ
ਦੱਸ ਖਾਂ ਬੀਬਾ ਕਾਹਦੀ ਜਲਦੀ
ਖਿੱਚ ਹੈ ਤੈਨੂੰ ਕਿਸ ਮੰਜ਼ਿਲ ਦੀ
ਕਿਸ ਵਾਅਦੇ ਤੋਂ ਡਰਦਾ ਏਂ ਤੂੰ
ਦੇਰ ਨਾ ਜਾਵੇ ਹੋ
ਦੋ ਪਲ ਹੋਰ ਖਲੋ
ਦੱਸ ਜਾ ਆਪਣਾ ਥੌਹ ਟਿਕਾਣਾ
ਕਿੱਥੋਂ ਤੁਰਿਆ ਕਿੱਥੇ ਜਾਣਾ
ਕਿਸ ਪੈਂਡੇ ਦੀ ਭਟਕਣ
ਤੇਰੇ ਪੈਰੀਂ ਗਈ ਸਮੋ
ਦੋ ਪਲ ਹੋਰ ਖਲੋ
ਤੱਕ ਲੈ ਮਹਿਕਦੀਆਂ ਗੁਲਜ਼ਾਰਾਂ
ਮਾਣ ਲੈ ਕੁਝ ਚਿਰ ਮੌਜ ਬਹਾਰਾਂ
ਜਾਂਦਾ ਪੱਲੇ ਬੰਨ ਲੈ ਜਾਵੀਂ
ਫੁੱਲਾਂ ਦੀ ਖੁਸ਼ਬੋ
ਦੋ ਪਲ ਹੋਰ ਖਲੋ
ਪੂੰਝ ਦਿਆਂ ਤੇਰੇ ਮੱਥੇ ਉਤੋਂ
ਮੁੜਕਾ ਰਿਹਾ ਏ ਚੋ
ਦੋ ਪਲ ਹੋਰ ਖਲੋ

**ਲੇਖਕ : ਸੋਹਣ ਸਿੰਘ ਮੀਸ਼ਾ**

## ਮਿਸ਼ਰੀ ਦੇ ਕੁੱਜੇ

ਵਣ ਦੀਆਂ ਛਾਵਾਂ, ਫੁੱਲ ਕਥੂਦੀ
ਵਕਤ ਨੂੰ ਰੰਗਤ ਚੜ੍ਹ ਗਈ ਦੂਧੀ
ਟਾਹਣਾਂ ਦੇ ਨਾਲ਼ ਜਦ ਵੀ
ਪੋਟੇ ਘਿਸਰੀਦੇ
ਰੋਹੀ ਦੇ ਵਿੱਚ ਨੱਚਣ
ਕੁੱਜੇ ਮਿਸ਼ਰੀ ਦੇ।

ਰਾਮਾ ਰਾਮਾ ਤੇਰੀ ਸ਼ਬਰੀ
ਭੱਜੀ ਫਿਰਦੀ ਹਾਂ ਬੇਖ਼ਬਰੀ
ਮਿੱਧ-ਮਿੱਧ ਕੰਡੇ
ਤੋੜ ਲਿਆਈ ਬੇਰਾਂ ਨੂੰ
ਸੁੱਚਾ ਕਰ ਜਾਓ
ਮਾਸ-ਮਿੱਟੀ ਦਿਆਂ ਢੇਰਾਂ ਨੂੰ ।

ਨੈਣੀਂ ਉੱਡਣ ਘੁੱਗੀਆਂ-ਕੋਲਾਂ
ਇਹ ਗੱਲਾਂ ਮੈਂ ਕਿਸ ਨਾ' ਖੋਲ੍ਹਾਂ ?
ਵੰਗ ਮਾਰਦੀ ਸੈਨਤ
ਚੜ੍ਹੇ ਤੂਫ਼ਾਨਾਂ ਨੂੰ
ਹੁਣ ਤਾਂ ਚੁੰਨੀ ਢਕ ਲੈਂਦੀ
ਅਸਮਾਨਾਂ ਨੂੰ।


'ਤੂ ਦਰਿਆਉ ਦਾਨਾ ਬੀਨਾ'
ਭੱਖੜੇ ਉੱਤੇ ਨੱਚ ਮਸਕੀਨਾ
ਧਰਤ ਬਣਾ ਕੇ ਹੁਜਰਾ
ਸੂਰਜ ਬਾਲਦਿਆਂ
ਰੱਬ ਵਰਗੇ ਹੀ ਹੋ ਗਏ
ਰੱਬ ਨੂੰ ਭਾਲਦਿਆਂ ।

ਰੁੱਖਾਂ ਦੇ ਵਿੱਚ ਵੜ ਕੇ ਰੋਈਆਂ
ਅਕਲਾਂ ਤੋਤਲੀਆਂ ਨੇ ਹੋਈਆਂ
ਕਾਗ ਪਏ ਨੇ ਸੁੱਤੇ
ਨੰਗਿਆਂ ਟਾਹਣਾਂ 'ਤੇ
ਇਸ਼ਕ ਮਿਲਾਵੇ ਤਾਲਾਂ
ਰੱਬ ਦਿਆਂ ਗਾਣਾਂ 'ਤੇ ।

ਜਦ ਉੱਚਿਆਂ ਬਾਜ਼ਾਂ ਦੇ ਹਾਣੀ
ਲੰਘਣ ਦੇਸ ਮਾਲਵੇ ਥਾਣੀਂ
ਟਿੱਬੇ ਭਰਦੇ ਸਾਖੀ
ਹਰੀਆਂ ਵੇਲਾਂ ਦੀ
ਸਮਝ ਕਿਸੇ ਨਾ ਆਈ
ਤੇਰੀਆਂ ਖੇਲਾਂ ਦੀ ।

**ਲੇਖਕ : ਹਰਮਨ ਜੀਤ**

# ਨਾਰੀ ਸੰਸਾਰ



## ਰਿਸ਼ਤੇ ਵੀ ਚਾਹੁੰਦੇ ਹਨ ਆਜ਼ਾਦੀ

ਲੇਖਕ : ਪ੍ਰਵੀਨ ਅਬਰੋਲ, 98782-49944

ਆਜ਼ਾਦੀ ਬਹੁਤ ਵੱਡੀ ਮਿਹਨਤ ਹੈ, ਜਿਸ ਨੂੰ ਮਨੁੱਖ ਹੀ ਨਹੀਂ, ਹਰ ਪਸ਼ੂ-ਪੰਛੀ ਵੀ ਪਸੰਦ ਕਰਦਾ ਹੈ। ਅੱਜ ਦਾ ਮਨੁੱਖ ਏਨਾ ਸੁਆਰਥੀ ਹੋ ਗਿਆ ਹੈ ਕਿ ਉਹ ਆਪ ਤਾਂ ਆਜ਼ਾਦ ਰਹਿਣਾ ਚਾਹੁੰਦਾ ਹੈ ਪਰ ਦੂਜਿਆਂ ਨੂੰ ਆਜ਼ਾਦ ਦੇਖਣਾ ਨਹੀਂ ਚਾਹੁੰਦਾ। ਹਰ ਰਿਸ਼ਤਾ ਘੁਟਣ ਮਹਿਸੂਸ ਕਰ ਰਿਹਾ ਹੈ। ਇਨ੍ਹਾਂ ਵਿਚ ਮਿਠਾਸ ਅਤੇ ਨਿੱਘ ਦੀ ਕਮੀ ਆ ਰਹੀ ਹੈ, ਜਿਸ ਕਾਰਨ ਆਪਣੇ ਵੀ ਬੇਗਾਨੇ ਨਜ਼ਰ ਆ ਰਹੇ ਹਨ ਅਤੇ ਹਰ ਰਿਸ਼ਤੇ ਦੀ ਅਹਿਮੀਅਤ ਘਟ ਰਹੀ ਹੈ। ਜੇ ਤੁਸੀਂ ਚਾਹੁੰਦੇ ਹੋ ਕਿ ਰਿਸ਼ਤੇ ਹਮੇਸ਼ਾ ਬਣੇ ਰਹਿਣ ਤਾਂ ਉਨ੍ਹਾਂ ਨੂੰ ਖੁੱਲ੍ਹ ਕੇ ਜਿਉਣ ਦਿਓ। ਛੋਟੀ-ਛੋਟੀ ਗੱਲ 'ਤੇ ਟੋਕਾ-ਟਾਕੀ, ਇਕ-ਦੂਜੇ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣਾ ਅਤੇ ਹਰ ਸਮੇਂ ਦੂਜੇ ਨੂੰ ਛੋਟਾ ਦਿਖਾਉਣ ਦੀ ਕੋਸ਼ਿਸ਼ ਵਿਚ ਲੱਗੇ ਰਹਿਣ ਕਰਕੇ ਰਿਸ਼ਤੇ ਕਮਜ਼ੋਰ ਹੋ ਜਾਂਦੇ ਹਨ। ਇਸ ਤਰ੍ਹਾਂ ਦੇ ਮਾਹੌਲ ਵਿਚ ਰਿਸ਼ਤਿਆਂ ਵਿਚ ਦੂਰੀ ਹੀ ਨਹੀਂ ਵਧਦੀ, ਬਲਕਿ ਜੜ੍ਹੋਂ ਵੀ ਹਿੱਲ ਜਾਂਦੇ ਹਨ। ਸੋਸ਼ਲ ਮੀਡੀਆ ਦੇ ਯੁੱਗ ਵਿਚ ਤਾਂ ਲੋਕ ਉਂਜ ਵੀ ਰਿਸ਼ਤਿਆਂ ਨੂੰ ਤੇਜ਼ੀ ਨਾਲ ਭੁੱਲ ਰਹੇ ਹਨ। ਜੇ ਅਸੀਂ ਵੀ ਇਕ-ਦੂਜੇ ਦੀਆਂ ਭਾਵਨਾਵਾਂ ਜਾਂ ਮਜਬੂਰੀਆਂ ਨੂੰ ਨਾ ਸਮਝਿਆ ਤਾਂ ਰਿਸ਼ਤੇ ਬੋਝ ਬਣ ਜਾਣਗੇ। ਸਾਨੂੰ ਬਿਨਾਂ ਕਿਸੇ ਸੁਆਰਥ ਦੇ ਇਨ੍ਹਾਂ ਨੂੰ ਆਪਣੇ ਢੰਗ ਨਾਲ ਜਿਉਣ ਦਾ ਮੌਕਾ ਦੇਣਾ ਚਾਹੀਦਾ ਹੈ।

ਗੱਲ ਜਦੋਂ ਆਜ਼ਾਦੀ ਦੀ ਹੋਵੇ ਤਾਂ ਰਿਸ਼ਤਿਆਂ ਵਿਚ ਵਿਅਕਤਿਤਵ ਛੂਟ ਜ਼ਰੂਰ ਹੋਣੀ ਚਾਹੀਦੀ ਹੈ। ਪਤੀ-ਪਤਨੀ ਵਲੋਂ ਆਪਸ ਵਿਚ ਇਕ-ਦੂਜੇ ਦਾ ਪੂਰਾ ਧਿਆਨ ਰੱਖਣਾ ਬਹੁਤ ਚੰਗੀ ਗੱਲ ਹੈ। ਜ਼ਰੂਰਤ ਤੋਂ ਜ਼ਿਆਦਾ ਖਿਆਲ ਰੱਖਣ ਦਾ ਮਤਲਬ ਹੈ ਰਿਸ਼ਤਿਆਂ ਵਿਚ ਸਹਿਜਤਾ ਦਾ ਖ਼ਤਮ ਹੋਣਾ। ਦੋਵੇਂ ਕੁਝ ਸਮਾਂ ਆਪਣੇ-ਆਪ ਨੂੰ ਜ਼ਰੂਰ ਦੇਣ। ਜਿਵੇਂ ਪਤੀ ਦਾ ਆਪਣੇ ਮਿੱਤਰਾਂ ਨਾਲ ਜਾਂ ਮਾਂ-ਬਾਪ ਆਦਿ ਨਾਲ ਕੁਝ ਸਮਾਂ ਬਿਤਾਉਣਾ। ਇਸ ਤਰ੍ਹਾਂ ਪਤਨੀ ਆਪਣੀਆਂ ਸਹੇਲੀਆਂ ਨਾਲ ਕਿੱਟੀ ਪਾਰਟੀ ਦਾ ਆਨੰਦ ਲੈ ਸਕਦੀ ਹੈ ਜਾਂ ਰੁਚੀ ਅਨੁਸਾਰ ਕੰਮ ਕਰ ਸਕਦੀ ਹੈ। ਇਸ ਤਰ੍ਹਾਂ ਰਿਸ਼ਤੇ ਮਜ਼ਬੂਤ ਵੀ ਹੋਣਗੇ ਅਤੇ ਜੀਵਨ ਦਾ ਆਨੰਦ ਵੀ ਆਵੇਗਾ।

ਭੈਣ-ਭਰਾ ਦੇ ਰਿਸ਼ਤੇ ਵਿਚ ਵੀ ਸਮੇਂ ਨਾਲ ਤਬਦੀਲੀ ਆਉਣੀ ਜ਼ਰੂਰੀ ਹੈ। ਪਹਿਲਾਂ ਉਹ ਇਕ ਵਾਤਾਵਰਨ ਵਿਚ ਵੱਡੇ ਹੁੰਦੇ ਹਨ, ਵਿਆਹ ਤੋਂ ਬਾਅਦ ਸਭ ਕੁਝ ਬਦਲ ਜਾਂਦਾ ਹੈ। ਭਰਾ ਨੂੰ ਵਿਆਹੀ ਭੈਣ ਦੀ ਜ਼ਿੰਦਗੀ ਵਿਚ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਭੈਣ ਨੂੰ ਆਪਣੇ ਭਰਾ-ਭਰਜਾਈ 'ਤੇ ਬੋਝ ਬਣਨਾ ਚਾਹੀਦਾ ਹੈ। ਹਰੇਕ ਦੀ ਆਪਣੀ ਜ਼ਿੰਦਗੀ ਹੈ ਤੇ ਉਸ ਨੂੰ ਉਸ ਦੇ ਢੰਗ ਨਾਲ ਜਿਉਣ ਦਾ ਹੱਕ ਦੇਵਾਂਗੇ ਤਾਂ ਰਿਸ਼ਤੇ ਦੂਰ ਤੱਕ ਸਾਥ ਦੇਣਗੇ। ਇਸ ਕਰਕੇ ਕਦੇ ਵੀ ਬਿਨਾਂ ਮੰਗੇ ਸਲਾਹ ਨਾ ਦਿਓ।

ਸੱਸ-ਨੂੰਹ ਦੀ ਗੱਲ ਕਰੀਏ ਤਾਂ ਇੰਜ ਲਗਦਾ ਹੈ ਜਿਵੇਂ ਆਜ਼ਾਦੀ ਖ਼ਤਮ ਹੀ ਹੋ ਜਾਂਦੀ ਹੈ। ਇਸ ਕਾਰਨ ਇਹ ਰਿਸ਼ਤਾ ਬਹੁਤ ਸੰਵੇਦਨਸ਼ੀਲ ਹੈ ਪਰ ਇਸ ਦੀ ਵੀ ਡੋਰ ਸਾਡੇ ਹੱਥ ਹੈ। ਜੇ ਥੋੜ੍ਹੀ ਸਮਝਦਾਰੀ ਤੋਂ ਕੰਮ ਲਈਏ ਤਾਂ ਰਿਸ਼ਤਿਆਂ ਨੂੰ ਖੰਭ ਲਗਦਿਆਂ ਦੇਰ ਨਹੀਂ ਲਗਦੀ। ਜੇ ਸੱਸ ਇਕ ਕਦਮ ਅੱਗੇ ਵਧੇ ਤਾਂ ਨੂੰਹ ਨੂੰ ਵੀ ਦੋ ਕਦਮ ਅੱਗੇ ਵਧਣਾ ਚਾਹੀਦਾ ਹੈ। ਸਮੇਂ ਦੇ ਨਾਲ-ਨਾਲ ਸਭ ਨੂੰ ਆਜ਼ਾਦੀ ਦੇਣਾ ਜ਼ਰੂਰੀ ਹੈ, ਤਾਂ ਹੀ ਹਰ ਕੋਈ ਖੁੱਲ੍ਹ ਕੇ ਜੀਅ ਸਕਦਾ ਹੈ। ਲੋੜ ਪੈਣ 'ਤੇ ਨੂੰਹ ਨੂੰ ਸਮਝਾਇਆ ਜਾ ਸਕਦਾ ਹੈ ਪਰ ਰੋਕ-ਟੋਕ ਕਰਨਾ ਠੀਕ ਨਹੀਂ। ਸੱਸ ਨੂੰ ਵੀ ਮਾਂ ਵਰਗਾ ਸਤਿਕਾਰ ਦਿੱਤਾ ਜਾ ਸਕਦਾ ਹੈ।

ਮਿੱਤਰ ਵੀ ਬਹੁਤ ਪਿਆਰੇ ਹੁੰਦੇ ਹਨ ਪਰ ਮਿੱਤਰਤਾ ਨੂੰ ਸੀਮਤ ਕਰਨਾ ਅਕਲਮੰਦੀ ਨਹੀਂ। ਕਦੇ ਵੀ ਬਿਨਾਂ ਸੋਚੇ-ਸਮਝੇ ਉਸ ਦੇ ਨਿੱਜੀ ਜੀਵਨ ਵਿਚ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ। ਉਹ ਤੁਹਾਡਾ ਮਿੱਤਰ ਜ਼ਰੂਰ ਹੈ ਪਰ ਉਸ ਦਾ ਵੀ ਘਰ-ਪਰਿਵਾਰ ਹੈ। ਉਸ ਦੀਆਂ ਚੀਜ਼ਾਂ ਨੂੰ ਬਿਨਾਂ ਪੁੱਛੇ ਕਦੇ ਵੀ ਇਸਤੇਮਾਲ ਨਹੀਂ ਕਰਨਾ ਚਾਹੀਦਾ। ਇਸ ਅਟੁੱਟ ਰਿਸ਼ਤੇ ਨੂੰ ਬਣਾਈ ਰੱਖਣ ਵਿਚ ਆਜ਼ਾਦੀ ਦਾ ਅਹਿਮ ਰੋਲ ਹੈ, ਇਸ ਲਈ ਇਸ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਜੇ ਮਿੱਤਰ ਮੁਸ਼ਕਿਲ ਵਿਚ ਹੋਵੇ ਤਾਂ ਕਦੇ ਵੀ ਉਸ ਦਾ ਇਮਤਿਹਾਨ ਨਹੀਂ ਲੈਣਾ ਚਾਹੀਦਾ।

ਅੱਜ ਬਹੁਤ ਸਾਰੇ ਰਿਸ਼ਤੇ ਟੁੱਟਣ ਦੀ ਕਗਾਰ ਦੇ ਨਾਲ-ਨਾਲ ਖ਼ਤਮ ਹੋ ਰਹੇ ਹਨ। ਭੱਜ-ਦੌੜ ਦੀ ਜ਼ਿੰਦਗੀ ਵਿਚ ਕਿਸੇ ਕੋਲ ਇਕ-ਦੂਜੇ ਵਾਸਤੇ ਸਮਾਂ ਨਹੀਂ ਹੈ। ਬੱਚਿਆਂ ਨੂੰ ਰਿਸ਼ਤਿਆਂ ਬਾਰੇ ਜਾਣਕਾਰੀ ਲਗਪਗ ਖਤਮ ਹੋ ਰਹੀ ਹੈ। ਲੋਕ ਜ਼ਿਆਦਾ ਤੋਂ ਜ਼ਿਆਦਾ ਸਮਾਂ ਸੋਸ਼ਲ ਸਾਈਟਸ ਨਾਲ ਬਿਤਾ ਰਹੇ ਹਨ। ਰਿਸ਼ਤੇਦਾਰ ਭਾਰ ਨਜ਼ਰ ਆ ਰਹੇ ਹਨ, ਇਸ ਲਈ ਜੇ ਅਸੀਂ ਚਾਹੁੰਦੇ ਹਾਂ ਕਿ ਕੁਝ ਰਿਸ਼ਤੇ ਬਣੇ ਰਹਿਣ ਤਾਂ ਉਨ੍ਹਾਂ ਦੀ ਆਜ਼ਾਦੀ ਵਿਚ ਰੁਕਾਵਟ ਨਾ ਬਣੀਏ। ਜੇ ਅਸੀਂ ਰਿਸ਼ਤਿਆਂ ਦਾ ਆਨੰਦ ਮਾਨਣਾ ਚਾਹੁੰਦੇ ਹਾਂ ਤਾਂ ਹਰ ਰਿਸ਼ਤੇ ਨੂੰ ਆਜ਼ਾਦੀ ਨਾਲ ਜਿਉਣ ਦਾ ਹੱਕ ਦਈਏ। ਆਜ਼ਾਦ ਰਿਸ਼ਤੇ ਹੀ ਜੀਵਨ ਵਿਚ ਗਰਮਾਹਟ ਅਤੇ ਨਿੱਘ ਲਿਆ ਸਕਦੇ ਹਨ। ਖੁੱਲ੍ਹ ਕੇ ਜੀਓ ਤੇ ਜਿਉਣ ਦਿਓ।

---

### ਬਦਲਦੇ ਮੌਸਮ ਵਿਚ

## ਹੱਥਾਂ-ਪੈਰਾਂ ਦੀ ਸਾਂਭ-ਸੰਭਾਲ

ਮੌਸਮ ਵਿਚ ਤਬਦੀਲੀ ਤੁਹਾਡੀ ਚਮੜੀ ਨੂੰ ਲੈ ਕੇ ਤਣਾਅਪੂਰਨ ਹੋ ਸਕਦੀ ਹੈ, ਵਿਸ਼ੇਸ਼ ਤੌਰ 'ਤੇ ਜਦੋਂ ਗਰਮੀ ਅਤੇ ਹੁੰਮਸ ਭਰੇ ਮਹੀਨੇ ਠੰਢੇ ਮੌਸਮ ਵਿਚ ਤਬਦੀਲ ਹੋਣ ਲਗਦੇ ਹਨ। ਇਕ ਵਾਰ ਜਦੋਂ ਤਾਪਮਾਨ ਬਦਲਣਾ ਸ਼ੁਰੂ ਹੋ ਜਾਵੇ ਤਾਂ ਤੁਹਾਨੂੰ ਆਪਣੀ ਚਮੜੀ ਦੀ ਦੇਖਭਾਲ ਸਬੰਧੀ ਰੁਟੀਨ ਨੂੰ ਵੀ ਬਦਲਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਆਮ ਤੌਰ 'ਤੇ ਇਸ ਤਬਦੀਲੀ ਕਾਰਨ ਤੁਹਾਡੀ ਚਮੜੀ ਭੱਦੀ ਲੱਗਣ ਲੱਗੇਗੀ। ਇਹ ਕੁਝ ਸਮੇਂ ਲਈ ਚਮੜੀ ਲਈ ਮੁਸ਼ਕਿਲ ਪੈਦਾ ਕਰ ਸਕਦੀ ਹੈ। ਠੰਢੇ ਮੌਸਮ ਵਿਚ ਆਪਣੀ ਚਮੜੀ ਦੀ ਦੇਖਭਾਲ ਸਬੰਧੀ ਸਮੇਂ ਸਿਰ ਹੇਠ ਲਿਖੇ ਅਨੁਸਾਰ ਧਿਆਨ ਦਿੱਤਾ ਜਾ ਸਕਦਾ ਹੈ-



1. **ਰਾਤ ਸਮੇਂ ਚਿਹਰੇ ਲਈ ਹਾਈਡ੍ਰੇਟਿੰਗ ਮਾਇਸਚਰਾਈਜਰ ਦੀ ਵਰਤੋਂ ਕਰੋ :** ਚਮੜੀ ਦੀ ਖ਼ਤਮ ਹੋ ਚੁੱਕੀ ਨਮੀ ਨੂੰ ਮੁੜ ਠੀਕ ਕਰਨ ਲਈ, ਸੌਣ ਤੋਂ ਪਹਿਲਾਂ ਹਾਈਡ੍ਰੇਟਿੰਗ ਮਾਇਸਚਰਾਈਜਰ ਦੀ ਚਿਹਰੇ 'ਤੇ ਵਰਤੋਂ ਕਰੋ। ਇਸ ਤਰ੍ਹਾਂ ਰਾਤ ਵੇਲੇ ਤੁਹਾਡੀ ਚਮੜੀ ਦੀ ਮੁਰੰਮਤ ਆਪਣੇ-ਆਪ ਹੋ ਜਾਵੇਗੀ ਅਤੇ ਉਮਰ ਤੋਂ ਪਹਿਲਾਂ ਝੁਰੜੀਆਂ ਪੈਣ ਤੋਂ ਵੀ ਬਚਾਅ ਰਹੇਗਾ। ਮਾਇਸਚਰਾਈਜ਼ਰ ਨੂੰ ਵਿਟਾਮਿਨ 'ਈ' ਅਤੇ ਅਲਫ਼ਾ ਹਾਈਡ੍ਰੋਕਸੀ ਐਸਿਡ ਨਾਲ ਵਰਤੋ, ਜੋ ਚਮੜੀ ਵਿਚ ਖੁਸ਼ਕੀ ਨੂੰ ਦੂਰ ਕਰੇਗੀ।
2. **ਨਰਮ ਮਾਇਸਚਰਾਈਜ਼ਿੰਗ ਬਾਡੀ ਸੋਪ ਦੀ ਵਰਤੋਂ ਸ਼ੁਰੂ ਕਰੋ :** ਐਂਟੀਬੈਕਟੀਰੀਅਲ ਬਾਡੀ ਸੋਪ ਹੋ ਸਕਦਾ ਚਮੜੀ ਦੀ ਕੁਦਰਤੀ ਨਮੀ ਲਈ ਠੀਕ ਨਾ ਬੈਠਣ। ਸਰਦੀਆਂ ਵਿਚ ਜੇਕਰ ਤੁਸੀਂ ਐਂਟੀਬੈਕਟੀਰੀਅਲ ਬਾਡੀ ਸੋਪ ਦੀ ਵਰਤੋਂ ਕਰਦੇ ਹੋ ਤਾਂ ਤੁਹਾਡੀ ਚਮੜੀ ਕਾਫੀ ਖੁਸ਼ਕ ਹੋ ਸਕਦੀ ਹੈ। ਇਸ ਲਈ ਨਰਮ, ਖੁਸ਼ਬੂ ਰਹਿਤ ਮਾਇਸਚਰਾਈਜ਼ਿੰਗ ਸਾਬਣ ਦੀ ਚੋਣ ਹੀ ਕਰੋ।
3. ਜ਼ਿਆਦਾ ਦੇਰ ਗਰਮ ਇਸ਼ਨਾਨ ਤੋਂ ਬਚੋ : ਹਮੇਸ਼ਾ ਇਸ਼ਨਾਨ ਕਰਨ ਤੋਂ ਬਾਅਦ ਆਪਣੇ ਸਰੀਰ 'ਤੇ ਲੋਸ਼ਨ ਲਗਾਉਣਾ ਨਾ ਭੁੱਲੋ, ਖਾਸ ਤੌਰ 'ਤੇ ਖੁਸ਼ਕ ਭਾਗਾਂ ਉੱਪਰ। ਇਸ ਤਰ੍ਹਾਂ ਕਰਕੇ ਪੂਰਾ ਦਿਨ ਤੁਹਾਡੀ ਚਮੜੀ ਦੀ ਨਮੀ ਠੀਕ ਰਹੇਗੀ।
4. **ਨਰਮ ਸੂਤੀ ਕੱਪੜੇ ਪਹਿਨੋ :** ਚਮੜੀ ਨਾਲ ਸਿੱਧੇ ਸੰਪਰਕ ਵਿਚ ਆਉਣ ਵਾਲੇ ਪੋਲੀਐਸਟਰ ਕੱਪੜੇ ਪਹਿਨਣ ਤੋਂ ਬਚੋ, ਖਾਸ ਤੌਰ 'ਤੇ ਆਪਣੇ ਗਲੇ ਦੁਆਲੇ। ਬਦਲਦਾ ਹੋਇਆ ਮੌਸਮ ਤੁਹਾਡੀ ਚਮੜੀ ਨੂੰ ਖੁਸ਼ਕ ਤੇ ਖਰਾਬ ਕਰ ਸਕਦਾ ਹੈ। ਇਸ ਤਰ੍ਹਾਂ ਦੇ ਕੱਪੜੇ ਰਗੜ ਪੈਦਾ ਕਰਕੇ ਚਮੜੀ ਦੀਆਂ ਮੁਸ਼ਕਿਲਾਂ ਵਿਚ ਵਾਧਾ ਕਰਦੇ ਹਨ। ਇਸ ਲਈ ਕਮੀਜ਼ਾਂ, ਬਲਾਊਜ਼ ਤੇ ਸਵੈਟਰ ਨਰਮ ਸੂਤੀ ਹੀ ਪਹਿਨੋ।
5. **ਹੱਥਾਂ-ਪੈਰਾਂ ਨੂੰ ਮਾਇਸਚਰਾਈਜ਼ ਕਰਨਾ ਨਾ ਭੁੱਲੋ :** ਹੱਥਾਂ ਅਤੇ ਪੈਰਾਂ ਦੀ ਚਮੜੀ 'ਤੇ ਮੌਸਮ ਦਾ ਤੁਰੰਤ ਅਸਰ ਹੁੰਦਾ ਹੈ। ਇਸ ਲਈ ਮਾਇਸਚਰਾਈਜ਼ਿੰਗ ਲੋਸ਼ਨ ਲਗਾਉਣਾ ਨਾ ਭੁੱਲੋ। ਹੱਥਾਂ ਅਤੇ ਪੈਰਾਂ ਦੀ ਖੁਸ਼ਕ ਚਮੜੀ 'ਤੇ ਖਰਾਸ਼ ਹੋ ਸਕਦੀ ਹੈ ਅਤੇ ਇਹ ਫਟ ਸਕਦੇ ਹਨ ਜਾਂ ਦਰਦ ਵੀ ਕਰ ਸਕਦੇ ਹਨ। ਇਸ ਲਈ ਨਹਾਉਣ ਪਿੱਛੋਂ ਮਾਇਸਚਰਾਈਜ਼ਰ ਕਰੀਮ ਜ਼ਰੂਰ ਲਗਾਓ। ਚਮੜੀ ਪੋਸ਼ਕ ਤੱਤਾਂ ਨੂੰ ਆਪਣੇ ਵਿਚ ਛੇਤੀ ਜਜ਼ਬ ਕਰ ਲੈਂਦੀ ਹੈ ਜਦੋਂ ਕਿ ਇਹ ਆਪ ਨਮੀ ਵਾਲੀ ਅਤੇ ਨਰਮ ਰਹਿੰਦੀ ਹੈ।

---

## ਘਰ ਵਿਚ ਬਣੇ ਪੈਕ ਨਾਲ ਨਿਖਾਰੋ ਆਪਣਾ ਚਿਹਰਾ

ਲੇਖਕ : ਪ੍ਰਤਿਮਾ ਅਰੋੜਾ

ਘਰ ਵਿਚ ਬਣੇ ਫੇਸ ਪੈਕ ਦੁਆਰਾ ਆਪਣੀ ਸੁੰਦਰਤਾ ਨੂੰ ਘੱਟ ਸਮੇਂ ਵਿਚ ਹੀ ਨਿਖਾਰਿਆ ਜਾ ਸਕਦਾ ਹੈ। ਤੁਹਾਡੀ ਰਸੋਈ ਵਿਚ ਬਹੁਤ ਸਾਰੀਆਂ ਅਜਿਹੀਆਂ ਚੀਜ਼ਾਂ ਮੌਜੂਦ ਹਨ, ਜਿਨ੍ਹਾਂ ਦੀ ਵਰਤੋਂ ਨਾਲ ਤੁਸੀਂ ਘਰ ਬੈਠੇ ਕੁਦਰਤੀ ਫੇਸ ਪੈਕ ਦੁਆਰਾ ਆਪਣੀ ਚਮੜੀ ਦੀ ਕਿਸਮ ਅਨੁਸਾਰ ਫੇਸ ਪੈਕ ਬਣਾ ਕੇ ਉਸ ਨੂੰ ਚਿਹਰੇ 'ਤੇ ਲਗਾ ਕੇ ਆਪਣੀ ਚਮੜੀ ਨੂੰ ਖੂਬਸੂਰਤ ਬਣਾ ਸਕਦੇ ਹੋ।

### ਰੁੱਖੀ ਚਮੜੀ

ਦੋ ਚਮਚੇ ਮਿਲਕ ਪਾਊਡਰ ਵਿਚ, ਦੋ ਚਮਚੇ ਸ਼ਹਿਦ ਅਤੇ ਪਾਣੀ ਦੀਆਂ ਕੁਝ ਬੂੰਦਾਂ ਪਾ ਕੇ ਇਕ ਪੇਸਟ ਤਿਆਰ ਕਰੋ। ਜੇ ਤੁਹਾਡੀ ਚਮੜੀ ਜ਼ਿਆਦਾ ਰੁੱਖੀ ਹੈ ਤਾਂ ਇਸ ਵਿਚ ਪਾਣੀ ਦੀ ਜਗ੍ਹਾ ਗੁਲਾਬ ਜਾਂ ਬਦਾਮ ਦੇ ਤੇਲ ਦੀ ਵਰਤੋਂ ਕਰ ਸਕਦੇ ਹੋ। ਇਸ ਨੂੰ ਚਿਹਰੇ 'ਤੇ 15 ਮਿੰਟ ਤੱਕ ਰੱਖਣ ਤੋਂ ਬਾਅਦ ਆਪਣੇ ਚਿਹਰੇ ਨੂੰ ਧੋ ਲਓ।

### ਤੇਲੀ ਚਮੜੀ

ਦੋ ਚਮਚੇ ਮੁਲਤਾਨੀ ਮਿੱਟੀ ਵਿਚ, ਇਕ ਚਮਚਾ ਗੁਲਾਬ ਜਲ ਅਤੇ ਕੁਝ ਬੂੰਦਾਂ ਨਿੰਬੂ ਦੇ ਰਸ ਦੀਆਂ ਪਾ ਕੇ ਇਕ ਪੇਸਟ ਤਿਆਰ ਕਰੋ। ਇਸ ਨੂੰ ਆਪਣੇ ਚਿਹਰੇ 'ਤੇ ਲਗਾਓ ਅਤੇ 10 ਮਿੰਟ ਬਾਅਦ ਧੋ ਲਓ। ਮੁਲਤਾਨੀ ਮਿੱਟੀ ਵਿਚ ਸੰਤਰੇ ਦਾ ਰਸ ਮਿਲਾ ਕੇ ਵੀ ਚਿਹਰੇ 'ਤੇ ਲਗਾਇਆ ਜਾ ਸਕਦਾ ਹੈ।

### ਆਮ ਚਮੜੀ

ਖੀਰੇ ਨੂੰ ਦੋ ਕਿਊਬ ਵਿਚ ਕੱਟੋ, ਉਸ ਵਿਚ ਅੱਧਾ ਕੱਪ ਓਟਸ ਮਿਲਾ ਕੇ ਦਰਦਰਾ ਪੇਸਟ ਤਿਆਰ ਕਰੋ। ਇਸ ਪੇਸਟ ਨੂੰ ਰੈਫਰੀਜਰੇਟਰ ਵਿਚ ਰੱਖ ਕੇ ਇਕ ਹਫ਼ਤੇ ਤੱਕ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਤਿਆਰ ਪੇਸਟ ਵਿਚ ਇਕ ਚਮਚਾ ਮਲਾਈ ਪਾ ਕੇ ਇਸ ਨੂੰ ਚੰਗੀ ਤਰ੍ਹਾਂ ਮਿਲਾ ਲਓ। ਇਸ ਨੂੰ ਆਪਣੇ ਚਿਹਰੇ 'ਤੇ ਲਗਾਓ ਅਤੇ 10 ਮਿੰਟ ਤੱਕ ਲਗਾ ਕੇ ਰੱਖੋ। ਇਸ ਤੋਂ ਬਾਅਦ ਇਸ ਨੂੰ ਠੰਢੇ ਪਾਣੀ ਨਾਲ ਧੋ ਲਓ।



### ਮਿਲੀਜੁਲੀ ਚਮੜੀ

ਅੱਧਾ ਕੱਪ ਦਹੀਂ ਵਿਚ ਆਂਡੇ ਦੀ ਸਫੈਦੀ ਮਿਲਾ ਕੇ ਇਸ ਨੂੰ ਚੰਗੀ ਤਰ੍ਹਾਂ ਮਿਕਸ ਕਰ ਲਓ। ਇਸ ਨੂੰ ਚਿਹਰੇ 'ਤੇ 15 ਮਿੰਟ ਤੱਕ ਲਗਾ ਕੇ ਰੱਖਣ ਤੋਂ ਬਾਅਦ ਧੋ ਲਓ। ਇਸ ਤੋਂ ਇਲਾਵਾ ਪੱਕੇ ਫਲਾਂ ਜਿਵੇਂ ਸਟਰਾਬਰੀ, ਕੀਵੀ, ਪਪੀਤਾ ਅਤੇ ਕੇਲੇ ਵਰਗੇ ਫਲਾਂ ਦੁਆਰਾ ਵੀ ਪੇਸਟ ਤਿਆਰ ਕੀਤਾ ਜਾ ਸਕਦਾ ਹੈ। ਫਲ ਨੂੰ ਚੰਗੀ ਤਰ੍ਹਾਂ ਮੈਸ਼ ਕਰਨ ਤੋਂ ਬਾਅਦ ਇਸ ਵਿਚ ਥੋੜ੍ਹਾ ਸ਼ਹਿਦ ਅਤੇ ਨਿੰਬੂ ਦਾ ਰਸ ਮਿਲਾ ਲਓ। ਇਸ ਪੇਸਟ ਨੂੰ 10-12 ਮਿੰਟ ਤੱਕ ਚਿਹਰੇ 'ਤੇ ਲਗਾ ਕੇ ਰੱਖੋ ਅਤੇ ਇਸ ਤੋਂ ਬਾਅਦ ਧੋ ਲਓ।

### ਸੰਵੇਦਨਸ਼ੀਲ ਚਮੜੀ

ਜਿਨ੍ਹਾਂ ਦੀ ਚਮੜੀ ਸੰਵੇਦਨਸ਼ੀਲ ਹੁੰਦੀ ਹੈ, ਉਨ੍ਹਾਂ ਨੂੰ ਘਰ ਵਿਚ ਬਣੇ ਫੇਸਪੈਕ ਦੀ ਵਰਤੋਂ ਕਰਨ ਤੋਂ ਪਹਿਲਾਂ ਚਮੜੀ ਰੋਗ ਮਾਹਿਰ ਦੀ ਸਲਾਹ ਲੈਣੀ ਚਾਹੀਦੀ ਹੈ। ਦੋ ਚਮਚੇ ਓਟ ਵਿਚ ਦੋ ਚਮਚੇ ਬਦਾਮ ਮਿਲਾ ਕੇ ਪਾਊਡਰ ਤਿਆਰ ਕਰੋ। ਉਸ ਵਿਚ ਅੱਧੇ ਖੀਰੇ ਨੂੰ ਕੱਦੂਕਸ਼ ਕਰਕੇ ਉਸ ਦਾ ਰਸ ਕੱਢੋ। ਇਸ ਪੇਸਟ ਨੂੰ ਠੰਢਾ ਕਰਨ ਤੋਂ ਬਾਅਦ ਚਿਹਰੇ 'ਤੇ 15 ਮਿੰਟ ਤੱਕ ਲਗਾ ਕੇ ਰੱਖੋ ਅਤੇ ਉਸ ਤੋਂ ਬਾਅਦ ਚਿਹਰਾ ਧੋ ਲਓ।

**ਪੈਕ ਲਗਾਉਣ ਤੋਂ ਪਹਿਲਾਂ :**

* ਚਿਹਰੇ 'ਤੇ ਪੈਕ ਲਗਾਉਣ ਤੋਂ ਪਹਿਲਾਂ ਚਿਹਰੇ ਨੂੰ ਚੰਗੀ ਤਰ੍ਹਾਂ ਧੋ ਕੇ ਉਸ ਨੂੰ ਥਪਥਪਾ ਕੇ ਸੁਕਾਓ।
* ਚਿਹਰੇ 'ਤੇ ਇਕਸਾਰ ਮਾਸਕ ਲਗਾਓ।
* ਗੁਲਾਬ ਜਲ ਵਿਚ ਰੂੰ ਭਿਉਂ ਕੇ ਅੱਖਾਂ 'ਤੇ ਰੱਖੋ।
* ਪੈਕ ਨੂੰ ਜਿੰਨੇ ਸਮੇਂ ਤੱਕ ਚਿਹਰੇ 'ਤੇ ਲਗਾ ਕੇ ਰੱਖੋ, ਉਸ ਤੋਂ ਬਾਅਦ ਠੰਢੇ ਪਾਣੀ ਨਾਲ ਚਿਹਰੇ ਨੂੰ ਧੋਵੋ ਅਤੇ ਕਿਸੇ ਸਖ਼ਤ ਤੌਲੀਏ ਨਾਲ ਪੂੰਝਣ ਦੀ ਬਜਾਏ ਚਿਹਰੇ ਨੂੰ ਥਪਥਪਾ ਕੇ ਸੁਕਾਓ।
* ਪੈਕ ਲਗਾਉਣ ਤੋਂ ਬਾਅਦ ਮਾਇਸਚਰਾਈਜ਼ਰ ਦੀ ਵੀ ਵਰਤੋਂ ਕੀਤੀ ਜਾ ਸਕਦੀ ਹੈ।



# CLASSIFIEDS & MATRIMONIALS



## BRIDE WANTED

Jat Sikh Gill family seeks a suitable match for their son, 29 yrs. old, 5’11” tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08

## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09


# CLASSIFIED & MATRIMONIAL

ਜੇਕਰ ਤੁਸੀਂ ਆਪਣਾ ਵਪਾਰ ਅਤੇ ਕਾਰੋਬਾਰ ਨੂੰ ਹੋਰ ਵਧਾਉਣਾ ਚਾਹੁੰਦੇ ਹੋ ਤਾਂ ਪੰਜਾਬੀ ਭਾਈਚਾਰੇ ਦੇ ਹਰਮਨ ਪਿਆਰੇ ਅਖ਼ਬਾਰ ਕੈਨੇਡੀਅਨ ਪੰਜਾਬ ਟਾਈਮਜ਼ 'ਚ ਇਸ਼ਤਿਹਾਰ ਦੇ ਕੇ ਆਪਣੇ ਵਪਾਰ ਅਤੇ ਕਰੋਬਾਰ ਨੂੰ ਹੋਰ ਵਧਾਓ।

JUST $20 ONLY

ਕੈਨੇਡੀਅਨ ਪੰਜਾਬ ਟਾਈਮਜ਼ ਹੁਣ ਤੁਸੀਂ ਆਪਣੇ ਕਾਰੋਬਾਰ ਸਬੰਧੀ ਇਸ਼ਤਿਹਾਰ ਜਾਂ ਮੈਟਰੀਮੋਨੀਅਲ ਸਬੰਧੀ ਇਸ਼ਤਿਹਾਰ ਸਿਰਫ਼ 20 ਡਾਲਰ ਵਿੱਚ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ 604-338-7310


# ਪੰਜਾਬ ਵਿਚ ਕੁਦਰਤ ਤੇ ਪੰਜਾਬ ਪਖੀ ਖੇਤੀ ਮਾਡਲ ਉਸਾਰੇ ਸਰਕਾਰ

ਲੇਖਕ : ਐਸ ਐਸ ਛੀਨਾ

ਪੰਜਾਬ ਜਾਂ ਭਾਰਤ ਦੀ ਖੇਤੀ ਸੁਧਾਰਨ ਲਈ ਕੈਨੇਡਾ, ਆਸਟ੍ਰੇਲੀਆ ਜਾਂ ਅਮਰੀਕਾ ਵਰਗੇ ਦੇਸ਼ਾਂ ਦਾ ਖੇਤੀ ਮਾਡਲ ਨਹੀਂ ਅਪਣਾਇਆ ਜਾ ਸਕਦਾ। ਭਾਰਤ ਦੀ ਧਰਤੀ ਜਿਹੜੀ ਦੁਨੀਆ ਦਾ 2.4 ਫ਼ੀਸਦੀ ਭਾਗ ਹੈ, ਉਸ 'ਤੇ ਦੁਨੀਆ ਦੇ ਸਭ ਦੇਸ਼ਾਂ ਤੋਂ ਵਧ 17.6 ਫ਼ੀਸਦੀ ਵਸੋਂ ਰਹਿੰਦੀ ਹੈ, ਜਿਸ ਨੇ ਖੇਤੀ ਜੋਤਾਂ ਦਾ ਆਕਾਰ ਸੀਮਤ ਕੀਤਾ ਹੋਇਆ ਹੈ। ਪੰਜਾਬ ਵਿਚ ਨਵੀਂ ਖੇਤੀ ਨੀਤੀ ਲਾਗੂ ਕੀਤੀ ਜਾ ਰਹੀ ਹੈ, ਜਿਸ ਦਾ ਉਦੇਸ਼ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਨਾ ਹੈ, ਪਰ ਇਥੇ ਵੀ ਭੂਮੀ ਦਾ ਘਟਦਾ ਆਕਾਰ ਇਕ ਵੱਡੀ ਸਮੱਸਿਆ ਹੈ। ਭਾਵੇਂ ਕਿ ਪੰਜਾਬ ਉਹ ਪ੍ਰਾਂਤ ਹੈ ਜਿਥੇ ਸੀਮਾਂਤ ਜੋਤਾਂ (2.5 ਏਕੜ ਤੋਂ ਘੱਟ), ਨਾਗਾਲੈਂਡ ਨੂੰ ਛੱਡ ਕੇ ਸਭ ਤੋਂ ਘੱਟ 13 ਫ਼ੀਸਦੀ ਹਨ, ਜਦੋਂ ਕਿ ਰਾਸ਼ਟਰ ਦੀ ਪੱਧਰ 'ਤੇ ਇਹ 74 ਫ਼ੀਸਦੀ ਹਨ ਪਰ 5 ਏਕੜ ਤੋਂ ਘੱਟ ਜੋਤਾਂ ਦੀ ਗਿਣਤੀ 74 ਫ਼ੀਸਦੀ ਹੈ। ਕੁਝ ਸਮਾਂ ਪਹਿਲਾਂ ਭਾਰਤ ਦੇ ਪ੍ਰਸਿੱਧ ਖੇਤੀ ਆਰਥਿਕ ਮਾਹਰ ਡਾ. ਜੀ.ਐੱਸ. ਭੱਲਾ ਨੇ ਇਕ ਅਧਿਐਨ ਵਿਚ ਇਹ ਰਿਪੋਰਟ ਦਿੱਤੀ ਸੀ ਕਿ ਜਿਹੜੀ ਜੋਤ ਦਾ ਆਕਾਰ 15 ਏਕੜ ਤੋਂ ਘੱਟ ਹੈ ਉਹ ਜੋਤ ਉਸ ਪਰਿਵਾਰ ਦੀਆਂ ਘਰੇਲੂ ਲੋੜਾਂ ਪੂਰੀਆਂ ਕਰਨ ਜੋਗੀ ਆਮਦਨ ਪੈਦਾ ਨਹੀਂ ਕਰ ਸਕਦੀ ਪਰ ਪੰਜਾਬ ਵਿਚ ਤਾਂ 91 ਫ਼ੀਸਦੀ ਜੋਤਾਂ 15 ਏਕੜ ਤੋਂ ਘੱਟ ਹਨ।

ਖੇਤੀ ਵਿਚ ਘਟ ਉਪਜ ਹੋਵੇ ਜਾਂ ਜ਼ਿਆਦਾ ਹੋ ਜਾਵੇ, ਖੇਤੀ ਕੁਦਰਤੀ ਕਾਰਨਾਂ ਕਰਕੇ ਘੱਟ ਉਪਜ ਦੇਵੇ ਜਾਂ ਜ਼ਿਆਦਾ ਉਪਜ ਕਰਕੇ ਖੇਤੀ ਉਤਪਾਦਨ ਬਹੁਤ ਵਧ ਜਾਵੇ ਅਤੇ ਕੀਮਤਾਂ ਬਹੁਤ ਘੱਟ ਜਾਣ, ਉਸ ਦਾ ਪ੍ਰਭਾਵ ਸਿਰਫ ਕਿਸਾਨਾਂ 'ਤੇ ਪੈਂਦਾ ਹੈ। ਖੇਤੀ ਵਸਤੂਆਂ ਦੇ ਵਪਾਰੀ 'ਤੇ ਉਸ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਖੇਤੀ ਵਪਾਰੀ ਹਮੇਸ਼ਾ ਲਾਭ ਕਮਾਉਂਦਾ ਹੈ। ਜਿਹੜੀ ਸਬਜ਼ੀ ਜਾਂ ਫਲ ਕਿਸਾਨ ਆਪਣੇ ਖੇਤ ਵਿਚ 16 ਰੁਪਏ ਕਿੱਲੋ ਵੇਚਦਾ ਹੈ ਉਹ ਰੇਹੜੀ 'ਤੇ 40 ਰੁਪਏ ਕਿੱਲੋ ਦੇ ਨਜ਼ਦੀਕ ਵਿੱਕਦਾ ਹੈ ਪਰ ਕਿਸਾਨ ਦਾ ਉਸ ਵਿਚ ਕੀ ਹਿੱਸਾ ਹੈ? ਕੋਈ ਵੀ ਨਹੀਂ। ਜਿਹੜੀ ਬਾਸਮਤੀ ਕਿਸਾਨ 2000 ਰੁਪਏ ਕੁਇੰਟਲ ਵੇਚ ਕੇ ਆਪਣੇ ਖ਼ਰਚੇ ਪੂਰੇ ਕਰਦਾ ਹੈ, ਉਹ ਬਾਸਮਤੀ ਦਾ ਦਰਾਮਦਕਾਰ 8000 ਰੁਪਏ ਦੇ ਕਰੀਬ ਵੇਚਦਾ ਹੈ। ਖੇਤੀ ਵਸਤੂਆਂ ਦੇ ਵਪਾਰ ਵਿਚ ਕਿਸਾਨ ਦਾ ਹਿੱਸਾ ਪੈਦਾ ਕਰਨ ਵਾਲਾ ਖੇਤੀ ਮਾਡਲ ਪੰਜਾਬ ਜਾਂ ਭਾਰਤ ਦੀ ਖੇਤੀ ਦੇ ਅਨੁਕੂਲ ਹੈ। ਨਾ ਤਾਂ ਕਿਸਾਨ ਰੇਹੜੀ ਲਾ ਕੇ ਫ਼ਸਲ ਵੇਚ ਸਕਦਾ ਹੈ ਨਾ ਹੀ ਉਹ ਬਰਾਮਦ ਕਰ ਸਕਦਾ ਹੈ।

ਭਾਵੇਂ ਕਿ ਉਸ ਕੋਲ ਕਿੰਨਾ ਵੀ ਵੱਡਾ ਭੂਮੀ ਆਕਾਰ ਹੋਵੇ। ਕੀਮਤ ਵਿਚ ਹਿੱਸਾ ਪੈਦਾ ਕਰਨ ਲਈ ਕਿਸਾਨ ਦੀ ਮਦਦ ਸਹਿਕਾਰਤਾ ਕਰ ਸਕਦੀ ਹੈ. ਜਿਸ ਤਰ੍ਹਾਂ ਡੇਅਰੀ



ਸਹਿਕਾਰਤਾ ਵਿਚ ਕੀਤਾ ਜਾਂਦਾ ਹੈ। ਪੰਜਾਬ ਦੇ ਕੁੱਲ ਘਰੇਲੂ ਉਤਪਾਦਨ ਵਿਚ ਡੇਅਰੀ ਦਾ 9 ਫ਼ੀਸਦੀ ਹਿੱਸਾ ਹੈ, ਜਦੋਂ ਕਿ ਭਾਰਤ ਦੀ ਪੱਧਰ 'ਤੇ ਇਹ ਸਿਰਫ਼ 5 ਫ਼ੀਸਦੀ ਹੈ। ਪਿੰਡਾਂ ਦਾ ਛੋਟਾ ਕਿਸਾਨ ਵੀ ਦੁੱਧ ਤੋਂ ਬਣੀਆਂ ਵਸਤੂਆਂ ਦੀ ਬਰਾਮਦ ਵਿਚੋਂ ਕਮਾਏ ਲਾਭ ਵਿਚ ਹਿੱਸੇਦਾਰ ਹੈ, ਜੋ ਕਿ ਸਹਿਕਾਰਤਾ ਕਰਕੇ ਸੰਭਵ ਹੋਇਆ ਹੈ।

ਕੀ ਇਸ ਤਰ੍ਹਾਂ ਦਾ ਸਹਿਕਾਰੀ ਮਾਡਲ ਸਬਜ਼ੀਆਂ, ਫ਼ਲਾਂ, ਹੋਰ ਵਪਾਰਕ ਫ਼ਸਲਾਂ ਲਈ ਨਹੀਂ ਬਣਾਇਆ ਜਾ ਸਕਦਾ, ਜਿਸ ਨੂੰ ਅਪਨਾਉਣ ਲਈ ਸਰਕਾਰ ਦੀ ਸਰਪ੍ਰਸਤੀ ਦੀ ਉਸੇ ਤਰ੍ਹਾਂ ਹੀ ਲੋੜ ਹੈ, ਜਿਸ ਤਰ੍ਹਾਂ ਉਨ੍ਹਾਂ ਨੇ ਡੇਅਰੀ ਸਹਿਕਾਰਤਾ ਵਿਚ ਮੁਹੱਈਆ ਕੀਤੀ ਸੀ। ਪੰਜਾਬ ਭਾਵੇਂ ਦੇਸ਼ ਭਰ ਵਿਚ ਸਭ ਤੋਂ ਵਿਕਸਤ ਖੇਤੀ ਪ੍ਰਾਂਤ ਹੈ ਪਰ ਜੈਮ, ਜੂਸ, ਮੁਰੱਬੇ, ਤੇਲ ਆਦਿ ਪੰਜਾਬ ਵਿਚ ਨਹੀਂ, ਸਗੋਂ ਹੋਰ ਪ੍ਰਾਂਤਾਂ ਤੋਂ ਆ ਕੇ ਪੰਜਾਬ ਵਿਚ ਵਿਕਦੇ ਹਨ। ਸਹਿਕਾਰਤਾ ਅਧੀਨ ਖੇਤੀ ਆਧਾਰਿਤ ਉਦਯੋਗ ਪ੍ਰਾਂਤ ਦੀ ਸਰਕਾਰ ਦੀ ਤਰਜੀਹ ਹੋਣੀ ਚਾਹੀਦੀ ਹੈ ਅਤੇ ਹਰ ਖੇਤਰ ਵਿਚ ਉਥੋਂ ਦੀਆਂ ਜ਼ਿਆਦਾ ਅਨੁਕੂਲ ਫ਼ਸਲਾਂ ਲਈ ਸਹਿਕਾਰਤਾ ਅਧੀਨ ਉਸ ਉਪਜ 'ਤੇ ਆਧਾਰਿਤ ਉਦਯੋਗਿਕ ਇਕਾਈ ਲੱਗਣੀ ਚਾਹੀਦੀ ਹੈ। ਗੁਰਦਾਸਪੁਰ, ਬਟਾਲਾ, ਅੰਮ੍ਰਿਤਸਰ ਅਤੇ ਨਵਾਂਸ਼ਹਿਰ ਆਦਿ ਸ਼ਹਿਰਾਂ ਦੀਆਂ ਸਹਿਕਾਰੀ ਖੰਡ ਮਿੱਲਾਂ ਨੇ ਉਨ੍ਹਾਂ ਖੇਤਰਾਂ ਦੇ ਕਿਸਾਨਾਂ ਦੀ ਆਮਦਨ ਵਧਾਉਣ ਵਿਚ ਵੱਡਾ ਯੋਗਦਾਨ ਪਾਇਆ ਸੀ। ਨਵੀਂ ਖੇਤੀ ਨੀਤੀ ਵਿਚ ਖੇਤੀ ਵਿਭਿੰਨਤਾ ਨੂੰ ਅਪਨਾਉਣ 'ਤੇ ਜ਼ੋਰ ਦਿੱਤਾ ਗਿਆ ਹੈ ਅਤੇ ਘੱਟੋ-ਘੱਟ ਸਮਰਥਨ ਮੁੱਲ ਲਾਗੂ ਕਰਨ ਦੀਆਂ ਤਜਵੀਜ਼ਾਂ ਰੱਖੀਆਂ ਹਨ। ਸਿਰਫ਼ ਦੋ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਕਣਕ ਅਤੇ ਝੋਨਾ ਜਿਹੜਾ ਕੇਂਦਰੀ ਸਰਕਾਰ ਦਿੰਦੀ ਹੈ, ਉਸ ਤੋਂ ਇਲਾਵਾ ਜੇ ਹੋਰ ਪ੍ਰਮੁੱਖ ਫ਼ਸਲਾਂ ਨੂੰ ਪ੍ਰਾਂਤ ਦੀ ਸਰਕਾਰ ਘੱਟੋ-ਘੱਟ ਸਮਰਥਨ ਮੁੱਲ 'ਤੇ ਖ਼ਰੀਦ ਲਵੇ ਤਾਂ ਇਸ ਵਿਚ ਸਰਕਾਰ ਦਾ ਕੀ ਨੁਕਸਾਨ ਹੈ? ਉਹ ਖ਼ਰੀਦੀਆਂ ਅਜਿਹੀਆਂ ਫ਼ਸਲਾਂ ਹੋਰ ਪ੍ਰਾਂਤਾਂ ਵਿਚ ਵੀ ਤੇ ਪੰਜਾਬ ਵਿਚ ਵੀ ਵੇਚ ਸਕਦੀ ਹੈ। ਇਸ ਵਕਤ ਵੀ ਭਾਵੇਂ ਭਾਰਤ ਡੇਢ ਲੱਖ ਕਰੋੜ ਰੁਪਏ ਦੀਆਂ ਦਾਲਾਂ ਅਤੇ ਇੰਨੇ ਹੀ ਮੁੱਲ ਦੇ ਤੇਲਾਂ ਦੇ ਬੀਜ ਵਿਦੇਸ਼ਾਂ ਤੋਂ ਦਰਾਮਦ ਕਰ ਰਿਹਾ ਹੈ ਪਰ ਪੰਜਾਬ ਵੀ ਨਾ ਦਾਲਾਂ ਅਤੇ ਨਾ ਤੇਲ ਬੀਜਾਂ ਵਿਚ ਆਤਮ ਨਿਰਭਰ ਹੈ। ਪੰਜਾਬ ਵਿਚ ਵੀ ਵਿਦੇਸ਼ਾਂ ਤੋਂ ਆਈਆਂ ਦਾਲਾਂ ਅਤੇ ਤੇਲ ਬੀਜ ਵਿਕ ਰਹੇ ਹਨ। ਕੀ ਪੰਜਾਬ ਸਰਕਾਰ ਉਨ੍ਹਾਂ ਫ਼ਸਲਾਂ ਦਾ ਉਤਪਾਦਨ ਕਰ ਕੇ ਆਪ ਨਹੀਂ ਖ਼ਰੀਦ ਸਕਦੀ ਅਤੇ ਅਨਾਜ ਦੀ ਤਰ੍ਹਾਂ ਉਨ੍ਹਾਂ ਦੀ ਵਿੱਕਰੀ ਕਰ ਕੇ ਵੰਡ ਨਹੀਂ ਕੀਤੀ ਜਾ ਸਕਦੀ?

ਪੰਜਾਬ ਭਾਵੇਂ ਖੇਤੀ ਵਿਚ ਭਾਰਤ ਦਾ ਪਹਿਲੇ ਦਰਜੇ ਦਾ ਪ੍ਰਾਂਤ ਹੈ, ਪਰ ਸਿਰਫ਼ ਇਕ ਹੀ ਫ਼ਸਲ ਬਾਸਮਤੀ ਹੀ ਉਹ ਫ਼ਸਲ ਹੈ, ਜਿਸ ਦੀ ਸਾਲਾਨਾ 20 ਹਜ਼ਾਰ ਕਰੋੜ ਰੁਪਏ ਦੇ ਬਰਾਬਰ ਬਰਾਮਦ ਕੀਤੀ ਜਾਂਦੀ ਹੈ ਜਦੋਂ ਕਿ ਬਾਕੀ ਹੋਰ ਫ਼ਸਲਾਂ ਵਿਚੋਂ ਸਿਰਫ਼ 300 ਕਰੋੜ ਰੁਪਏ ਦੀ ਬਰਾਮਦ ਹੀ ਕੀਤੀ ਜਾਂਦੀ ਹੈ। ਗੁਜਰਾਤ ਹਰਿਆਣਾ ਅਤੇ ਦਿੱਲੀ ਪ੍ਰਾਂਤ ਤੋਂ ਖੇਤੀ ਵਸਤੂਆਂ ਦੀ ਬਰਾਮਦ ਕੀਤੀ ਜਾਂਦੀ ਹੈ। ਅਸਲ ਵਿਚ ਛੋਟੇ ਦਰਜੇ ਦੀਆਂ ਜੋਤਾਂ ਕਰਕੇ ਕੋਈ ਵੀ ਉਹ ਫ਼ਸਲ ਨਹੀਂ ਬੀਜੀ ਜਾਂਦੀ, ਜਿਸ ਵਿਚ ਜ਼ੋਖਿਮ ਸ਼ਾਮਿਲ ਹੋਵੇ। ਪੰਜਾਬ ਦੀ ਖੇਤੀ ਨਿਰਯਾਤ ਕਾਰਪੋਰੇਸ਼ਨ ਨੂੰ ਰਾਸ਼ਟਰੀ ਪੱਧਰ 'ਤੇ 'ਅਪੀਡਾ' (ਖੇਤੀ ਵਸਤੂਆਂ ਦਾ ਨਿਰਯਾਤ ਕਰਨ ਵਾਲੀ ਅਥਾਰਟੀ) ਵਾਂਗ ਪੰਜਾਬ ਦੇ ਕਿਸਾਨਾਂ ਅਤੇ ਵਪਾਰੀਆਂ ਲਈ ਵਿਦੇਸ਼ਾਂ ਤੋਂ ਆਰਡਰ ਲੈਣੇ ਚਾਹੀਦੇ ਹਨ ਅਤੇ ਇਸ ਗੱਲ ਦੀ ਅਗਵਾਈ ਕਰਨੀ ਚਾਹੀਦੀ ਹੈ ਕਿ ਉਹ ਕਿਹੜੀਆਂ ਫ਼ਸਲਾਂ ਹਨ, ਜਿਨ੍ਹਾਂ ਦੀ ਵਿਦੇਸ਼ਾਂ ਵਿਚ ਮੰਗ ਹੈ। ਇਹੋ ਜਿਹੇ ਕੰਮ ਸਹਿਕਾਰੀ ਫੈਡਰੇਸ਼ਨ ਵੀ ਕਰ ਸਕਦੀ ਹੈ, ਜਿਸ ਦੇ ਮਗਰ ਸਰਕਾਰ ਦੀ ਸ੍ਰਪ੍ਰਸਤੀ ਹੋਵੇ। ਯਕੀਨੀ ਤੌਰ 'ਤੇ ਮੰਡੀਕਰਨ ਅਤੇ ਘੱਟੋ ਘਟ ਸਮਰਥਨ ਕੀਮਤਾਂ, ਕਿਸਾਨਾਂ ਦੀਆਂ ਬਹੁਤ ਜਾਇਜ਼ ਮੰਗਾਂ ਹਨ ਕਿਉਂ ਜੋ 95 ਫ਼ੀਸਦੀ ਕਿਸਾਨਾਂ ਨੇ ਆਪਣੀਆਂ ਘਰੇਲੂ ਲੋੜਾਂ ਖੇਤੀ ਉਪਜਾਂ ਤੋਂ ਪੂਰੀਆਂ ਕਰਨੀਆਂ ਹਨ ਅਤੇ ਉਹ ਕੋਈ ਵੀ ਉਸ ਤਰ੍ਹਾਂ ਦੀ ਫ਼ਸਲ ਨਹੀਂ ਬੀਜ ਸਕਦੇ, ਜਿਸ ਦਾ ਮੰਡੀਕਰਨ ਯਕੀਨੀ ਨਾ ਹੋਵੇ ਅਤੇ ਕੀਮਤਾਂ ਦਾ ਵੱਡਾ ਉਤਰਾਅ ਚੜਾਅ ਹੋਵੇ ਪਰ ਕਿਹੜੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੇਣਾ ਹੈ ਅਤੇ ਕੀ ਉਨ੍ਹਾਂ ਫ਼ਸਲਾਂ ਦੀ ਖ਼ਰੀਦ ਲਈ ਝੋਨੇ ਅਤੇ ਕਣਕ ਵਾਂਗ ਸਾਰੇ ਹੀ ਪ੍ਰਾਂਤ ਵਿਚ ਇਹ ਵਿਵਸਥਾ ਕਰਨੀ ਹੈ, ਇਹ ਇਕ ਅਜਿਹਾ ਵਿਸ਼ਾ ਹੈ ਜਿਹੜਾ ਸਰਕਾਰ ਦਾ ਖ਼ਾਸ ਧਿਆਨ ਮੰਗਦਾ ਹੈ। ਫ਼ਰਜ਼ ਕਰੋ ਸਰਕਾਰ ਵਲੋਂ ਸੂਰਜਮੁਖੀ ਫ਼ਸਲ ਦੇ ਸਮਰਥਨ ਮੁੱਲ ਦੀ ਘੋਸ਼ਣਾ ਕੀਤੀ ਜਾਂਦੀ ਹੈ ਅਤੇ ਉਹ ਬਾਕੀ ਫ਼ਸਲਾਂ ਜਿਵੇਂ ਕਣਕ ਅਤੇ ਝੋਨੇ ਤੋਂ ਜ਼ਿਆਦਾ ਲਾਭਦਾਇਕ ਹੈ ਤਾਂ ਇਸ ਤਰ੍ਹਾਂ ਦੀ ਸਥਿਤੀ ਨਾ ਬਣੇ ਕਿ ਸਾਰੇ ਪੰਜਾਬ ਵਿਚ ਸਿਰਫ਼ ਸੂਰਜਮੁਖੀ ਦੀ ਹੀ ਖੇਤੀ ਹੋਵੇ ਅਤੇ ਬਾਕੀ ਫ਼ਸਲਾਂ ਨਕਾਰ ਦਿੱਤੀਆਂ ਜਾਣ।

ਇਸ ਲਈ ਲੋੜ ਹੈ ਕੇਰਲਾ ਸਰਕਾਰ ਦੇ ਸਬਜ਼ੀਆਂ ਦੀ ਕਾਸ਼ਤ ਕਰਵਾਉਣ ਸੰਬੰਧੀ ਮਾਡਲ ਨੂੰ ਅਪਨਾਉਣ ਦੀ। ਉਸ ਮਾਡਲ ਅਨੁਸਾਰ ਕਿਸਾਨ, ਜਿਸ ਨੇ 16 ਸਬਜ਼ੀਆਂ ਵਿਚੋਂ ਜਿਹੜੀ ਵੀ ਸਬਜ਼ੀ ਵੇਚਣੀ ਹੈ ਉਹ 2 ਏਕੜ ਤੋਂ ਵੱਧ ਸਬਜ਼ੀ ਨਹੀਂ ਬੀਜ ਸਕਦਾ ਅਤੇ ਉਸ ਨੂੰ ਪਹਿਲਾਂ ਮੰਡੀਕਰਨ ਵਿਭਾਗ ਕੋਲ ਆਪਣੇ ਆਪ ਨੂੰ ਰਜਿਸਟਰਡ ਕਰਾਉਣਾ ਪਵੇਗਾ। ਇਸ ਤਰ੍ਹਾਂ ਦੀ ਨੀਤੀ ਪੰਜਾਬ ਦੀਆਂ ਪ੍ਰਮੁੱਖ ਫ਼ਸਲਾਂ ਲਈ ਬਣਨੀ ਚਾਹੀਦੀ ਹੈ। ਇਹ ਵੀ ਯੋਗ ਹੋਵੇਗਾ ਕਿ ਫ਼ਸਲਾਂ ਦੀ ਉਪਜ ਦੇ ਅਨੁਸਾਰ ਪੰਜਾਬ ਵਿਚ ਵੱਖ-ਵੱਖ ਜ਼ੋਨ ਬਣ ਜਾਣ, ਜਿਨ੍ਹਾਂ ਵਿਚੋਂ ਪੰਜਾਬ ਦੀਆਂ ਪ੍ਰਮੁੱਖ ਫ਼ਸਲਾਂ ਜਿਵੇਂ ਕਣਕ, ਝੋਨਾ, ਛੋਲੇ, ਮੂੰਗੀ, ਮਕਈ, ਮੂੰਗਫਲੀ ਆਦਿ ਜ਼ੋਨਾਂ ਦੇ ਅਨੁਸਾਰ ਖਰੀਦ ਕੀਤੀ ਜਾਵੇ।

ਇਸ ਵਕਤ ਪੰਜਾਬ ਪਾਣੀ ਦੀ ਪੱਧਰ ਦੇ ਹੇਠਾਂ ਜਾਣ ਦੀ ਗੰਭੀਰ ਸਮੱਸਿਆ ਨਾਲ ਜੂਝ ਰਿਹਾ ਹੈ। ਇਸ ਲਈ ਫ਼ਸਲਾਂ ਦੀ ਵਿਭਿੰਨਤਾ ਜਿਹੜੀ ਯਕੀਨੀ ਮੰਡੀਕਰਨ 'ਤੇ ਆਧਾਰਿਤ ਹੈ ਅਤੇ ਉਸ ਦੇ ਨਾਲ ਹੀ ਖੇਤੀ ਖੇਤਰ ਲਈ ਲਗਾਤਾਰ ਬਿਜਲੀ ਮੁਫ਼ਤ ਦੇਣ ਸੰਬੰਧੀ ਵੀ ਮੁੜ ਵਿਚਾਰ ਕਰਨਾ ਪਵੇਗਾ। ਪੰਜਾਬ ਵਿਚ ਪਾਣੀ ਦੇ ਡੂੰਘਾ ਜਾਣ ਪਿੱਛੇ ਮੁਫ਼ਤ ਬਿਜਲੀ ਵੀ ਇਕ ਵੱਡਾ ਕਾਰਨ ਹੈ। ਓਨਾ ਪਾਣੀ ਵਰਤਿਆ ਨਹੀਂ ਜਾਂਦਾ ਜਿੰਨਾ ਬਿਜਲੀ ਮੁਫ਼ਤ ਹੋਣ ਕਰਕੇ ਜਾਇਆ ਜਾਂਦਾ ਹੈ। ਓਨੀ ਬਿਜਲੀ ਵਰਤੀ ਨਹੀਂ ਜਾਂਦੀ ਜਿੰਨੀ ਫਜ਼ੂਲ ਬਲਦੀ ਹੈ, ਇਨ੍ਹਾਂ ਸੇਵਾਵਾਂ ਤੇ ਲਾਗਤ ਜ਼ਰੂਰ ਲੱਗਣੀ ਚਾਹੀਦੀ ਹੈ ਤਾਂ ਕਿ ਬਿਜਲੀ ਅਤੇ ਪਾਣੀ ਵਰਤਣ ਵਾਲਾ ਘੱਟੋ ਘੱਟ ਇਹ ਜ਼ਰੂਰ ਮਹਿਸੂਸ ਕਰੇ ਕਿ ਇਨ੍ਹਾਂ ਦੀ ਲਾਗਤ ਹੈ। ਇਹ ਸਰਕਾਰ ਦੀ ਸਰਪ੍ਰਸਤੀ ਅਤੇ ਨਿਗਰਾਨੀ ਤੋਂ ਬਗ਼ੈਰ ਸੰਭਵ ਨਹੀਂ।

# ਪਾਠਕਾਂ ਦੇ ਖ਼ਤ

ਫੇਸਬੁੱਕ ਕਾਲਮ ਤੋਂ

## ਪੰਜਾਬ ਦੇ ਵਿਹੜੇ 'ਚ ਖ਼ੌਫ਼ ਦਾ ਸਾਇਆ

ਲੇਖਕ : ਮੋਹਨ ਸ਼ਰਮਾ, ਸੰਪਰਕ : 94171-48866

ਪੰਜਾਬ ਇਸ ਵੇਲੇ ਬਹੁ-ਪੱਖੀ ਅਤੇ ਬਹੁ-ਪਰਤੀ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਡਰੱਗ, ਰੇਤ, ਜ਼ਮੀਨ, ਜੰਗਲ ਤੇ ਸ਼ਰਾਬ ਮਾਫ਼ੀਆ, ਗੈਂਗਸਟਰ ਕਲਚਰ, ਫਿਰੌਤੀਆਂ, ਅਗਵਾ, ਦਿਨ-ਦਿਹਾੜੇ ਕਤਲ, ਕਰਜ਼ਿਆਂ ਹੇਠ ਦੱਬੀ ਕਿਰਸਾਨੀ, ਫ਼ਸਲਾਂ ਅਤੇ ਨਸਲਾਂ 'ਤੇ ਮੰਡਰਾਉਂਦੇ ਖ਼ਤਰੇ ਦੇ ਬੱਦਲ, ਧੀਆਂ ਦੀ ਰਾਖੀ ਕਰਦਿਆਂ ਬਾਬਲਾਂ ਦੇ ਕਤਲ, ਸੜਕਾਂ 'ਤੇ ਦਨਦਨਾਉਂਦੀ ਫਿਰਦੀ ਬੇਰੁਜ਼ਗਾਰਾਂ ਦੀ ਫ਼ੌਜ ਪੰਜਾਬ ਲਈ ਸ਼ੁਭ ਸੰਕੇਤ ਨਹੀਂ ਹਨ।

ਇਹੀ ਨਹੀਂ, ਪੜ੍ਹੀਆਂ ਲਿਖੀਆਂ ਬੇਰੁਜ਼ਗਾਰ ਲੜਕੀਆਂ ਵੱਲੋਂ ਪਾਣੀ ਵਾਲੀ ਟੈਂਕੀ 'ਤੇ ਰੋਸ ਧਰਨੇ ਦਿੰਦਿਆਂ ਉੱਥੇ ਹੀ ਕਰੂਏ ਦਾ ਵਰਤ ਖੋਲ੍ਹਣਾ, ਵਿਕਾਸ ਦੀ ਖੜੋਤ, ਲੁੱਟਾਂ-ਖੋਹਾਂ, ਚੇਨ-ਝਪਟਮਾਰੀਆਂ ਅਤੇ ਜਾਨਲੇਵਾ ਹਮਲਿਆਂ ਤੋਂ ਡਰਦਿਆਂ ਲੋਕਾਂ ਦਾ ਸਵੇਰੇ ਤੇ ਸ਼ਾਮ ਨੂੰ ਸੈਰ ਕਰਨ ਤੋਂ ਸੰਕੋਚ ਕਰਨਾ ਮਾੜੇ ਵਕਤ ਵੱਲ ਇਸ਼ਾਰੇ ਹਨ। ਲੋਕਾਂ ਵੱਲੋਂ ਵੱਖ-ਵੱਖ ਥਾਵਾਂ 'ਤੇ ਜਾਨ-ਮਾਲ ਦੀ ਰਾਖੀ ਲਈ ਰੋਸ ਧਰਨੇ ਦੇਣਾ ਸੂਬਾ ਸਰਕਾਰ ਤੇ ਪ੍ਰਸ਼ਾਸਨ ਲਈ ਸ਼ਰਮਨਾਕ ਹੈ। ਇੰਜ ਲੱਗਦਾ ਹੈ ਜਿਵੇਂ ਵਰਤਮਾਨ ਸਮੇਂ ਵਿਚ ਅਮਨ-ਕਾਨੂੰਨ ਕਿਤੇ ਗੁਆਚ ਗਿਆ ਹੋਵੇ।

ਦੋ ਤੋਂ 4 ਸਤੰਬਰ 2024 ਤੱਕ ਚੱਲੇ ਤਿੰਨ ਦਿਨ ਦੇ ਵਿਧਾਨ ਸਭਾ ਸੈਸ਼ਨ ਵਿਚ ਵਿਰੋਧੀ ਧਿਰ ਦੇ ਵਿਧਾਇਕਾਂ ਨੇ ਪੰਜਾਬ ਦੀ ਸਥਿਤੀ 'ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਖੁੱਲ੍ਹੇ ਤੌਰ 'ਤੇ ਭ੍ਰਿਸ਼ਟਾਚਾਰ ਅਤੇ ਮਾਫ਼ੀਆ ਰਾਜ ਸਬੰਧੀ ਆਵਾਜ਼ ਉਠਾਉਂਦਿਆਂ ਕਿਹਾ ਕਿ ਪੁਲਿਸ ਵਿਭਾਗ ਦੇ ਬਹੁਤ ਸਾਰੇ ਕਰਮਚਾਰੀ ਅਨੈਤਿਕ ਗਤੀਵਿਧੀਆਂ ਵਿਚ ਭਾਈਵਾਲ ਹਨ। ਇਕ ਵਿਧਾਇਕ ਨੇ ਤਾਂ ਇੱਥੋਂ ਤੱਕ ਕਿਹਾ ਕਿ ਨਾਜਾਇਜ਼ ਗਤੀਵਿਧੀਆਂ ਵਿਚ ਭਾਈਵਾਲ ਪੁਲਿਸ ਕਰਮਚਾਰੀਆਂ 'ਤੇ ਸਰਕਾਰ ਠੋਸ ਕਦਮ ਇਸ ਕਰਕੇ ਨਹੀਂ ਚੁੱਕ ਰਹੀ ਕਿਉਂਕਿ ਪੁਲਿਸ ਵਿਭਾਗ ਦਾ ਮਨੋਬਲ ਡਿੱਗ ਜਾਵੇਗਾ ਪਰ ਜਿਹੜਾ ਤਿੰਨ ਕਰੋੜ ਪੰਜਾਬੀਆਂ ਦਾ ਮਨੋਬਲ ਡਿੱਗ ਰਿਹਾ ਹੈ, ਉਸ ਦੀ ਚਿੰਤਾ ਕੌਣ ਕਰੇਗਾ?

ਪੰਜਾਬ ਤੇ ਹਰਿਆਣਾ ਹਾਈ ਕੋਰਟ ਅਮਨ-ਕਾਨੂੰਨ ਦੀ ਸਥਿਤੀ ਸਬੰਧੀ ਬਹੁਤ ਹੀ ਗੰਭੀਰ ਹੈ। ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਸਬੰਧੀ ਬਣਾਈ ਸਿਟ ਦੀ ਰਿਪੋਰਟ ਆਉਣ 'ਤੇ ਹਾਈ ਕੋਰਟ ਨੇ ਡੀਜੀਪੀ ਨੂੰ ਪੁੱਛਿਆ ਕਿ ਲਾਰੈਂਸ ਬਿਸ਼ਨੋਈ ਬੁਲਟ ਪਰੂਫ ਗੱਡੀਆਂ ਦੇ ਕਾਫ਼ਲੇ ਨਾਲ ਸੀ। ਉਸ ਦੀ ਇੰਟਰਵਿਊ ਕਿਵੇਂ ਹੋਈ? ਇਸ ਸਬੰਧੀ ਉਸ ਨੂੰ ਹਲਫ਼ਨਾਮਾ ਦਾਖ਼ਲ ਕਰਨ ਲਈ ਕਿਹਾ ਗਿਆ।

ਸਤਾਰਾਂ ਸਤੰਬਰ ਨੂੰ ਡੀਜੀਪੀ ਨੇ ਹਲਫ਼ਨਾਮਾ ਦਾਇਰ ਕਰਦਿਆਂ ਪ੍ਰਗਟਾਵਾ ਕੀਤਾ ਕਿ ਲਾਰੈਂਸ ਬਿਸ਼ਨੋਈ ਦੀ ਸਤੰਬਰ 2022 ਵਿਚ ਸੀਆਈਏ ਥਾਣਾ ਖਰੜ ਵਿਖੇ ਇੰਟਰਵਿਊ ਰਿਕਾਰਡ ਕੀਤੀ ਗਈ ਅਤੇ ਮਾਰਚ 2023 ਵਿਚ ਇਹ ਇੰਟਰਵਿਊ ਨਸ਼ਰ ਕੀਤੀ ਗਈ। ਇਸ ਇੰਟਰਵਿਊ ਤੋਂ ਬਾਅਦ ਪੰਜਾਬ ਦੀਆਂ ਜੇਲ੍ਹਾਂ 'ਚੋਂ ਧਮਕੀਆਂ ਅਤੇ ਫਿਰੌਤੀਆਂ ਮੰਗਣ ਦੇ ਮਾਮਲੇ ਵਧੇ ਹਨ ਅਤੇ ਇਹ ਸਿਲਸਿਲਾ ਲਗਾਤਾਰ ਜਾਰੀ ਹੈ।

ਹਲਫ਼ਨਾਮੇ ਮੁਤਾਬਕ ਇੰਟਰਵਿਊ ਤੋਂ ਪਹਿਲਾਂ 9 ਮਹੀਨਿਆਂ ਵਿਚ ਧਮਕਾਉਣ, ਫਿਰੌਤੀਆਂ ਅਤੇ ਅਗਵਾ ਦੇ 302 ਮਾਮਲੇ ਸਾਹਮਣੇ ਆਏ ਸਨ। ਜਦਕਿ ਇੰਟਰਵਿਊ ਤੋਂ ਬਾਅਦ ਅਗਲੇ 9 ਮਹੀਨਿਆਂ ਵਿਚ ਇਹ ਗਿਣਤੀ ਵਧ ਕੇ 324 ਹੋ ਗਈ। ਦੂਜੇ ਸ਼ਬਦਾਂ ਵਿਚ ਇਸ ਇੰਟਰਵਿਊ ਤੋਂ ਬਾਅਦ ਜਿੱਥੇ ਗੈਂਗਸਟਰਾਂ ਦੇ ਹੌਸਲੇ ਬੁਲੰਦ ਹੋਏ ਹਨ, ਉੱਥੇ ਹੀ ਪੁਲਿਸ ਦੀ ਕਾਰਗੁਜ਼ਾਰੀ 'ਤੇ ਗੰਭੀਰ ਪ੍ਰਸ਼ਨ ਚਿੰਨ੍ਹ ਵੀ ਲੱਗਿਆ ਹੈ।

ਹਾਈ ਕੋਰਟ ਨੇ ਪੁਲਿਸ ਮੁਖੀ ਤੋਂ ਇਹ ਵੀ ਪੁੱਛਿਆ ਹੈ ਕਿ ਦੋਸ਼ੀ ਪੁਲਿਸ ਕਰਮਚਾਰੀਆਂ/ਅਧਿਕਾਰੀਆਂ 'ਤੇ ਕੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਸੀਆਈਏ ਥਾਣਾ ਖਰੜ ਦੇ ਇੰਸਪੈਕਟਰ ਦੀ ਕਿਹੜੀ 'ਵੱਡੀ ਪ੍ਰਾਪਤੀ' ਕਾਰਨ ਰਿਟਾਇਰਮੈਂਟ ਸਮੇਂ ਵਿਚ ਹੋਰ ਵਾਧਾ ਕੀਤਾ ਗਿਆ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਜੇ ਹਾਈ ਕੋਰਟ ਵੱਲੋਂ ਇਸ ਕੇਸ ਵਿਚ ਸਿਟ ਨਾ ਬਣਾਈ ਜਾਂਦੀ ਤਾਂ ਹੋਰਾਂ ਕੇਸਾਂ ਵਾਂਗ ਇਹਦੇ 'ਤੇ ਵੀ ਪੜਦਾ ਪੈ ਜਾਣਾ ਸੀ। ਵਿਧਾਨ ਸਭਾ ਦੇ ਸਪੀਕਰ ਨੇ ਵੀ ਪੰਜਾਬ ਦੇ ਹੋਮ ਸੈਕਟਰੀ ਨੂੰ ਪੱਤਰ ਲਿਖ ਕੇ ਪੁਲਿਸ ਵਿਭਾਗ ਦੀਆਂ 'ਕਾਲੀਆਂ ਭੇਡਾਂ' ਦੀ ਸੂਚੀ ਮੰਗੀ ਹੈ।

ਦਰਅਸਲ, ਜਦੋਂ ਮਾਲੀ ਦਗਾਬਾਜ਼ ਹੋ ਜਾਣ ਤਾਂ ਮਹਿਕਾਂ ਦੀ ਪੱਤ ਰੁਲ ਜਾਂਦੀ ਹੈ। ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਉਜਾੜਾ ਹੀ ਹੋਵੇਗਾ। ਜਦੋਂ ਦਰਬਾਨ ਦੀਆਂ ਅੱਖਾਂ ਚੋਰਾਂ ਨਾਲ ਮਿਲ ਜਾਣ ਤਾਂ ਮਾਲਕ ਦੀ ਜਾਨ ਅਤੇ ਮਾਲ ਨੂੰ ਗੰਭੀਰ ਖ਼ਤਰਾ ਪੈਦਾ ਹੋ ਜਾਂਦਾ ਹੈ।

ਨਾਜਾਇਜ਼ ਮਾਈਨਿੰਗ ਵਿਚ ਉਸ ਸਮੇਂ ਹੋਰ ਵਾਧਾ ਹੋਇਆ ਜਦੋਂ ਪਿਛਲੇ ਸਾਲ ਇਕ ਜ਼ਿਲ੍ਹੇ ਦੇ ਇਮਾਨਦਾਰ ਪੁਲਿਸ ਮੁਖੀ ਨੇ ਨਾਜਾਇਜ਼ ਹੋ ਰਹੀ ਮਾਈਨਿੰਗ 'ਤੇ ਛਾਪਾ ਮਾਰਿਆ। ਟਿੱਪਰ ਅਤੇ ਹੋਰ ਸਾਮਾਨ ਜ਼ਬਤ ਕਰਨ ਉਪਰੰਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਦੋਸ਼ੀਆਂ ਵਿਚ ਉਸ ਇਲਾਕੇ ਦੇ ਵਿਧਾਇਕ ਦਾ ਨਜ਼ਦੀਕੀ ਰਿਸ਼ਤੇਦਾਰ ਵੀ ਸ਼ਾਮਲ ਸੀ। ਆਖ਼ਰ ਆਗੂ ਨੇ ਰਾਜਸੀ ਤਾਕਤ ਦੇ ਬਲਬੂਤੇ ਨਾਲ ਉਸ ਦੀ ਬਦਲੀ ਕਰਵਾਉਣ ਦੇ ਨਾਲ-ਨਾਲ ਆਪਣੇ ਨਜ਼ਦੀਕੀ ਰਿਸ਼ਤੇਦਾਰ ਨੂੰ ਵੀ ਛੁਡਵਾ ਲਿਆ। ਉਸ ਦੀ ਇਸ ਕਾਰਵਾਈ ਨਾਲ ਮਾਈਨਿੰਗ ਅਤੇ ਰੇਤ ਮਾਫ਼ੀਏ ਨੂੰ ਪੂਰੀ ਸ਼ਹਿ ਮਿਲੀ ਅਤੇ ਇਹ ਮਾਫ਼ੀਆ ਬੇਲਗਾਮ ਹੋ ਗਿਆ। ਪਬਲਿਕ ਕਿੰਜ ਦਹਿਸ਼ਤ ਦਾ ਸ਼ਿਕਾਰ ਹੋ ਰਹੀ ਹੈ।

ਇਸ ਦੀ ਇਕ ਉਦਾਹਰਨ ਦਿੱਤੀ ਜਾ ਰਹੀ ਹੈ। ਕਪੂਰਥਲਾ ਪੁਲਿਸ ਦੀ ਗੱਡੀ ਨੂੰ ਕਾਰ ਵਾਲੇ ਵੱਲੋਂ ਤੰਗ ਰਸਤਾ ਹੋਣ ਕਾਰਨ ਰਾਹ ਨਾ ਦੇਣ ਕਾਰਨ ਰੋਹ ਵਿਚ ਆਏ ਥਾਣੇਦਾਰ ਅਤੇ ਦੋ ਗੰਨਮੈਨਾਂ ਨੇ ਇਸ 'ਘੋਰ ਅਪਰਾਧ' ਕਾਰਨ ਉਸ ਨੂੰ ਘੇਰ ਲਿਆ ਅਤੇ ਕਾਰ ਸਮੇਤ ਥਾਣੇ ਲੈ ਆਏ। ਘਰ ਵਾਲਿਆਂ ਨੂੰ ਉਸ ਦੀ ਕੋਈ ਉੱਘ-ਸੁੱਘ ਨਾ ਮਿਲੀ। ਪੰਜਵੇਂ ਦਿਨ ਘਰ ਵਾਲਿਆਂ ਨੂੰ ਪਤਾ ਲੱਗਿਆ ਕਿ ਉਸ ਉੱਪਰ ਨਾਜਾਇਜ਼ ਨਸ਼ਾ ਰੱਖਣ ਕਾਰਨ ਐੱਨਡੀਪੀਐੱਸ ਦਾ ਕੇਸ ਪਾ ਦਿੱਤਾ ਗਿਆ ਹੈ। ਪਰਿਵਾਰ ਵਾਲਿਆਂ ਵੱਲੋਂ ਹਾਈ ਕੋਰਟ ਦੀ ਸ਼ਰਨ ਲਈ ਗਈ।

ਹਾਈ ਕੋਰਟ ਵਿਚ ਵਕੀਲ ਵੱਲੋਂ ਕੇਸ ਲੜਦਿਆਂ ਦਲੀਲ ਦਿੱਤੀ ਗਈ ਕਿ ਐੱਨਡੀਪੀਐੱਸ ਕੇਸ ਪਾਉਂਦਿਆਂ ਕਿਸੇ ਮੋਹਤਬਰ ਵਿਅਕਤੀ ਵੱਲੋਂ ਮੌਕੇ 'ਤੇ ਗਵਾਹੀ ਨਹੀਂ ਪਾਈ ਗਈ ਅਤੇ ਨਾ ਹੀ ਕਿਸੇ ਗਜ਼ਟਿਡ ਅਧਿਕਾਰੀ ਵੱਲੋਂ ਨਸ਼ਾ ਬਰਾਮਦੀ ਦੀ ਤਸਦੀਕ ਹੀ ਕਰਵਾਈ ਗਈ ਹੈ। ਅਦਾਲਤ ਵੱਲੋਂ ਜਦੋਂ ਕੇਸ ਵਿਚ ਪਾਈਆਂ ਗੋਲ਼ੀਆਂ ਦੀ ਕੈਮੀਕਲ ਰਿਪੋਰਟ ਤਲਬ ਕੀਤੀ ਗਈ ਤਾਂ ਉਹ ਸਿਰਫ਼ ਪੈਰਾਸੀਟਾਮੋਲ (ਬੁਖਾਰ ਵਿਚ ਲੈਣ ਵਾਲੀ ਗੋਲ਼ੀ) ਦਾ ਸਾਲਟ ਸੀ।

ਹਾਈ ਕੋਰਟ ਵੱਲੋਂ ਤਾਂ ਉਸ ਨੂੰ ਬਰੀ ਕਰ ਦਿੱਤਾ ਗਿਆ ਪਰ ਪੁਲਿਸ ਵਾਲਿਆਂ ਨੂੰ ਕਾਰ ਇਕ ਪਾਸੇ ਕਰ ਕੇ ਸਲੂਟ ਨਾ ਮਾਰਨ ਦੇ ਦੋਸ਼ ਵਿਚ ਉਸ ਨੂੰ 76 ਦਿਨ ਜੇਲ੍ਹ ਵਿਚ ਰਹਿਣਾ ਪਿਆ।

ਜੇਲ੍ਹਾਂ ਵਿਚ ਨਸ਼ਾ ਸਪਲਾਈ, ਜੇਲ੍ਹ ਵਿਚ ਬੰਦ ਗੈਂਗਸਟਰਾਂ ਵੱਲੋਂ ਮੋਬਾਈਲ ਰਾਹੀਂ ਫਿਰੌਤੀਆਂ ਦੀ ਮੰਗ, ਜਾਨੋਂ ਮਾਰਨ ਦੀਆਂ ਧਮਕੀਆਂ ਅਤੇ ਆਪਣੇ ਪਰਿਵਾਰਕ ਮੈਂਬਰਾਂ ਦੇ ਬੈਂਕ ਖਾਤਿਆਂ ਵਿਚ ਮੋਟੀ ਰਕਮ ਪਵਾਉਣ ਜਿਹੇ ਮਾਮਲਿਆਂ ਦਾ ਵੀ ਹਾਈ ਕੋਰਟ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਐੱਨਐੱਸ ਸ਼ੇਖਾਵਤ ਦੇ ਫਿਰੋਜ਼ਪੁਰ ਸੈਂਟਰਲ ਜੇਲ੍ਹ ਵਿਚ ਬੰਦ ਸਮੱਗਲਰਾਂ ਨੂੰ ਫੋਨ ਸਹੂਲਤਾਂ ਦੇਣ ਦਾ ਕਾਂਡ ਸਾਹਮਣੇ ਆਇਆ।

ਤਿੰਨ ਤਸਕਰਾਂ ਵੱਲੋਂ 43000 ਤੋਂ ਵੱਧ ਫੋਨ ਕਾਲਾਂ ਕੀਤੇ ਜਾਣ ਅਤੇ ਦੋ ਤਸਕਰਾਂ ਵੱਲੋਂ ਆਪਣੀਆਂ ਪਤਨੀਆਂ ਦੇ ਖਾਤਿਆਂ ਵਿਚ 1.35 ਕਰੋੜ ਦੀ ਰਾਸ਼ੀ ਟਰਾਂਸਫਰ ਕਰਨ ਦਾ ਗੰਭੀਰ ਨੋਟਿਸ ਲੈਂਦਿਆਂ ਸੱਤ ਅਧਿਕਾਰੀਆਂ ਖ਼ਿਲਾਫ਼ ਜਾਂਚ ਦੇ ਹੁਕਮ ਦਿੱਤੇ ਗਏ। ਇਸ ਤਰ੍ਹਾਂ ਹੀ ਹਾਈ ਕੋਰਟ ਦੀ ਜੱਜ ਮੰਜਰੀ ਨਹਿਰੂ ਕੌਲ ਨੇ ਬੀਤੇ ਵਰ੍ਹੇ 12 ਅਕਤੂਬਰ ਨੂੰ ਪੰਜਾਬ ਸਰਕਾਰ ਅਤੇ ਪੁਲਿਸ ਵਿਭਾਗ 'ਤੇ ਸਖ਼ਤ ਟਿੱਪਣੀਆਂ ਕਰਦਿਆਂ ਕਿਹਾ ਕਿ ਇੰਜ ਜਾਪਦਾ ਹੈ ਜਿਵੇਂ ਪੁਲਿਸ ਤਸਕਰਾਂ ਨਾਲ ਮਿਲੀ ਹੋਵੇ। ਉਨ੍ਹਾਂ ਨੇ ਨਸ਼ਿਆਂ ਦੇ ਮਾਰੂ ਰੁਝਾਨ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਸਬੰਧ ਵਿਚ ਅਦਾਲਤ ਮੂਕ ਦਰਸ਼ਕ ਨਹੀਂ ਬਣੇਗੀ। ਪੰਜਾਬ ਦੀ ਅਰਥ-ਵਿਵਸਥਾ ਵੀ ਡਾਵਾਂਡੋਲ ਹੈ। ਵਰਤਮਾਨ ਸਰਕਾਰ ਨੇ ਆਪਣੇ ਢਾਈ ਸਾਲਾਂ ਦੇ ਰਾਜ ਦਰਮਿਆਨ ਦੋ ਲੱਖ ਕਰੋੜ ਤੋਂ ਵਧੇਰੇ ਦਾ ਕਰਜ਼ਾ ਲਿਆ ਹੈ।

ਪੁਰਾਣੀਆਂ ਸਰਕਾਰਾਂ ਦੇ ਕਰਜ਼ੇ ਨੂੰ ਮਿਲਾ ਕੇ ਛੋਟੇ ਜਿਹੇ ਪੰਜਾਬ ਦੇ ਸਿਰ ਸਾਢੇ ਤਿੰਨ ਲੱਖ ਕਰੋੜ ਤੋਂ ਵਧੇਰੇ ਦਾ ਕਰਜ਼ਾ ਹੈ। ਕੁੱਲ ਉਤਪਾਦਨ ਦਾ 47% ਹਿੱਸਾ ਕਰਜ਼ੇ ਦਾ ਵਿਆਜ ਮੋੜਨ ਵਿਚ ਲੱਗ ਰਿਹਾ ਹੈ। ਹਰ ਪੰਜਾਬੀ ਸਵਾ ਕੁ ਲੱਖ ਦਾ ਕਰਜ਼ਾਈ ਹੈ। ਪੰਜਾਬ ਦਾ ਕਿਸਾਨ ਇਕ ਪਾਸੇ ਕਿਸਾਨੀ ਸਮੱਸਿਆਵਾਂ ਨੇ ਉਲਝਾ ਰੱਖਿਆ ਹੈ, ਦੂਜੇ ਪਾਸੇ ਨਸ਼ੇੜੀਆਂ ਨੇ ਪਰੇਸ਼ਾਨ ਕਰ ਰੱਖਿਆ ਹੈ।

ਕਿਸਾਨਾਂ ਦਾ ਕਹਿਣਾ ਹੈ ਕਿ ਦਿਨ-ਦਿਹਾੜੇ ਹੀ ਉਨ੍ਹਾਂ ਦੀਆਂ ਮੋਟਰਾਂ ਦੇ ਟਰਾਂਸਫਾਰਮਰ ਚੋਰੀ ਹੋ ਰਹੇ ਹਨ। ਖੇਤ ਵਿਚ ਇਕੱਲਾ ਹੋਣ 'ਤੇ ਕਿਸਾਨ ਨੂੰ ਨਸ਼ੇੜੀ ਤੋਂ ਜਾਨਲੇਵਾ ਹਮਲੇ ਦਾ ਡਰ ਸਤਾਉਂਦਾ ਰਹਿੰਦਾ ਹੈ। ਨਸ਼ੇ ਦੇ ਤਸਕਰਾਂ ਨੇ ਕਈ ਥਾਵਾਂ 'ਤੇ ਨਸ਼ੇ ਦੀ ਰੋਕਥਾਮ ਕਰਨ ਵਾਲਿਆਂ ਨੂੰ ਮੌਤ ਦੇ ਘਾਟ ਉਤਾਰਿਆ ਹੈ।

ਇਹ ਦੁਖਾਂਤਕ ਪਹਿਲੂ ਹੀ ਹੈ ਕਿ ਪਹਿਲਾਂ ਦੇਸ਼ ਨੂੰ ਆਜ਼ਾਦ ਕਰਨ ਲਈ ਬਹੁਤ ਸਾਰੇ ਪੰਜਾਬੀ ਸ਼ਹੀਦ ਹੋਏ ਅਤੇ ਹੁਣ ਚਿੱਟੇ ਦੀ ਰੋਕਥਾਮ ਕਰਦਿਆਂ ਸ਼ਹੀਦ ਹੋ ਰਹੇ ਹਨ। ਪੰਜਾਬ ਨੂੰ ਖ਼ੁਸ਼ਹਾਲ ਤੇ ਪ੍ਰਗਤੀਸ਼ੀਲ ਬਣਾਉਣ ਲਈ ਸਿਆਸੀ ਦ੍ਰਿੜ੍ਹ ਇੱਛਾ ਸ਼ਕਤੀ ਦੂਰ-ਅੰਦੇਸ਼ੀ, ਉਸਾਰੂ ਪ੍ਰਸ਼ਾਸਨਿਕ ਸਰਗਰਮੀ, ਸੁਖਾਵੇਂ ਸਮਾਜਿਕ ਮਾਹੌਲ ਤੇ ਲੋਕਾਂ ਦੀ ਸਰਗਰਮ ਭੂਮਿਕਾ ਦੀ ਬੇਹੱਦ ਲੋੜ ਹੈ।

## Important Contacts

### EMERGENCY

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

### NON-EMERGENCY

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

### SIKH GURDWARAS

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

**6878 King Gorge Blvd. Surrey**

# ਅਮਰੀਕੀ ਸੰਸਦ 'ਚ 1984 ਦੇ ਸਿੱਖ ਕਤਲੇਆਮ ਸਬੰਧੀ ਮਤਾ ਪੇਸ਼

ਵਾਸ਼ਿੰਗਟਨ : ਨਵੰਬਰ 1984 ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦਿਵਾਉਣ ਲਈ ਮਤਾ ਅਮਰੀਕੀ ਸੰਸਦ 'ਚ ਪੇਸ਼ ਕੀਤਾ ਗਿਆ ਹੈ। ਇਹ ਖੁਲਾਸਾ ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਡਾਕਟਰ ਪ੍ਰਿਤਪਾਲ ਸਿੰਘ ਨੇ ਕੀਤਾ। ਅਮਰੀਕੀ ਸੰਸਦ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ 'ਚ ਇਹ ਮਤਾ ਕਾਂਗਰਸਮੈਨ ਅਤੇ ਸਿੱਖ ਕੌਕਸ ਦੇ ਸਹਿ-ਚੇਅਰਮੈਨ ਡੇਵਿਡ ਜੀ. ਵਲਾਡਾਓ ਅਤੇ ਜਿਮ ਕੋਸਟਾ ਨੇ ਪੇਸ਼ ਕੀਤਾ। ਵਲਾਡਾਓ ਨੇ ਮਤੇ ਰਾਹੀਂ ਇਹ ਵੀ ਮੰਗ ਕੀਤੀ ਹੈ ਕਿ ਕਤਲੇਆਮ ਦੀ ਯਾਦਗਾਰ ਵੀ ਉਸਾਰੀ ਜਾਵੇ। ਮਤੇ ਨੂੰ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮਰੀਕਨ ਸਿੱਖ ਕੌਕਸ ਕਮੇਟੀ, ਇਨਸਾਫ਼, ਜੈਕਾਰਾ ਮੂਵਮੈਂਟ, ਅਤੇ ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ (ਸਾਲਡੇਫ) ਨੇ ਹਮਾਇਤ ਦਿੱਤੀ ਹੈ। ਵਲਾਡਾਓ ਨੇ ਕਿਹਾ, ''ਅਫ਼ਸੋਸ ਦੀ ਗੱਲ ਹੈ ਕਿ ਬਹੁਤ ਸਾਰੇ ਸਿੱਖਾਂ ਨੂੰ ਉਨ੍ਹਾਂ ਦੇ ਧਾਰਮਿਕ ਵਿਸ਼ਵਾਸ਼ਾਂ ਲਈ ਨਿਸ਼ਾਨਾ ਬਣਾਇਆ ਗਿਆ ਹੈ, ਜਿਸ ਵਿੱਚ 1984 ਦੀ ਨਸਲਕੁਸ਼ੀ ਵੀ ਸ਼ਾਮਲ ਹੈ। ਮੈਨੂੰ ਇਸ ਭਿਆਨਕ ਘਟਨਾ ਲਈ ਮਾਨਤਾ ਅਤੇ ਜਵਾਬਦੇਹੀ ਦੀ ਮੰਗ ਕਰਨ ਵਿੱਚ ਉਨ੍ਹਾਂ ਨਾਲ ਖੜ੍ਹੇ ਹੋਣ 'ਤੇ ਮਾਣ ਹੈ। ਇਹ ਮਤਾ ਇਸ ਦੁਖਾਂਤ ਨੂੰ ਯਾਦ ਕਰਨ ਅਤੇ ਬੇਕਸੂਰ ਪੀੜਤਾਂ ਦਾ ਸਨਮਾਨ ਕਰਨ ਲਈ ਇੱਕ ਛੋਟਾ ਪਰ ਮਹੱਤਵਪੂਰਨ ਕਦਮ ਹੈ ਜਿਨ੍ਹਾਂ ਇਸ ਨਸਲਕੁਸ਼ੀ ਦੌਰਾਨ ਆਪਣੀ ਜਾਨ ਗੁਆਈ ਹੈ।'' ਸਿੱਖ ਆਗੂਆਂ ਨੇ ਦੋਵੇਂ ਸੰਸਦ ਮੈਂਬਰਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਉਮੀਦ ਪ੍ਰਗਟਾਈ ਹੈ ਕਿ ਆਉਂਦੇ ਸਮੇਂ ਵਿੱਚ ਸੰਸਦ ਵਿੱਚੋਂ ਇਸ ਮਤੇ ਨੂੰ ਮਾਨਤਾ ਮਿਲੇਗੀ। ਇਸ ਤੋਂ ਪਹਿਲਾਂ ਅਮਰੀਕਾ ਦੇ ਚਾਰ ਸੂਬਿਆਂ ਦੀਆਂ ਅਸੈਂਬਲੀਆਂ ਵਿੱਚ ਇਸ ਸਬੰਧੀ ਮਤੇ ਨੂੰ ਮਾਨਤਾ ਮਿਲ ਚੁੱਕੀ ਹੈ।



ਤਿੰਨ ਸਫਿਆਂ ਦੇ ਮਤੇ ਵਿੱਚ ਡੇਵਿਡ ਨੇ ਦਿੱਲੀ ਸਮੇਤ ਵੱਖ-ਵੱਖ ਸੂਬਿਆਂ ਵਿੱਚ ਸਿੱਖਾਂ ਦੇ ਹੋਏ ਕਤਲੇਆਮ ਦਾ ਜ਼ਿਕਰ ਕੀਤਾ ਹੈ। ਮਤੇ ਵਿੱਚ ਦੱਸਿਆ ਗਿਆ ਕਿ ਨਵੰਬਰ 1984 ਵਿੱਚ ਸਿੱਖਾਂ ਨੂੰ ਜ਼ਿੰਦਾ ਸਾੜਿਆ ਗਿਆ ਸੀ ਅਤੇ ਕਤਲ ਕਰ ਦਿੱਤਾ ਗਿਆ ਸੀ। ਇਸ ਵਿੱਚ ਔਰਤਾਂ, ਬੱਚੇ ਅਤੇ ਬਜ਼ੁਰਗ ਵੀ ਸ਼ਾਮਲ ਸਨ। ਇਸ ਤੋਂ ਇਲਾਵਾ ਸਿੱਖ ਪਰਿਵਾਰਾਂ ਦੇ ਘਰ ਅਤੇ ਕਾਰੋਬਾਰ ਵੀ ਤਬਾਹ ਕਰ ਦਿੱਤੇ ਗਏ ਸਨ।

# ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਸਾਦੀ ਦੀਵਾਲੀ ਮਨਾਉਣ ਅਤੇ ਘਿਓ ਦੇ ਦੀਵੇ ਲਗਾਉਣ ਦੀ ਅਪੀਲ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਇਕ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ 40 ਸਾਲ ਪੂਰੇ ਹੋਣ ਦੇ ਮੱਦੇਨਜ਼ਰ ਸਿੱਖ ਕੌਮ ਨੂੰ ਆਦੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਇਕ ਨਵੰਬਰ ਨੂੰ ਬੰਦੀ ਛੋੜ ਦਿਵਸ ਮੌਕੇ ਬੰਦੀ ਛੋੜ ਦਾਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਕੇਵਲ ਘਿਓ ਦੇ ਦੀਵਿਆਂ ਦੀ ਹੀ ਦੀਪਮਾਲਾ ਕੀਤੀ ਜਾਵੇ ਅਤੇ ਬਿਜਲਈ ਸਜਾਵਟਾਂ ਨਾ ਕੀਤੀਆਂ ਜਾਣ।

**ਸਿੱਖ ਨਸਲਕੁਸ਼ੀ ਦੇ 40 ਵਰ੍ਹੇ ਪੂਰੇ**

ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਲਿਖਤੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ 1 ਨਵੰਬਰ 1984 ਨੂੰ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਵੱਖ-ਵੱਖ ਸੂਬਿਆਂ ਦੇ 110 ਸ਼ਹਿਰਾਂ ਵਿਚ ਇਕ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਕਾਂਗਰਸ ਹਕੂਮਤ ਦੀ ਸਰਪ੍ਰਸਤੀ ਹੇਠ ਸਿੱਖਾਂ ਦਾ ਬੇਰਹਿਮੀ ਦੇ ਨਾਲ ਕਤਲੇਆਮ ਕੀਤਾ ਗਿਆ ਸੀ, ਜੋ ਸਿੱਖ ਨਸਲਕੁਸ਼ੀ ਸੀ। ਉਨ੍ਹਾਂ ਕਿਹਾ ਕਿ 1 ਨਵੰਬਰ 2024 ਨੂੰ ਸਿੱਖ ਨਸਲਕੁਸ਼ੀ ਦੇ 40 ਵਰ੍ਹੇ ਹੋਣ ਜਾ ਰਹੇ ਹਨ।

**1 ਨਵੰਬਰ ਨੂੰ ਹੈ ਬੰਦੀ ਛੋੜ ਦਿਵਸ**

ਉਨ੍ਹਾਂ ਕਿਹਾ ਕਿ ਪਿਛਲੇ 40 ਸਾਲਾਂ ਦੌਰਾਨ ਸਿੱਖਾਂ ਨੇ ਭਾਰਤੀ ਹਕੂਮਤ ਦੀ ਸਰਪ੍ਰਸਤੀ ਹੇਠ ਹੋਏ ਆਪਣੇ ਨਰਸੰਹਾਰ ਦੇ



ਬਹੁਪੱਖੀ ਪ੍ਰਭਾਵਾਂ ਵਿਚੋਂ ਉਭਰਦਿਆਂ ਆਪਣੇ ਕੌਮੀ ਬਿਰਤਾਂਤ ਨੂੰ ਮੁੜ ਸਥਾਪਿਤ ਕਰਨ ਲਈ ਜਿਹੜਾ ਸੰਘਰਸ਼ਸ਼ੀਲ ਪੈਂਡਾ ਤੈਅ ਕੀਤਾ ਹੈ, ਉਹ ਵੀ ਅਦੁੱਤੀ ਅਤੇ ਲਾ-ਮਿਸਾਲ ਹੈ। ਉਨ੍ਹਾਂ ਕਿਹਾ ਕਿ ਨਵੰਬਰ '84 ਇਕ ਅਜਿਹਾ ਨਾਸੂਰ ਹੈ ਜੋ ਰਹਿੰਦੀ ਦੁਨੀਆ ਤੱਕ ਸਿੱਖ ਮਾਨਸਿਕਤਾ ਵਿਚ ਤਾਜ਼ਾ ਰਹੇਗਾ। ਉਨ੍ਹਾਂ ਕਿਹਾ ਕਿ 1 ਨਵੰਬਰ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਹੋ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਆਮਦ ਦੀ ਯਾਦ ਵਿਚ ਬੰਦੀ ਛੋੜ ਦਿਵਸ ਵੀ ਹੈ।

**ਸਿਰਫ ਘਿਓ ਦੇ ਦੀਵਿਆਂ ਦੀ ਹੀ ਕੀਤੀ ਜਾਵੇ ਦੀਪਮਾਲਾ**

ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇਸ ਵਾਰ ਬੰਦੀ ਛੋੜ ਦਿਵਸ ਮੌਕੇ ਸਿਰਫ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੀ ਬਿਜਲਈ ਸਜਾਵਟ ਕੀਤੀ ਜਾਵੇਗੀ। ਇਸ ਤੋਂ ਇਲਾਵਾ ਵਿਸ਼ਵ ਭਰ ਵਿਚ ਵੱਸਦੀਆਂ ਸਿੱਖ ਸੰਗਤਾਂ ਇਕ ਨਵੰਬਰ ਵਾਲੇ ਦਿਨ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਾਵਨ ਯਾਦ ਵਿਚ ਬੰਦੀ ਛੋੜ ਦਿਵਸ ਮਨਾਉਂਦਿਆਂ ਗੁਰਦੁਆਰਾ ਸਾਹਿਬਾਨ ਅਤੇ ਘਰਾਂ ਵਿਚ ਸਿਰਫ ਘਿਓ ਦੇ ਦੀਵਿਆਂ ਦੀ ਹੀ ਦੀਪਮਾਲਾ ਕੀਤੀ ਜਾਵੇ ਅਤੇ ਕਿਸੇ ਤਰ੍ਹਾਂ ਦੀ ਬਿਜਲਈ ਸਜਾਵਟ ਨਾ ਕੀਤੀ ਜਾਵੇ।

# ਭਾਰਤ ਦੇ ਕੇਂਦਰੀ ਮੰਤਰਾਲੇ ਵੱਲੋਂ ਬੰਦੀ ਛੋੜ ਦਿਵਸ ਸਬੰਧੀ ਪੋਸਟ ਹਟਾਉਣਾ ਦੁਖਦਾਈ- ਐਡਵੋਕੇਟ ਧਾਮੀ

ਨਵੀਂ ਦਿੱਲੀ, : ਭਾਰਤ ਦੇ ਸੱਭਿਆਚਾਰ ਮੰਤਰਾਲੇ ਵੱਲੋਂ ਆਪਣੇ ਸੋਸ਼ਲ ਮੀਡੀਆ ਮੰਚਾਂ 'ਤੇ ਬੰਦੀ ਛੋੜ ਦਿਵਸ ਸਬੰਧੀ ਪੋਸਟ ਪਾਉਣ ਮਗਰੋਂ ਹਟਾਏ ਜਾਣ ਦਾ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਪੱਖਪਾਤੀ ਕਰਾਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਜਾਰੀ ਬਿਆਨ ਵਿਚ ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਬੇਹੱਦ ਦੁਖਦਾਈ ਅਤੇ ਮੰਦਭਾਗਾ ਹੈ ਕਿ ਦੇਸ਼ ਦੇ ਮੰਤਰਾਲੇ ਵੱਲੋਂ ਸਿੱਖਾਂ ਦੇ ਇਤਿਹਾਸ ਨੂੰ ਦਰਸਾਉਂਦੀ ਪੋਸਟ ਪਾਉਣ ਮਗਰੋਂ ਉਸ ਨੂੰ ਹਟਾ ਦਿੱਤਾ ਗਿਆ।



ਜ਼ਿਕਰਯੋਗ ਹੈ ਕਿ ਕੇਂਦਰੀ ਸੱਭਿਆਚਾਰ ਮੰਤਰਾਲੇ ਦੇ ਸੋਸ਼ਲ ਮੀਡੀਆ 'ਤੇ ਬੰਦੀ ਛੋੜ ਦਿਹਾੜੇ ਸਬੰਧੀ ਇਕ ਪੋਸਟ ਪਾਈ ਗਈ ਸੀ, ਜਿਸ ਵਿਚ ਇਸ ਦੇ ਇਤਿਹਾਸ ਅਤੇ ਪ੍ਰੰਪਰਾ ਦਾ ਜ਼ਿਕਰ ਸੀ। ਇਸ ਪੋਸਟ ਰਾਹੀਂ ਬੰਦੀ ਛੋੜ ਦਿਵਸ ਸਬੰਧੀ ਇਕ ਵੀਡੀਓ ਵੀ ਪਾਈ ਗਈ ਸੀ, ਪਰੰਤੂ ਇਸ ਨੂੰ ਕੁਝ ਚਿਰ ਬਾਅਦ ਹੀ ਹਟਾ ਦਿੱਤਾ ਗਿਆ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਸ 'ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਕਿ ਭਾਰਤ ਇਕ ਬਹੁ-ਕੌਮੀ ਤੇ ਬਹੁ-ਧਰਮੀ ਦੇਸ਼ ਹੈ, ਜਿਥੇ ਹਰ ਧਰਮ ਦੇ ਲੋਕਾਂ ਦੇ ਇਤਿਹਾਸ ਅਤੇ ਮਾਨਤਾਵਾਂ ਦਾ ਸਤਿਕਾਰ ਸੁਰੱਖਿਅਤ ਰਹਿਣਾ ਚਾਹੀਦਾ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਜੇਕਰ ਭਾਰਤ ਸਰਕਾਰ ਹੀ ਇਸ ਤਰ੍ਹਾਂ ਪੱਖਪਾਤੀ ਰਵੱਈਆ ਅਪਣਾਏਗੀ ਤਾਂ ਦੇਸ਼ ਅੰਦਰ ਵੱਸਦੇ ਹਰ ਧਰਮ ਦੇ ਲੋਕਾਂ ਦੇ ਹੱਕ ਹਕੂਕ ਕਿਵੇਂ ਕਾਇਮ ਰਹਿਣਗੇ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਕੇਂਦਰ ਸਰਕਾਰ ਵੱਲੋਂ ਸਿੱਖਾਂ ਨੂੰ ਸਮਰਪਤ ਇਹ ਪੋਸਟ ਸੋਸ਼ਲ ਮੀਡੀਆ 'ਤੇ ਨਫ਼ਰਤ ਫੈਲਾਉਣ ਵਾਲੇ ਸੱਜੇ ਪੱਖੀ ਲੋਕਾਂ ਵੱਲੋਂ ਕੇਂਦਰੀ ਮੰਤਰਾਲੇ ਦੀ ਪੋਸਟ 'ਤੇ ਇਕ ਏਜੰਡੇ ਤਹਿਤ ਫੈਲਾਏ ਗਏ ਨਫ਼ਰਤੀ ਪ੍ਰਚਾਰ ਕਰਕੇ ਹਟਾਈ ਗਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪਹਿਲਾਂ ਵੀ ਕਈ ਵਾਰ ਇਹ ਇਤਰਾਜ਼ ਪ੍ਰਗਟ ਕਰ ਚੁੱਕੀ ਹੈ ਕਿ ਬਹੁਤ ਸਾਰੇ ਸੋਸ਼ਲ ਮੀਡੀਆ ਖ਼ਾਤਿਆਂ ਤੋਂ ਸਿੱਖ ਵਿਰੋਧੀ ਏਜੰਡਾ ਅੱਗੇ ਵਧਾਇਆ ਜਾ ਰਿਹਾ ਹੈ, ਜਿਸ ਦੀ ਇਕ ਹੋਰ ਮਿਸਾਲ ਕੇਂਦਰ ਸਰਕਾਰ ਦੇ ਮੰਤਰਾਲੇ ਵੱਲੋਂ ਪਾਈ ਪੋਸਟ ਮਗਰੋਂ ਇਨ੍ਹਾਂ ਨਫ਼ਰਤੀ ਹਿੰਸਾ ਫੈਲਾਉਣ ਵਾਲਿਆਂ ਵੱਲੋਂ ਇਸ ਦਾ ਵਿਰੋਧ ਕਰਨ ਨਾਲ ਸਾਹਮਣੇ ਆਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖਾਂ ਦੀ ਵਿਲੱਖਣਤਾ ਹੈ ਕਿ ਇਹ ਆਪਣੇ ਇਤਿਹਾਸ ਦੀ ਰੌਸ਼ਨੀ ਵਿਚ ਨਿਰਾਲੇ ਢੰਗ ਨਾਲ ਤਿਉਹਾਰ ਮਨਾਉਂਦੇ ਹਨ, ਪਰੰਤੂ ਸਿੱਖਾਂ ਦਾ ਇਹ ਖ਼ਾਸਾ ਘਟਗਿਣਤੀਆਂ ਪ੍ਰਤੀ ਨਫ਼ਰਤ ਰੱਖਣ ਵਾਲੇ ਲੋਕਾਂ ਨੂੰ ਹਜ਼ਮ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਵੀ ਇਨ੍ਹਾਂ ਸ਼ਕਤੀਆਂ ਦੇ ਪਿੱਛੇ ਲੱਗ ਕੇ ਸਿੱਖ ਗੁਰੂ ਸਾਹਿਬਾਨ ਨੂੰ ਸਤਿਕਾਰ ਦੇਣ ਵਾਲੀ ਪੋਸਟ ਹਟਾ ਦੇਣੀ ਸਵਾਲ ਪੈਦਾ ਕਰਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦਾ ਫ਼ਰਜ਼ ਤਾਂ ਇਹ ਹੈ ਕਿ ਉਹ ਅਜਿਹੇ ਲੋਕਾਂ ਨੂੰ ਨੱਥ ਪਾਵੇ, ਪਰੰਤੂ ਅਫ਼ਸੋਸਨਾਕ ਹੈ ਕਿ ਸਰਕਾਰ ਹੀ ਇਨ੍ਹਾਂ ਦੇ ਪ੍ਰਭਾਵ ਹੇਠ ਫੈਸਲੇ ਕਰ ਰਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਕੌਮ ਹਰ ਧਰਮ ਦੇ ਤਿਓਹਾਰਾਂ ਦਾ ਸਤਿਕਾਰ ਕਰਦਾ ਹੈ, ਪਰੰਤੂ ਇਹ ਵੀ ਬਰਦਾਸ਼ਤ ਨਹੀਂ ਕਿ ਕੋਈ ਸਿੱਖਾਂ ਦੀ ਮੌਲਿਕ ਅਤੇ ਅੱਡਰੀ ਹੋਂਦ ਹਸਤੀ ਨੂੰ ਸੱਟ ਮਾਰੇ।

# ਅਮਰੀਕੀ ਰਾਸ਼ਟਰਪਤੀ ਚੋਣਾਂ- ਰਾਸ਼ਟਰ ਵਿਆਪੀ ਸਰਵੇ ਵਿਚ ਕਮਲਾ ਹੈਰਿਸ ਤੇ ਟਰੰਪ ਵਿਚਾਲੇ ਸਖਤ ਮੁਕਾਬਲਾ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕੀ ਰਾਸ਼ਟਰਪਤੀ ਚੋਣਾਂ ਦਾ ਦਿਨ ਜਿਉਂ ਜਿਉਂ ਨੇੜੇ ਆ ਰਿਹਾ ਹੈ ਤਿਉਂ ਤਿਉਂ ਸਥਿੱਤੀ ਸਾਫ ਹੁੰਦੀ ਜਾ ਰਹੀ ਹੈ। ਇਸ ਵਾਰ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਤੇ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਵਿਚਾਲੇ 2020 ਦੀਆਂ ਚੋਣਾਂ ਨਾਲੋਂ ਵੀ ਮੁਕਾਬਲਾ ਵਧੇਰੇ ਫਸਵਾਂ ਬਣਦਾ ਜਾ ਰਿਹਾ ਹੈ। 2020 ਵਿਚ ਵੋਟਾਂ ਦੀ ਗਿਣਤੀ ਵਿੱਚ ਧਾਂਦਲੀਆਂ ਦਾ ਦੋਸ਼ ਲਾ ਕੇ ਡੋਨਾਲਡ ਟਰੰਪ ਨੇ ਆਪਣੇ ਸਮਰਥਕਾਂ ਨੂੰ ਬਗਾਵਤ ਕਰਨ ਲਈ ਉਕਸਾਇਆ ਸੀ। ਮੌਜੂਦਾ ਸਥਿੱਤੀ ਦੇ ਮੱਦੇਨਜ਼ਰ ਕਮਲਾ ਹੈਰਿਸ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਉਨਾਂ ਦਾ ਵਿਰੋਧੀ ਉਮੀਦਵਾਰ ਟਰੰਪ ਵੋਟਾਂ ਦੀ ਗਿਣਤੀ ਮੁਕੰਮਲ ਹੋਣ ਤੋਂ ਪਹਿਲਾਂ ਹੀ ਆਪਣੀ ਜਿੱਤ ਦਾ ਐਲਾਨ ਕਰ ਸਕਦਾ ਹੈ। ਰਾਈਟਰਜ/ਇਪਸੋਸ ਵੱਲੋਂ ਕੀਤੇ ਤਾਜ਼ਾ ਸਰਵੇ ਅਨੁਸਾਰ ਰਾਸ਼ਟਰੀ ਪੱਧਰ 'ਤੇ ਹੈਰਿਸ ਨੂੰ ਟਰੰਪ ਉਪਰ ਮਾਮੂਲੀ ਬੜਤ ਹਾਸਲ ਹੈ। ਯੂ ਐਸ ਟੂਡੇਅ/ਸੁਫੋਲਕ ਯੁਨੀਵਰਸਿਟੀ ਦੇ ਵਿਸ਼ੇਸ਼ ਸਰਵੇ ਜਿਸ ਨੂੰ ਬੀਤੇ ਦਿਨ ਜਾਰੀ ਕੀਤਾ ਗਿਆ ਹੈ, ਅਨੁਸਾਰ ਹੈਰਿਸ ਦੇ ਹੱਕ ਵਿਚ 45% ਅਮਰੀਕੀ ਮੱਤਦਾਤਾ ਹਨ ਜਦ ਕਿ 44% ਮੱਤਦਾਤਾ ਟਰੰਪ ਦੇ ਹੱਕ ਵਿਚ ਹਨ। ਅਗਸਤ ਵਿਚ ਕੀਤੇ ਸਰਵੇ ਦੀ ਤੁਲਨਾ ਵਿਚ ਇਸ ਤਾਜ਼ਾ ਸਰਵੇ ਵਿਚ ਵਧੇਰੇ ਫਸਵਾਂ ਮੁਕਾਬਲਾ ਬਣਦਾ ਨਜਰ ਆ ਰਿਹਾ ਹੈ। ਹੈਰਿਸ ਦੇ ਇਕ ਸਲਾਹਕਾਰ ਨੇ ਕਿਹਾ ਹੈ ਕਿ 7 ਅਹਿਮ ਰਾਜਾਂ ਵਿਚ ਕੇਵਲ 1% ਦੇ ਫਰਕ ਨਾਲ ਫੈਸਲਾ ਹੋਵੇਗਾ। ਯੂ ਐਸ ਟੂਡੇਅ /ਸੁਫੋਲਕ ਯੁਨੀਵਰਸਿਟੀ ਦੇ ਸਰਵੇ ਅਨੁਸਾਰ ਟਰੰਪ ਦੀ ਤੁਲਨਾ ਵਿਚ 17% ਵਧ ਔਰਤ ਮੱਤਦਾਤਾ ਹੈਰਿਸ ਨੂੰ ਚਹੁੰਦੇ ਹਨ ਜਦ ਕਿ ਹੈਰਿਸ ਦੀ ਤੁਲਨਾ ਵਿੱਚ 16% ਵਧ ਮਰਦ ਮੱਤਦਾਤਾ ਟਰੰਪ ਦੇ ਹੱਕ ਵਿਚ ਹਨ। ਇਸੇ ਦੌਰਾਨ ਕਮਲਾ ਹੈਰਿਸ ਨੇ ਲਿੰਗ ਅਧਾਰਤ ਪ੍ਰਚਾਰ ਨੂੰ ਰੱਦ ਕਰ ਦਿੱਤਾ ਹੈ ਤੇ ਕਿਹਾ ਹੈ ਕਿ ਇਹ ਉਸ ਲਈ ਨਾਕਾਰਾਤਮਿਕ ਪਹਿਲੂ ਹੈ।



ਉਨਾਂ ਸਰਵੇ ਉਪਰੰਤ ਇਕ ਚੈਨਲ 'ਤੇ ਗੱਲਬਾਤ ਕਰਦਿਆਂ ਕਿਹਾ ਕਿ " ਮੈ ਕਦੀ ਵੀ ਨਹੀਂ ਚਹੁੰਦੀ ਕਿ ਸਾਡਾ ਦੇਸ਼ ਲਿੰਗ ਜਾਂ ਨਸਲ ਦੇ ਆਧਾਰ 'ਤੇ ਆਪਣਾ ਆਗੂ ਚੁਣੇ। ਇਸ ਦੀ ਬਜਾਏ ਆਗੂਆਂ ਨੂੰ ਵੋਟਾਂ ਦੇਸ਼ ਦੀ ਵਾਸਤਵਿਕਤਾ ਦੇ ਆਧਾਰ 'ਤੇ ਮੰਗਣੀਆਂ ਚਾਹੀਦੀਆਂ ਹਨ।" ਹੈਰਿਸ ਨੇ ਹੋਰ ਕਿਹਾ ਕਿ ਮੇਰਾ ਵਿਸ਼ਵਾਸ਼ ਹੈ ਕਿ ਅਮਰੀਕੀ ਇਕ ਔਰਤ ਆਗੂ ਲਈ ਬਿਲਕੁੱਲ ਤਿਆਰ ਹਨ ਤੇ ਇਕ ਗੈਰ ਗੋਰੀ ਔਰਤ ਰਾਸ਼ਟਰਪਤੀ ਬਣਨ ਲਈ ਤਿਆਰ ਹੈ। ਉਨਾਂ ਹਸਦਿਆਂ ਹੋਇਆਂ ਕਿਹਾ "ਹਾਂ ਮੈ ਸਪੱਸ਼ਟ ਕਰਦੀ ਹਾਂ ਕਿ ਮੈ ਔਰਤ ਹਾਂ, ਮੈਨੂੰ ਇਸ ਸਬੰਧੀ ਹੋਰ ਕਿਸੇ ਬਾਰੇ ਕੁਝ ਕਹਿਣ ਦੀ ਲੋੜ ਨਹੀਂ ਹੈ।" ਹੈਰਿਸ ਨੇ ਐਨ ਬੀ ਸੀ ਨਿਊਜ਼ ਦੇ ਪ੍ਰਤੀਨਿੱਧ ਹੈਲੀ ਜੈਕਸਨ ਨਾਲ ਗੱਲਬਾਤ ਦੌਰਾਨ ਹੋਰ ਕਿਹਾ ਕਿ ਉਸ ਦੇ ਚੋਣ ਮੁਹਿੰਮ ਸੰਚਾਲਕ ਆਪਣੇ ਆਪ ਨੂੰ ਉਸ ਸੰਭਾਵਨਾ ਦੇ ਮੱਦੇਨਜਰ ਤਿਆਰ ਕਰ ਰਹੇ ਹਨ ਜਿਸ ਸੰਭਾਵਨਾ ਤਹਿਤ ਟਰੰਪ ਵੋਟਾਂ ਦੀ ਗਿਣਤੀ ਮੁਕੰਮਲ ਹੋਣ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਜੇਤੂ ਐਲਾਨ ਸਕਦੇ ਹਨ। ਉਨਾਂ ਕਿਹਾ ਕਿ "ਦੋ ਹਫਤੇ ਬਾਕੀ ਹਨ ਤੇ ਅਸੀਂ ਮੌਜੂਦਾ ਸਥਿੱਤੀ ਦੇ ਮੱਦੇਨਜਰ ਜ਼ਮੀਨੀ ਪੱਧਰ 'ਤੇ ਸੋਚ ਰਹੇ ਹਾਂ।

# ਸਾਡੀ ਸਰਕਾਰ ਕਾਰਬਨ ਟੈਕਸ ਨੂੰ ਖਤਮ ਕਰਨ ਲਈ ਵਚਨਬੱਧ : ਡੇਵਿਡ ਈਬੀ

## ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦਿੱਤੀ ਬੀ.ਸੀ. ਐਨ.ਡੀ.ਪੀ. ਨੂੰ ਜਿੱਤ ਦੀ ਵਧਾਈ

ਸਰੀ, (ਸਿਮਰਨਜੀਤ ਸਿੰਘ): ਬੀ.ਸੀ. ਦੇ ਪ੍ਰੀਮੀਅਰ ਡੇਵਿਡ ਏਬੀ ਨੇ ਬੀਤੇ ਕੱਲ੍ਹ ਕਿਹਾ ਕਿ ਉਹ ਆਪਣੀ ਸਰਕਾਰ ਦੇ ਵਚਨ ਨੂੰ ਜਾਰੀ ਰੱਖਣਗੇ ਕਿ ਉਹ ਸੂਬੇ ਦੇ ਲੋਕਾਂ ਲਈ ਕਾਰਬਨ ਟੈਕਸ ਨੂੰ ਖਤਮ ਕਰਨਗੇ ਅਤੇ ਉਹਨਾਂ ਲੋਕਾਂ ਨੂੰ ਬਿਨਾ ਇੱਛਾ ਦੇ ਇਲਾਜ ਪ੍ਰਦਾਨ ਕਰਨਗੇ ਜੋ ਉਪਭੋਗਤਾਵਾਦੀਆਂ, ਮਾਨਸਿਕ ਬਿਮਾਰੀ ਅਤੇ ਮਸਤਿਕਤਾ ਨਾਲ ਸੰਘਰਸ਼ ਕਰ ਰਹੇ ਹਨ।

ਉਹਨਾਂ ਨੇ ਕਿਹਾ, “ਸਾਨੂੰ ਪਤਾ ਹੈ ਕਿ ਲੋਕ ਕੀਮਤਾਂ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਇਸ ਲਈ, ਹਾਂ, ਅਸੀਂ ਬ੍ਰਿਟਿਸ਼ ਕੋਲੰਬਿਆ ਵਾਸੀਆਂ ਨਾਲ ਕੀਤੇ ਗਏ ਵਾਅਦਿਆਂ ‘ਤੇ ਵਚਨਬੱਧ ਹਾਂ ਅਤੇ ਅਸੀਂ ਕਾਰਬਨ ਟੈਕਸ ਨੂੰ ਖਤਮ ਕਰ ਦੇਵਾਂਗੇ। ਅਸੀਂ ਇਹ ਯਕੀਨੀ ਬਣਾਉਣ ਲਈ ਵੀ ਪ੍ਰਤੀਬੱਧ ਹਾਂ ਕਿ ਲੋਕਾਂ ਨੂੰ ਸਹੀ ਇਲਾਜ ਪ੍ਰਾਪਤ ਹੋਵੇ।”

ਸਤੰਬਰ ਵਿੱਚ, ਏਬੀ ਨੇ ਉਸ ਸੁਰੱਖਿਅਤ ਸਥਾਨਾਂ ਦੀ ਉਸਾਰੀ ਦੀ ਕਮਿਟਮੈਂਟ ਦਿੱਤੀ ਸੀ ਜੋ ਉਹਨਾਂ ਲੋਕਾਂ ਲਈ ਹਨ ਜੋ ਆਪਣੇ ਲਈ ਜਾਂ ਹੋਰਾਂ ਲਈ ਖਤਰਾ ਪੈਦਾ ਕਰਦੇ ਹਨ, ਤਾਂ ਜੋ ਉਹ ਸੁਖਦਾਇਕ ਮਾਹੌਲ ਵਿੱਚ ਇਲਾਜ ਪ੍ਰਾਪਤ ਕਰ ਸਕਣ।




ਉਹਨਾਂ ਨੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਉਹ ਵਿਧਾਨ ਸਭਾ ਵਿੱਚ ਵਾਪਸ ਆਉਣ 'ਤੇ ਖੁਸ਼ ਹਨ, ਪਰ ਉਹਨਾਂ ਨੇ ਸੁਣਿਆ ਹੈ ਕਿ ਬ੍ਰਿਟਿਸ਼ ਕੋਲੰਬਿਆ ਵਾਸੀਆਂ ਦੀ ਆਵਾਜ਼ ਉਸਨੂੰ ਵੱਡੀ ਸਪਸ਼ਟਤਾ ਨਾਲ ਪਹੁੰਚੀ ਹੈ ਕਿ ਲੋਕ “ਕਈ ਮੁੱਖ ਫਾਈਲਾਂ 'ਤੇ ਸਾਨੂੰ ਬਿਹਤਰ ਕਰਨ ਦੀ ਉਮੀਦ ਕਰਦੇ ਹਨ।”

ਉਹਨਾਂ ਨੇ ਕਿਹਾ, “ਮੈਂ ਬ੍ਰਿਟਿਸ਼ ਕੋਲੰਬਿਆ ਵਾਸੀਆਂ ਦੁਆਰਾ ਦਿੱਤੇ ਗਏ ਦੁਬਾਰਾ ਮੌਕੇ ਲਈ ਬਹੁਤ ਧੰਨਵਾਦੀ ਅਤੇ ਸਨਮਾਨਿਤ ਮਹਿਸੂਸ ਕਰਦਾ ਹਾਂ।”

ਈਬੀ ਨੇ ਕਿਹਾ ਕਿ ਉਹ 44 ਕੰਜ਼ਰਵੇਟੀਵ ਐਮਐਲਏ ਅਤੇ 2 ਗ੍ਰੀਨ ਪਾਰਟੀ ਦੇ ਐਮਐਲਏ ਨਾਲ ਕੰਮ ਕਰਨ ਤੋਂ ਇਨਕਾਰ ਨਹੀਂ ਕੀਤਾ, ਪਰ ਉਹਨਾਂ ਨੇ ਕਿਹਾ ਕਿ ਸਰਕਾਰ ਨੇ ਹਰ ਐਮ.ਐਲ.ਏ. ਨਾਲ ਕੰਮ ਕਰਨ ਦੀ ਪੱਕੀ ਕਮਿਟਮੈਂਟ ਕੀਤੀ ਹੈ ਜੋ “ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਇਹ ਸਥਾਨ ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਕੰਮ ਕਰਦਾ ਹੈ।”

ਬੀ.ਸੀ. ਦੇ ਕੰਜ਼ਰਵਟੀਵਾਂ ਵਲੋਂ ਵੀ ਇਸ ਵਾਰ ਵਿਧਾਨ ਸਭਾ ਵਿੱਚ ਰਿਕਾਰਡ 44 ਸੀਟਾਂ ਜਿੱਤੀਆਂ ਗਈਆਂ ਹਨ ਅਤੇ ਆਉਣ ਵਾਲੇ ਦਿਨਾਂ ‘ਚ ਉਹ ਵੀ ਆਪਣੀ ਅਗਲੀ ਰਣਨੀਤੀਆਂ ਦਾ ਐਲਾਨ ਕਰਨਗੇ।


ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਏਬੀ ਅਤੇ ਬੀ.ਸੀ. ਐਨ.ਡੀ.ਪੀ. ਨੂੰ ਦੁਬਾਰਾ ਚੁਣਨ 'ਤੇ ਵਧਾਈ ਦਿੱਤੀ ਹੈ। “ਸੂਬੇ ਵਿੱਚ ਪਹਿਲੀ ਵਾਰੀ, ਔਰਤਾਂ ਦੇ ਕੋਲ ਵਿਧਾਨ ਸਭਾ ਵਿੱਚ ਵੱਧ ਸੀਟਾਂ ਹੋਣਗੀਆਂ ਜਿਸ ਲਈ ਬੀ.ਸੀ. ਸੂਬਾ ਵਧਾਈ ਦਾ ਪਾਤਰ ਹੈ।” ਟਰੂਡੋ ਨੇ ਕਿਹਾ। ਉਹਨੇ ਕਿਹਾ, “ਮੈਂ ਪ੍ਰੀਮੀਅਰ ਏਬੀ ਨਾਲ ਕੰਮ ਕਰਨ ਦੀ ਉਮੀਦ ਕਰਦਾ ਹਾਂ ਤਾਂ ਜੋ ਬ੍ਰਿਟਿਸ਼ ਕੋਲੰਬੀਆ ਅਤੇ ਸਾਰੇ ਕੈਨੇਡੀਅਨਾਂ ਲਈ ਮਹੱਤਵਪੂਰਨ ਮਸਲਿਆਂ 'ਤੇ ਕਦਮ ਚੁੱਕਿਆ ਜਾ ਸਕੇ।” This report was written by Simranjit Singh as part of the Local Journalism Initiative.

# ਸਰੀ ਗਿਲਫਰਡ ਦੀ ਸੀਟ ‘ਤੇ ਮਿਲੀ ਜਿੱਤ ਨਾਲ ਐਨ.ਡੀ.ਪੀ. ਦਾ ਸਰਕਾਰ ਬਣਾਉਣ ਲਈ ਹੋਇਆ ਰਾਹ ਪੱਧਰਾ

ਬੀ.ਸੀ. ਅਸੈਂਬਲੀ ਚੋਣਾਂ ਦੇ ਫਾਈਨਲ ਨਤੀਜਿਆਂ ਦੇ ਅਨੁਸਾਰ, ਬੀ.ਸੀ. ਐਨਡੀਪੀ ਨੂੰ ਸਰਕਾਰ ਬਣਾਉਣ ਲਈ ਲੋੜੀਂਦੀਆਂ 47 ਸੀਟਾਂ ਮਿਲ ਗਈਆਂ ਹਨ, ਜਿਸ ਨਾਲ ਐਨ.ਡੀ.ਪੀ. ਨੂੰ ਲਗਾਤਾਰ ਤੀਜੀ ਵਾਰ ਸਰਕਾਰ ਬਣਾਉਣ ਦੇ ਲਈ ਰਸਤਾ ਸਾਫ਼ ਹੋ ਗਿਆ ਹੈ। ਇਹ ਨਤੀਜੇ 19 ਅਕਤੂਬਰ ਨੂੰ ਹੋਈਆਂ ਚੋਣਾਂ ਤੋਂ ਬਾਅਦ ਉਪਰੰਤ ਆਏ ਹਨ, ਜਦੋਂ ਮੁੱਢਲੇ ਨਤੀਜਿਆਂ ਵਿੱਚ ਬੀ.ਸੀ. ਐਨਡੀਪੀ ਨੂੰ 46 ਸੀਟਾਂ, ਬੀ.ਸੀ. ਕੰਜਰਵੇਟਿਵ ਨੂੰ 45 ਅਤੇ ਗਰੀਨ ਪਾਰਟੀ ਨੂੰ 2 ਸੀਟਾਂ ਮਿਲੀਆਂ ਸਨ।

ਹਾਲਾਂਕਿ ਕੋਈ ਵੀ ਪਾਰਟੀ ਪਹਿਲਾਂ ਬਹੁਮਤ ਪ੍ਰਾਪਤ ਨਹੀਂ ਕਰ ਪਾਈ ਸੀ, ਪਰ ਗੈਰ-ਹਾਜਰ ਅਤੇ ਡਾਕ ਰਾਹੀਂ ਆਈਆਂ 66,074 ਵੋਟਾਂ ਦੀ ਗਿਣਤੀ ਬਾਕੀ ਸੀ। ਇਸ ਗਿਣਤੀ ਦੀ ਪ੍ਰਕਿਰਿਆ 26 ਅਕਤੂਬਰ ਨੂੰ ਸ਼ੁਰੂ ਹੋਈ, ਜਿਸ ਨਾਲ ਲੋਕਾਂ ਦੀ ਦਿਲਚਸਪੀ ਵਧ ਗਈ।

ਫਾਈਨਲ ਗਿਣਤੀ ਦੇ ਤੀਜੇ ਦਿਨ, ਸਰੀ ਗਿਲਫਰਡ ਦੀ ਸੀਟ ਨੇ ਸਾਡੀ ਖੇਡ ਬਦਲ ਦਿੱਤੀ। ਪਹਿਲਾਂ ਦੇ ਨਤੀਜਿਆਂ ਦੇ ਅਨੁਸਾਰ, ਬੀ.ਸੀ. ਕੰਜਰਵੇਟਿਵ ਦੇ ਉਮੀਦਵਾਰ ਹੋਣਵੀਰ ਰੰਧਾਵਾ 103 ਵੋਟਾਂ ਨਾਲ ਅੱਗੇ ਸਨ, ਪਰ ਡਾਕ ਰਾਹੀਂ ਆਈਆਂ ਵੋਟਾਂ ਦੀ ਗਿਣਤੀ ਮੁਕੰਮਲ ਹੋਣ ‘ਤੇ, ਬੀ.ਸੀ. ਐਨਡੀਪੀ ਦੇ ਉਮੀਦਵਾਰ ਗੈਰੀ ਬੈੱਗ 18 ਵੋਟਾਂ ਦੇ ਫਰਕ ਨਾਲ ਜਿੱਤ ਗਏ।



ਇਸ ਤਬਦੀਲੀ ਨਾਲ, ਬੀ.ਸੀ. ਐਨਡੀਪੀ ਹੁਣ 47 ਸੀਟਾਂ 'ਤੇ ਜੇਤੂ ਹੋ ਗਈ ਹੈ, ਜਦਕਿ ਬੀ.ਸੀ. ਕੰਜਰਵੇਟਿਵ ਕੋਲ 44 ਸੀਟਾਂ ਰਹਿ ਗਈਆਂ ਹਨ ਅਤੇ 2 ਸੀਟਾਂ ਗਰੀਨ ਪਾਰਟੀ ਨੂੰ ਮਿਲੀਆਂ ਹਨ। ਇਸ ਤੋਂ ਇਲਾਵਾ, ਪੰਜਾਬੀਆਂ ਦੀ ਗਿਣਤੀ ਵੀ 14 ਤੋਂ ਘਟ ਕੇ 13 ਰਹਿ ਗਈ ਹੈ।

ਪਹਿਲਾਂ ਇਹ ਕਿਆਸ ਲਾਈਆਂ ਜਾ ਰਹੀਆਂ ਸਨ ਕਿ ਜੇਕਰ 19 ਅਕਤੂਬਰ ਨੂੰ ਆਏ ਨਤੀਜੇ ਫਾਈਨਲ ਗਿਣਤੀ ਹੋਣ ਤੱਕ ਜਿਵੇਂ ਹੀ ਰਹਿੰਦੇ ਹਨ, ਤਾਂ ਬੀ.ਸੀ. ਐਨਡੀਪੀ ਨੂੰ ਗਰੀਨ ਪਾਰਟੀ ਦੇ ਸਹਿਯੋਗ ਦੀ ਲੋੜ ਹੋਵੇਗੀ। ਪਰ, ਸਰੀ ਗਿਲਫਰਡ ਦੀ ਸੀਟ ਨੇ ਬੀ.ਸੀ. ਐਨਡੀਪੀ ਲਈ ਸਰਕਾਰ ਬਣਾਉਣ ਦਾ ਰਾਹ ਪੱਧਰਾ ਕਰ ਦਿੱਤਾ ਹੈ, ਜਿਸ ਨਾਲ ਉਨ੍ਹਾਂ ਨੂੰ ਕਿਸੇ ਹੋਰ ਪਾਰਟੀ ਦੇ ਸਹਾਰੇ ਦੀ ਲੋੜ ਨਹੀਂ ਰਹੀ।

ਸਾਬਕਾ ਪ੍ਰੀਮੀਅਰ ਅਤੇ ਬੀ.ਸੀ. ਐਨਡੀਪੀ ਦੇ ਆਗੂ ਡੇਵਿਡ ਈਬੀ ਨੇ ਗਵਰਨਰ ਜਨਰਲ ਨਾਲ ਮਿਲਕੇ ਸਰਕਾਰ ਬਣਾਉਣ ਦਾ ਸੱਦਾ ਪ੍ਰਾਪਤ ਕੀਤਾ ਹੈ। 29 ਅਕਤੂਬਰ ਨੂੰ ਸਵੇਰੇ 11 ਵਜੇ, ਡੇਵਿਡ ਈਬੀ ਮੀਡੀਆ ਦੇ ਰੂਬਰੂ ਹੋਣਗੇ, ਜਿਸ ਤੋਂ ਬਾਅਦ ਉਹਨਾਂ ਦੀਆਂ ਆਗਾਮੀ ਯੋਜਨਾਵਾਂ ਅਤੇ ਸਰਕਾਰ ਬਣਾਉਣ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਮਿਲ ਸਕਦੀ ਹੈ।

ਇਸ ਪੂਰੀ ਸਥਿਤੀ ਨੇ ਬ੍ਰਿਟਿਸ਼ ਕੋਲੰਬੀਆ ਦੇ ਰਾਜਨੀਤਿਕ ਦਰਸ਼ਨ 'ਤੇ ਨਜ਼ਰ ਰੱਖਣ ਵਾਲੇ ਸਿਆਸੀ ਮਾਹਿਰਾਂ ਵਿਚ ਚਰਚਾ ਦਾ ਵਿਸ਼ਾ ਪੈਦਾ ਕਰ ਦਿੱਤਾ ਹੈ ਅਤੇ ਲੋਕਾਂ ਨੂੰ ਆਸ ਹੈ ਕਿ ਨਵੀਂ ਸਰਕਾਰ ਉਨ੍ਹਾਂ ਦੇ ਮੁੱਖ ਮਸਲਿਆਂ 'ਤੇ ਧਿਆਨ ਦੇਵੇਗੀ।

# ਕੰਜ਼ਰਵੇਟਿਵ ਪਾਰਟੀ ਵਲੋਂ ਹਾਊਸਿੰਗ ਐਕਸਲਰੇਟਰ ਫੰਡ ਨੂੰ ਰੱਦ ਕਰਨ ਦੇ ਯੋਜਨਾਬੱਧ ਪ੍ਰਸਤਾਵ ਦੀ ਬਰੈਂਡਾ ਲੌਕ ਨੇ ਕੀਤੀ ਆਲੋਚਨਾ

ਸਰੀ, (ਸਿਮਰਨਜੀਤ ਸਿੰਘ)– ਸਰੀ ਦੇ ਮੇਅਰ ਬ੍ਰੇਂਡਾ ਲੌਕ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਕੈਨੇਡਾ ਦੇ ਹਾਊਸਿੰਗ ਮੰਤਰੀ ਸੈਨ ਫਰੇਜ਼ਰ ਵੱਲੋਂ 30 ਅਕਤੂਬਰ ਨੂੰ ਇੱਕ ਪੱਤਰ ਪ੍ਰਾਪਤ ਹੋਇਆ ਹੈ, ਜਿਸ ਵਿੱਚ ਫਰੇਜ਼ਰ ਨੇ ਕਨਜ਼ਰਵੇਟਿਵ ਪਾਰਟੀ ਦੇ ਹਾਊਸਿੰਗ ਐਕਸਲਰੇਟਰ ਫੰਡ ਪ੍ਰੋਗਰਾਮ ਨੂੰ ਰੱਦ ਕਰਨ ਦੇ ਸੰਭਾਵੀ ਪ੍ਰੋਗਰਾਮ ਬਾਰੇ ਪੁੱਛਿਆ ਹੈ।

ਇਸ ਫੰਡ ਦੀ ਰਕਮ $95,641,500 ਹੈ ਜੋ ਕਿ ਸਰੀ ਸ਼ਹਿਰ ਦੀ ਹਾਊਸਿੰਗ ਲੋੜਾਂ ਨੂੰ ਪੂਰਾ ਕਰਨ ਵਿੱਚ ਮਹੱਤਵਪੂਰਨ ਸਾਥ ਦੇ ਰਹੀ ਹੈ। ਫਰੇਜ਼ਰ ਨੇ ਲੌਕ ਨੂੰ ਨਵੰਬਰ 8 ਤੱਕ ਆਪਣੇ ਵਿਚਾਰ ਲਿਖਤ ਰੂਪ ਵਿੱਚ ਸਾਂਝੇ ਕਰਨ ਦੀ ਬੇਨਤੀ ਕੀਤੀ ਹੈ, ਜਿਸ ਵਿੱਚ ਉਨ੍ਹਾਂ ਤੋਂ ਇਸ ਬਾਰੇ ਜਾਣਕਾਰੀ ਮੰਗੀ ਗਈ ਹੈ ਕਿ ਕੀ ਇਸ ਕਟੌਤੀ ਦਾ ਸਰੀ ਵਿੱਚ ਨਵੇਂ ਘਰ ਬਣਾਉਣ 'ਤੇ ਪ੍ਰਭਾਵ ਪਵੇਗਾ।

ਕੰਜ਼ਰਵੇਟਿਵ ਨੇਤਾ ਪੀਅਰ ਪੁਆਲੀਵਰ ਨੇ ਹਾਊਸਿੰਗ ਐਕਸਲਰੇਟਰ ਫੰਡ ਨੂੰ ਇੱਕ "ਫੋਟੋ-ਆਪ ਫੰਡ" ਕਿਹਾ ਹੈ ਅਤੇ ਦਾਅਵਾ ਕੀਤਾ ਹੈ ਕਿ ਇਹ ਫੰਡ ਘਰਾਂ ਦੇ ਵਾਸਤੇ ਨਹੀ, ਸਗੋਂ ਸਿਰਫ਼ ਸਿਆਸੀ ਤਸਵੀਰਾਂ ਖਿੱਚਣ ਲਈ ਵਰਤੀ ਜਾਂਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਫੰਡ ਨਾਲ ਘਰਾਂ ਦੀ ਗਿਣਤੀ ਘੱਟ ਹੋਈ ਹੈ ਅਤੇ ਨਵੀਆਂ ਟੈਕਸ ਛੋਟਾਂ ਦੀ ਪੈਸਾ ਯੋਜਨਾ ਤਹਿਤ ਘਟਾਈ ਜਾਵੇਗੀ।



ਸਰੀ ਦੇ ਮੇਅਰ ਬ੍ਰੇਂਡਾ ਲੌਕ ਨੇ ਕਿਹਾ ਕਿ ਹਾਲਾਂਕਿ ਉਹ ਸਰੀ ਵਿੱਚ ਇਸ ਫੰਡ ਦੀ ਰਕਮ ਨੂੰ ਕਦਰਦਾਨ ਮੰਨਦੀ ਹੈ । ਲੌਕ ਨੇ ਦੱਸਿਆ ਕਿ ਸਰੀ ਸ਼ਹਿਰ ਦੇ ਨਵੇਂ ਹਾਊਸਿੰਗ ਪ੍ਰਾਜੈਕਟਾਂ ਲਈ ਇਹ ਫੰਡ ਮਹੱਤਵਪੂਰਨ ਹੈ ਕਿਉਂਕਿ ਇਸ ਨਾਲ ਨਵੀਆਂ ਤਕਨਾਲੋਜੀਆਂ ਦੇ ਵਿਕਾਸ ਅਤੇ ਘਰਾਂ ਦੀ ਤਿਆਰੀ ਵਿੱਚ ਤੇਜ਼ੀ ਆਉਂਦੀ ਹੈ।

ਇਸ ਦੇ ਨਾਲ ਹੀ ਲੌਕ ਨੇ ਕਿਹਾ ਕਿ ਉਨ੍ਹਾਂ ਨੂੰ ਕੰਜ਼ਰਵੇਟਿਵ ਪਾਰਟੀ ਤੋਂ ਕਿਸੇ ਵੀ ਪ੍ਰਸਤੀਖਿਤ ਫੈਸਲੇ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ, ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਕਿਸੇ ਵੀ ਸਰਕਾਰ ਨਾਲ ਕੰਮ ਕਰਨ ਲਈ ਤਿਆਰ ਹਨ। This report was written by Simranjit Singh as part of the Local Journalism Initiative.

**ਸਫ਼ਾ 1 ਦਾ ਬਾਕੀ**

## ਪਟਾਖੇ ਚਲਾਉਣ ਸਮੇਂ ਨਿਯਮਾਂ...

ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ। ਮਿਉਂਸੀਪਲ ਟਿਕਟ ਇੰਫੋਰਮੇਸ਼ਨ (MTI) ਵੱਧ ਤੋਂ ਵੱਧ $1,000 ਜੁਰਮਾਨਾ ਅਤੇ ਬਾਈਲਾਅ ਇਨਫੋਰਸਮੈਂਟ ਨੋਟਿਸ (BEN): ਵੱਧ ਤੋਂ ਵੱਧ $450 ਜੁਰਮਾਨਾ ਕੀਤਾ ਜਾ ਸਕਦਾ ਹੈ।

ਉਧਰ ਬਰੈਂਪਟਨ ਸਿਟੀ ਨੇ ਐਲਾਨ ਕੀਤਾ ਹੈ ਕਿ ਜੇਕਰ ਕਿਸੇ ਵਿਅਕਤੀ ਨੇ ਨਿਯਮ ਤੋੜੇ ਤਾਂ ਉਸ ਨੂੰ ਅਦਾਲਤ 'ਚ ਪੇਸ਼ ਹੋਣਾ ਪਵੇਗਾ, ਜਿੱਥੇ ਜੁਰਮਾਨਾ ਘੱਟੋ-ਘੱਟ $500 ਤੋਂ ਵੱਧ ਤੋਂ ਵੱਧ $100,000 ਤੱਕ ਹੋ ਸਕਦਾ ਹੈ। ਇਹ ਸਖ਼ਤੀ ਪਿਛਲੇ ਕੁਝ ਸਾਲਾਂ ਵਿੱਚ ਬ੍ਰੈਂਪਟਨ ਵਿੱਚ ਹੋ ਰਹੀ ਉਲੰਘਣਾ ਦੀਆਂ ਵਧ ਰਹੀਆਂ ਘਟਨਾਵਾਂ ਦੇ ਨਤੀਜੇ ਵਜੋਂ ਕੀਤੀ ਗਈ ਹੈ। 2022 ਵਿੱਚ ਨਿਯਮਾਂ ਦੀਆਂ ਉਲੰਘਣਾਵਾਂ ਦੀਆਂ 1,491 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ, ਜਦਕਿ 2018 ਵਿੱਚ ਇਹ ਗਿਣਤੀ ਕੇਵਲ 492 ਸੀ। ਇਸ ਨਾਲ ਸਿਟੀ ਦੇ ਅਧਿਕਾਰੀਆਂ ਨੂੰ ਇਹ ਸਖ਼ਤ ਕਦਮ ਚੁੱਕਣ ਦੀ ਲੋੜ ਮਹਿਸੂਸ ਹੋਈ।

ਜਨਰਲ ਮੈਨੇਜਰ ਜਤਿੰਦਰ ਸਿੰਘ ਬਰਾੜ ਨੇ ਕਿਹਾ ਕਿ ਸਰੀ ਵਾਸੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਗਸ਼ਤ ਵਧਾਈ ਜਾ ਰਹੀ ਹੈ। ਉਹ ਕਹਿੰਦੇ ਹਨ, “ਇਹ ਜ਼ਰੂਰੀ ਹੈ ਕਿ ਸਾਡਾ ਹਰ ਤਿਉਹਾਰ ਸੁਰੱਖਿਅਤ ਅਤੇ ਨਿਯਮਾਂ ਅਨੁਸਾਰ ਹੋਵੇ, ਤਾਂ ਜੋ ਸਾਡੇ ਸਾਰੇ ਵਸਨੀਕ ਸੁਰੱਖਿਅਤ ਰਹਿ ਸਕਣ।” ਉਨ੍ਹਾਂ ਕਿਹਾ ਜਿਹੜੇ ਲੋਕ ਗੈਰ-ਕਾਨੂੰਨੀ ਪਟਾਕਿਆਂ ਦੀ ਵਰਤੋਂ ਬਾਰੇ ਰਿਪੋਰਟ ਕਰਨਾ ਚਾਹੁੰਦੇ ਹਨ, ਉਹ ਸਰੀ ਬਾਈਲਾਅ ਟੀਮ ਨਾਲ 604-591-4370 'ਤੇ ਸੰਪਰਕ ਕਰ ਸਕਦੇ ਹਨ।

ਇਸ ਪ੍ਰਬੰਧ ਦੀ ਬਦੌਲਤ ਸਰੀ ਸਿਟੀ ਪ੍ਰਸ਼ਾਸਨ ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਹਰ ਜਸ਼ਨ ਸੁਰੱਖਿਅਤ ਅਤੇ ਨਿਯਮਾਂ ਦੇ ਅਨੁਸਾਰ ਹੋਵੇ। This report was written by Simranjit Singh as part of the Local Journalism Initiative.


HAPPY DIWALI & BANDI CHHOR DIVAS
SABZI MANDI SUPERMARKET
Serving our Community since 2003
OPENING SOON! KELOWNA LOCATION!
HOT PRICE FRESH ZUCCHINI 69¢ /lb
HOT PRICE FRESH (MOOLI) DAIKON 1.49 ea
HOT PRICE FRESH CILANTRO Bunch 2 for 1.29
HOT PRICE PEELED GARLIC 5lb Jar 11.99 ea
LEHAR GACHAK 400g 3.49 ea
UNBEATABLE DEAL
AMBAY BESAN ਅੰਬੇ ਬੇਸਣ 4lb 3.49 ea
AUSTRALIAN MANDARIN ORANGES 2.29 /lb
DANIMA COOKIES 400g 2.99 ea
US #1 POTATOES 10lb 3.99 ea
ALOKOZAY CANOLA OIL 3L 11.99 ea
ALMOND OIL 1L 12.99 ea
AASHIRVAAD MULTIGRAIN FLOUR 10lb 9.99 ea
AASHIRVAAD ATTA 20lb 14.99 ea
BC GREEN CABBAGE 69¢ /lb
GITS READY-TO-EAT 300g 2 for $6
ROSHNI MUSTARD OIL 200ml 1.49 ea
MERI CHAI TEA 216's 5.99 ea
ROSHNI BASMATI RICE 8lb 8.99 ea
JUMBO CARROTS 88¢ /lb
AAP KI PASAND COOKIES 2.5lb 5.99 ea
FRESH LIMES 3 for 99¢
AMBROSIA APPLES 99¢ /lb
BC GALA APPLES 99¢ /lb
SERRANO CHILLI 1.99 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. November 01, 2024 - Wed. November 06, 2024
American Express accepted at three locations.
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
You can also visit us online at www.sabzimandicanada.com